ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free



**ਵਿਸਾਖੀ ਮੁਬਾਰਕ**



ਖ਼ਾਲਸਾ ਪੰਥ ਦੇ ਸਾਜਨਾ ਦਿਵਸ ਦੀ ਲੱਖ-ਲੱਖ ਵਧਾਈ

13 ਅਪ੍ਰੈਲ, 1699
ਖ਼ਾਲਸਾ ਪੰਥ ਦਾ ਸਾਜਨਾ ਦਿਵਸ



ਸਾਲ : 9 ਅੰਕ : 4 Phone : 780 465 9118, 403 830 7007 : Fax: 780 465 0661, www.nawidunia.com E-mail: info@nawidunia.com ਅਪ੍ਰੈਲ (April) 2018






ਸਾਲਾਨਾ ਮਹਿੰਗਾਈ ਦਰ ਵਿਚ 2.2 ਪ੍ਰਤੀਸ਼ਤ ਦਾ ਵਾਧਾ
ਪੰਨਾ-3





ਕੈਪਟਨ ਸਰਕਾਰ ਕੋਲ ਧਮਕੀ ਦੇਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ!!
ਪੰਨਾ-7





ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗਦੀ ਲਲਕ - ਨਿਰੂਪਮਾ ਦੱਤ
ਪੰਨਾ-27





ਸੱਜਣ ਸਿੰਘ ਰੰਗਰੂਟ : ਤ੍ਰਾਸਦੀਆਂ ਦੀ ਲੁੱਟੀ ਜ਼ਮੀਨ 'ਤੇ ਬੇਆਸ ਲੋਕਾਂ ਨੂੰ ਸੁਣਾਈ ਜਾ ਰਹੀ ਕਹਾਣੀ
ਪੰਨਾ-46


## ਜੂਨੀਅਰ ਹਾਕੀ ਟੀਮ ਦੀ ਬੱਸ ਅਤੇ ਟਰਾਲੇ ਵਿਚਕਾਰ ਭਿਆਨਕ ਟੱਕਰ, 15 ਮੌਤਾਂ 14 ਜ਼ਖ਼ਮੀ

**ਐਡਮਿੰਟਨ (ਨਦਬ):** ਸਸਕੈਚਵਨ ਦੀ ਜੂਨੀਅਰ ਹਾਕੀ ਟੀਮ ਨੂੰ ਲੈ ਕੇ ਜਾ ਰਹੀ ਬੱਸ ਦੀ ਸ਼ਾਮ ਦੇ ਪੰਜ ਵਜੇ ਪੈਂਤੀ ਨੰਬਰ ਹਾਈਵੇ 'ਤੇ ਇੱਕ ਟਰਾਲੇ ਵਿਚਕਾਰ ਭਿਆਨਕ ਟੱਕਰ ਦੌਰਾਨ ਬੱਸ ਵਿਚ ਸਵਾਰ ਟੀਮ ਦੇ ਕੋਚਾਂ ਅਤੇ ਖਿਡਾਰੀਆਂ ਸਮੇਤ 15 ਵਿਅਕਤੀਆਂ ਦੀ ਮੌਤ ਹੋ ਗਈ 14 ਵਿਅਕਤੀ ਜਖ਼ਮੀ ਹੋ ਗਏ। ਇਹ ਭਿਆਨਕ ਸੜਕ ਹਾਦਸਾ ਟਿਸਡੇਲ ਤੋਂ ਤੀਹ ਕਿਲੋਮੀਟਰ ਦੂਰ ਉੱਤਰ ਦਿਸ਼ਾ ਵਿੱਚ ਹੋਇਆ। ਮਰਨ ਵਾਲਿਆਂ ਵਿੱਚ 42 ਸਾਲਾ ਮੁੱਖ ਕੋਚ ਡਾਰਸੀ ਹੌਗਨ, 20 ਲੋਗਨ ਸ਼ਾਟਜ਼, 20 ਸਾਲਾ ਜੈਕਸਨ ਜੋਜ਼ਿਫ, 16 ਸਾਲਾ ਐਡਮ ਹੈਰੋਲਡ, 29 ਸਾਲਾ ਟਾਇਲਰ ਬੀਬਰ, 21 ਸਾਲਾ,


*(ਬਾਕੀ ਸਫ਼ਾ 41 'ਤੇ)*


# ਐਡਮਿੰਟਨ ਸਿਟੀ 'ਤੇ ਲੱਗੇ 8.5 ਮਿਲੀਅਨ ਅਜ਼ਾਈਂ ਜ਼ਾਇਆ ਕਰਨ ਦੇ ਦੋਸ਼

**ਐਡਮਿੰਟਨ (ਨਦਬ):** ਸਿਟੀ ਅਧਿਕਾਰੀਆਂ 'ਤੇ ਬਿਲਡਿੰਗ ਪਰਮਿਟ ਅਰਜ਼ੀਆਂ ਨੂੰ ਆਨਲਾਈਨ ਕਰਨ ਦੀ ਅਸਫਲ ਕੋਸ਼ਿਸ਼ ਵਿਚ 8.5 ਮਿਲੀਅਨ ਡਾਲਰ ਅਜ਼ਾਈਂ ਜ਼ਾਇਆ ਕਰਨ ਦੇ ਦੋਸ਼ ਲੱਗੇ ਹਨ। ਇਹ ਕੋਸ਼ਿਸ਼ ਠੇਕੇਦਾਰਾਂ ਅਤੇ ਸਿਟੀ ਸਟਾਫ਼ ਦੇ ਵਿਚਕਾਰ ਹਿੱਤਾਂ ਦੇ ਟਕਰਾਅ ਨੂੰ ਲੈ ਕੇ ਮਾਮਲਿਆਂ ਦੀ ਖੋਜ ਕਰਨ ਲਈ ਕੀਤੀ ਗਈ ਸੀ। ਪਿਛਲੀਂ ਦਿਨੀਂ ਜਾਰੀ ਕੀਤੀ ਗਈ ਸਿਟੀ ਦੇ ਆਡੀਟਰ ਡੇਵਿਡ ਵਿਨ ਦੀ ਰਿਪੋਰਟ ਮੁਤਾਬਿਕ ਸਿਟੀ ਸਟਾਫ ਵੱਲੋਂ ਇਹਨਾਂ ਅਰਜ਼ੀਆਂ ਦੇ ਸਬੰਧ ਵਿੱਚ ਨਾ ਤਾਂ ਕਾਰਪੋਰੇਟ ਸਕਿਊਰਿਟੀ ਅਤੇ ਨਾ ਹੀ ਆਡੀਟਰ ਨੂੰ ਕੋਈ ਜਾਣਕਾਰੀ ਭੇਜੀ ਗਈ ਤੇ ਵਿਵਾਦਤ ਪ੍ਰੋਜੈਕਟਾਂ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਆਡੀਟਰ ਡੇਵਿਡ ਵੂਇਨ ਨੇ ਕਿਹਾ ਕਿ ਜਦੋਂ ਵੀ ਠੇਕੇਦਾਰਾਂ ਨਾਲ ਹਿੱਤਾਂ ਦੇ ਟਕਰਾਅ ਦਾ ਮਾਮਲਾ ਆਉਂਦਾ ਹੈ ਤਾਂ ਸਿਟੀ ਨੂੰ ਇਸ ਦਾ ਤੁਰੰਤ ਗੰਭੀਰ ਨੋਟਿਸ ਲੈਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਜਨਤਾ ਦੇ ਵਿਸ਼ਵਾਸ ਨੂੰ ਸੱਟ ਵੱਜਦੀ ਹੈ। ਉਨਾਂ ਕਿਹਾ ਕਿ ਮੇਰੀ ਟੀਮ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ। ਉਨਾਂ ਕਿਹਾ ਕਿ ਰਿਪੋਰਟ ਮੁਤਾਬਿਕ ਫੰਡਾਂ ਨੂਲੈ ਕੇ ਸਪੱਸ਼ਟਤਾ ਅਤੇ ਦੂਰਦ੍ਰਿਸ਼ਟੀ ਦੀ ਘਾਟ ਹੈ। ਰਾਖਵੇਂ ਖਰਚਿਆਂ ਨੂੰ ਲੈ ਕੇ ਉਚਿਤ ਕੰਟਰੋਲ ਨਹੀਂ



ਹੈ ਤੇ ਨਾ ਹੀ ਇਸ ਮਾਮਲੇ ਵਿੱਚ ਸੰਤੁਸ਼ਟੀਜਨਕ ਕਾਗਜ਼ੀ ਕਾਰਵਾਈ ਹੁੰਦੀ ਹੈ।

ਦੂਜੇ ਪਾਸੇ "ਦਾ ਕਨੇਡੀਅਨ ਹੋਮ ਬਿਲਡਰਜ਼ ਐਸੋਸੀਏਸ਼ਨ ਦੇ ਐਡਮਿੰਟਨ ਚੈਪਟਰ ਦੇ ਪ੍ਰਧਾਨ ਗ੍ਰੈਗ ਨਾਕਾਤੁਸਈ ਦਾ ਕਹਿਣਾ ਹੈ ਕਿ ਇਹ ਸਾਡਾ ਪੈਸਾ ਹੈ ਤੇ ਇਹ ਕਿਸੇ ਖ਼ਾਸ ਉਦੇਸ਼ ਲਈ ਜਮ੍ਹਾਂ ਕੀਤਾ ਗਿਆ ਸੀ।

ਵੂਇਨ ਦੀ ਰਿਪੋਰਟ ਛੇਤੀ ਹੀ ਸਿਟੀ ਕਾਊਂਸਲਜ਼ ਆਡਿਟ ਕਮੇਟੀ ਕੋਲ ਜਾਵੇਗੀ ਤੇ ਫਿਰ ਫੰਡਾਂ ਨੂੰ ਧਿਆਨ ਵਿੱਚ ਰੱਖ ਕੇ ਇਸਦਾ ਮੁਲਾਂਕਣ ਕੀਤਾ ਜਾਵੇਗਾ।

## ਨਵਜੋਤ ਸਿੰਘ ਸਿੱਧੂ ਨੇ ਮੰਨਿਆ ਕਿ ਮਾਈਨਿੰਗ 'ਚ ਸਾਰੀਆਂ ਪਾਰਟੀਆਂ ਦੇ ਆਗੂ ਸ਼ਾਮਲ

**ਚੰਡੀਗੜ੍ਹ (ਨਦਬ):** ਪੰਜਾਬ ਦੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਅੱਜ ਮੰਨਿਆ ਹੈ ਕਿ ਮਾਈਨਿੰਗ 'ਚ ਸਾਰੀਆਂ ਪਾਰਟੀਆਂ ਦੇ ਆਗੂ ਸ਼ਾਮਲ ਹਨ। ਨਵਜੋਤ ਸਿੱਧੂ ਨੂੰ ਜਦੋਂ ਗ਼ੈਰ-ਕਾਨੂੰਨੀ ਮਾਈਨਿੰਗ 'ਚ ਕਾਂਗਰਸੀ ਲੀਡਰਾਂ ਦੀ ਸ਼ਮੂਲੀਅਤ ਬਾਰੇ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਮਾਈਨਿੰਗ 'ਚ ਸਾਰੀਆਂ ਪਾਰਟੀਆਂ ਦੇ ਆਗੂ ਸ਼ਾਮਲ ਹਨ। ਉਹ ਕਾਂਗਰਸੀਆਂ ਦਾ ਸਿੱਧਾ ਨਾਮ ਲੈਣ ਤੋਂ ਬਚਦੇ ਨਜ਼ਰ ਆਏ।



ਸਿੱਧੂ ਨੇ ਕਿਹਾ ਕਿ ਗ਼ੈਰ-ਕਨੂੰਨੀ ਮਾਈਨਿੰਗ ਰੋਕਣ ਲਈ ਟਿੱਪਰਾਂ 'ਤੇ ਜੀ ਪੀ ਆਰ ਐਸ ਲਾਏ ਜਾਣਗੇ। ਉਨ੍ਹਾਂ ਕਿਹਾ ਕਿ ਚੰਗੀ ਮਾਈਨਿੰਗ ਨੀਤੀ ਵਾਲੇ ਸੂਬਿਆਂ ਦਾ ਦੌਰਾ ਕੀਤਾ ਜਾਵੇਗਾ। ਉਸ ਮੁਤਾਬਕ ਮਾਈਨਿੰਗ ਨੀਤੀ ਬਣਾਈ ਜਾਵੇਗੀ ਅਤੇ ਗ਼ੈਰ-ਕਾਨੂੰਨੀ ਮਾਈਨਿੰਗ ਜਲਦ ਹੀ ਖ਼ਤਮ ਹੋਏਗੀ। ਡੀਜੀਪੀਜ਼ ਦੀ ਲੜਾਈ ਬਾਰੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਜਾਂ ਗ੍ਰਹਿ ਵਿਭਾਗ ਦੇ ਸਕੱਤਰ ਹੀ ਇਹਦਾ ਜਵਾਬ ਦੇ ਸਕਦੇ ਹਨ।


ਕਿਸੇ ਪ੍ਰਕਾਰ ਦਾ ਨਵਾਂ ਜਾਂ ਪੁਰਾਣਾ ਘਰ ਖ਼੍ਰੀਦਣ ਜਾਂ ਵੇਚਣ ਲਈ ਭਰੋਸੇਯੋਗ ਅਤੇ ਇਮਾਨਦਾਰ ਸੇਵਾਵਾਂ ਲਈ ਸੰਪ੍ਰਕ ਕਰੋ

CONTACT TRUSTFUL REALTOR FOR PURCHASE OR SALE OF ANY RESIDENTIAL PROPERTY

DARSHAN SINGH GILL
REALTOR

PH: 780 708 3150 FAX: 780 450 6670
dgill@maxwellrealty.ca gill.psb@gmail.com
MaxWell POLARIS
4107-99 St. Edmonton, AB T6E 3N4 Ph 780 450 6300

Roof Trusses
Floor Systems
Lumber
Stairs
Tall Wall
Wall Panel
Floor Panel

ZyTech BUILDING SYSTEMS

Employment opportunities for : Forklift Operator, Lumber Stackers, Truss Builders and General Helpers.

ਨੌਕਰੀਆਂ : ਫੋਰਕਲਿਫਟ ਆਪ੍ਰੇਟਰਜ਼, ਲੰਬਰ ਸਟੈਕਰਸ, ਟਰੱਸ ਬਿਲਡਰਜ਼ ਅਤੇ ਜਨਰਲ ਹੈਲਪਰਜ਼

ਅਸੀਂ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਬਣਾਉਣ ਵਾਸਤੇ ਰੂਫ ਟਰੱਸਜ਼, ਫਲੋਰ ਸਿਸਟਮ, ਲੰਬਰ ਪੈਕੇਜ ਅਤੇ ਸਟੇਅਰਜ਼ ਸਪਲਾਈ ਕਰਦੇ ਹਾਂ, ਜ਼ਿਆਦਾ ਜਾਣਕਾਰੀ ਲਈ ਸਾਡੀ ਨੇੜੇ ਦੀ ਲੁਕੇਸ਼ਨ 'ਤੇ ਸੰਪਰਕ ਕਰੋ।

ਰਘੁਬੀਰ ਸਿੰਘ ਭੰਡਾਲ : 780-980-9192
ਜਸਪਾਲ ਸਿੰਘ ਭੰਡਾਲ :403-912-3232

BALZAC (CALGARY)
262029 Balzac Blvd
Balzac, AB T4B 2T3
Phone: 403-912-3232,
Fax: 403-226-8776
Please Contact : Jaspal Bhandal
jaspal@zytechtruss.com
HELP WANTED

Springbrook (Red Deer)
Hanger 3, 3800 Airport Drive,
Springbrook, AB T4S 0E2,
Phone 403-348-0095
Fax 403 348 0096
Email:rdsales@zytechtruss.com
HELP WANTED

Leduc (Edmonton)
3907 77th Ave
Leduc Alberta T9E 0B7
Phone : 780-980-9192
Fax : 780-980-9193
Please Contact:
Raghubir Bhandal
garry@zytechtruss.com
HELP WANTED

Saskatoon
Yard #5 Cory Place, RM of Corman Park, Martensville
Saskatoon
Tel : 306 477 3232
Fax : 306 477 3233
Email:rajeshn@zytechtruss.com
HELP WANTED

Excellent ED Drywall

Excellent Drywall Ltd.
Residential & Commercial
Best Service & Quality

Free Estimates for :
- Boarding
- Taping
- Textured Spray
- Knock Down

ਡਰਾਈਵਾਲ ਦਾ ਵਧੀਆ ਕੰਮ ਵਾਜਬ ਕੀਮਤਾਂ 'ਤੇ ਕਰਵਾਉਣ ਲਈ ਕੁਲਵਿੰਦਰ ਨਾਲ ਸੰਪਰਕ ਕਰੋ
Email : excellentdrywall@yahoo.ca
780-729-3344, 780-902-2221

LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation

Sarjan Luthra
B.Sc, L.L.B
Services in Hindi, Punjabi, Urdu & Arabic
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿਚ ਸੇਵਾਵਾਂ ਲਈ ਮਿਲੋ
SARJAN LUTHRA TEAM
Barrister, Solicitor & Notary Public
780-466-4660 Fax : 780-463-4205

Chanprit S. Baweja (Prince)
Ask about : Personal Services
BMO Bank of Montreal
- Best Rates
- First Time Homebuyers
- Pre Approvals
- New to Canada
- Self Employed
- Construction Mortgage

Home Financing expertise available at your convernience
780-862-7717
chanprit.baweja@bmo.com

ANOVA DRIVING SCHOOL
The World Belongs To Your Rear View Mirror
ਕਾਰ ਚਲਾਉਣੀ ਸਿੱਖੋ
Badan Sehrawat
- Class 7 Preparation
- Class 5 GDL Training
- Class 5 Full License
- Class 4 License
- Defensive Driving Course
- Insurance Reduction Certificate
- Basic & Advanced Road Test
- Experienced & Certified Trainers
- Car Available For Road Test
- Transportation Of Dangerous Goods

Phone : 780-709-6525
admin@anovacanada.com
www.anovacanada.com

3rd in CANADA for Century 21-2005
Century 21 Canada Masters
Hall of fame inductee
Sweg Deol
"Your Key Connection To Real Estate"
Sweg Deol
Please call for all your Commercial Real Estate Needs in Hotel, Motel, Apartments & Shopping Centers
Land Parcels Available in throughout Alberta
A.L.L. Stars Realty Ltd.,
312 Saddlebace Road, T6J 4R7
Century 21
Cell : (780) 951-9873 Bus: (780) 434-4700

- CRIMINAL LAW
- REAL ESTATE LAW
- IMMIGRATION LAW
- FAMILY LAW
- BUSINESS LAW
- WILLS AND ESTATES
- CIVIL LAW
- BUILDER'S LIEN

If arrested do not giveup your rights unless you speak to us.
We will fight tough for your rights.

VLG Lawyers*
Barristers, Solicitors & Notaries
Gurpreet Singh Gill*
Kevin E Moore*
Taranjeet K Virdee*
* An Association Of Independent Lawyers

Phone: 780-469-0045/46; Fax: 780-469-0096
Contact our team: #207, 9252 - 34 Ave. Edmonton, AB. T6E 5P2

FOR URGENT BAIL AND DEPORTATION MATTERS CALL US @ 780-982-6806 OR 780-288-1864

ADVANCED Roofing Systems Ltd.

RESIDENTIAL COMMERCIAL

Residential/Commercial Insurance Claims ▪ Asphalt & Specialty Shingles ▪ Siding, Soffits, Fascia ▪ 2 Ply Membranes (SBS) ▪ Cedar Shakes New & Re-Roof Specialists ▪ Condominums Welcome ▪ Steep Roofs Welcome Licenced & Insured ▪ Pine Shake Replacement ▪ Roof Top Snow removel ▪ FREE Estimates




5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365





Supreme Pizza
ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton
780 485 1213 or 780 485 1231

Try Us Tonight For Best Deal In Town
3 For 1
Any 3 Toppings 12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ
ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza ✪ Vegetarian ✪ Supreme Special ✪ Chicken Special ✪ The Pasta Niche



GROVER PROFESSIONAL ACCOUNTING & TAX SERVICES



*Neha Grover*

**Neha Grover**

- *Bookkeeping*
- *G.S.T.*
- *Payrolls*
- *Corporate & Professional Taxes*
- *E-files*

203, 3476 - 93 Street, Edmonton, AB, T6E 6A4
Tel: 780-465-7085 ; Fax: 780-465-7086
Email : groveraccounting@gmail.com



A-WIN Insurance

ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ

A-WIN: MAKING LIFE EASY

Who We Are
Western Canada's Biggest Brokers Team, designed to serve Canadians' with solutions for your personal and professional insurance needs.

When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

Quick Quotes When You Need Them

What we Offer
- Home/Auto Insurance
- RV Insurance
- Registry Services
- Life and Financial Services
- Mortgage Services
- Accounting Services
- Legal Services
- Travel Insurance
- Emergency Road Services
- Automobile Warranty Services
- Commercial Insurance
- D&O Coverage/ E&O Insurance
- A-WIN Rewards Program

What Our Customers Are Saying...

- ਕਾਰ ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ





ਅਸੀਂ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ 'ਚ ਗੱਲਬਾਤ ਕਰ ਸਕਦੇ ਹਾਂ
We Provide Service In English, Punjabi and Hindi

Discounts up to 60%

Payment Options available

Edmonton : 780-465-6900
Calgary : 403-775-2100



ADVANCE DRIVING SCHOOL LTD.
www.advancedrivingschool.ca



- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

2 Locations to Serve You!
9253-34A Ave Edmonton, AB
10211-100 Ave Fort Saskatchewan, AB
780 660 4090





ALPHA Tent Rentals
All Events Big or Small
We are in this Business Since 2001



Ladies Sangeet Jago Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ
Guaranteed Low Prices Open Seven Days a Week
Umrao Ghinger: 780 237 5556
www.alphatentrentals.com
Office: 780 490 5354




# ਸਾਲਾਨਾ ਮਹਿੰਗਾਈ ਦਰ ਵਿਚ 2.2 ਪ੍ਰਤੀਸ਼ਤ ਦਾ ਵਾਧਾ

**ਐਡਮਿੰਟਨ (ਨਦਬ)** : ਸਟੈਟਿਕਸ ਕਨੇਡਾ ਵਲੋਂ ਪਿਛਲੇ ਦਿਨੀਂ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਕ ਦੇਸ਼ ਵਿਚ ਸਲਾਨਾ ਮਹਿੰਗਾਈ ਦਰ ਲਗਾਤਾਰ ਵਧਦੀ ਜਾ ਰਹੀ ਹੈ। ਪਿਛਲੇ ਮਹੀਨੇ ਮਹਿੰਗਾਈ ਦਰ ਦੀ ਰਫ਼ਤਾਰ 2.2 ਪ੍ਰਤੀਸ਼ਤ ਸੀ ਜੋ ਕਿ 2014 ਤੋਂ ਲੈ ਕੇ ਹੁਣ ਤੱਕ ਸਭ ਤੋਂ ਵੱਧ ਹੈ। ਏਜੰਸੀ ਵਲੋਂ ਅੰਕੜਿਆਂ ਦੀ ਗਿਣਤੀ ਵਿਚ ਤਿੰਨ ਮਾਪਦੰਡਾਂ ਨੂੰ ਆਧਾਰ ਬਣਾਇਆ ਗਿਆ ਹੈ। ਪਹਿਲਾ ਗੈਸੋਲੀਨ ਵਰਗੀਆਂ ਚੀਜ਼ਾਂ ਜਿਹੜੀਆਂ ਕੀਮਤ ਦੇ ਮਾਮਲੇ ਵਿਚ ਪਰਿਵਰਤਣਸ਼ੀਲ ਹਨ, ਦੂਜਾ ਪਿਛਲੇ ਮਹੀਨੇ ਤੋਂ ਮਹਿੰਗਾਈ ਦਰ ਵਿਚ ਹੋ ਰਿਹਾ ਲਗਾਤਾਰ ਵਾਧਾ ਅਤੇ ਤੀਸਰਾ ਇਹ ਕਿ ਫਰਵਰੀ 2012 ਤੋਂ ਬਾਅਦ ਪਹਿਲੀ ਵਾਰ ਹੈ ਜਦੋਂ ਮਹਿੰਗਾਈ ਦਰ ਵਿਚ 2 ਪ੍ਰਤੀਸ਼ਤ ਤੋਂ ਵੱਧ ਵਾਧਾ ਦਰਜ ਕੀਤਾ ਗਿਆ ਹੈ।

ਦੱਸਣਾ ਬਣਦਾ ਹੈ ਕਿ ਬੈਂਕ ਆਫ਼ ਕਨੇਡਾ ਵਲੋਂ ਵਿਆਜ ਦਰਾਂ ਨੂੰ ਲੈ ਕੇ ਕੀਤੇ ਜਾਂਦੇ ਫੈਸਲਿਆਂ ਵਿਚ ਮਹਿੰਗਾਈ ਦਰ ਦੀ ਅਹਿਮ ਭੂਮਿਕਾ ਹੁੰਦੀ ਹੈ ਅਤੇ ਛੇਤੀ ਹੀ ਵਧੀ ਦਰ ਨੂੰ ਲੈ ਕੇ ਅਮਲੀ ਤੌਰ ’ਤੇ ਕਾਰਵਾਈ ਸ਼ੁਰੂ ਹੋ ਜਾਂਦੀ ਹੈ ਭਾਵੇਂ ਮਾਹਿਰ ਅਜੇ ਅੰਦਾਜ਼ੇ ਹੀ ਲਗਾ ਰਹੇ ਹੋਣ।




ਟੀਡੀ ਦੇ ਬੈਂਕ ਦੇ ਸੀਨੀਅਰ ਅਰਥ ਸਾਸ਼ਤਰੀ ਦਾ ਕਹਿਣਾ ਹੈ ਕਿ ਮਹਿੰਗਾਈ ਦਰ ਯਕੀਨੀ ਤੌਰ ’ਤੇ ਬੈਂਕ ਆਫ਼ ਕਨੇਡਾ ਦੀਆਂ ਵਿਕਾਸ ਦਰਾਂ ਨੂੰ ਪ੍ਰਭਾਵਤ ਕਰੇਗੀ। ਉਨ੍ਹਾਂ ਕਿਹਾ ਅੰਕੜਿਆਂ ਨੇ ਇਹ ਸੰਭਾਵਨਾਵਾਂ ਵਧਾ ਦਿੱਤੀਆਂ ਹਨ ਕਿ ਬੈਂਕ ਆਫ਼ ਕਨੇਡਾ ਛੇਤੀ ਹੀ ਕੋਈ ਕਦਮ ਚੁੱਕੇਗਾ।

ਸਟੈਟਿਕਸ ਕਨੇਡਾ ਦੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਗੈਸੋਲੀਨ ਦੀਆਂ ਕੀਮਤਾਂ ਵਿਚ ਸਾਲ ਦਰ ਸਾਲ ਵਾਧਾ ਹੁੰਦਾ ਰਿਹਾ ਹੈ ਜਿਹੜਾ ਕਿ ਫਰਵਰੀ ਵਿਚ ਚਰਮ ਸੀਮਾ ’ਤੇ ਸੀ ਇਸ ਨਾਲ ਦੂਜੀਆਂ ਚੀਜ਼ਾਂ ਵੀ ਮਹਿੰਗੀਆਂ ਹੋਈਆਂ ਹਨ ਜਿਵੇਂ ਕਿ ਹੋਟਲਾਂ ਵਿਚ ਖਾਣਾ ਤੇ ਕਿਰਾਏ ਭਾੜਿਆਂ ਵਿਚ ਵਾਧਾ ਆਦਿ। ਇਸ ਤੋਂ ਪਹਿਲਾਂ 2.2 ਪ੍ਰਤੀਸ਼ਤ ਵਾਧੇ ਦੀ ਮਹਿੰਗਾਈ ਦਰ ਅਕਤੂਬਰ 2014 ਵਿਚ ਸਾਹਮਣੇ ਆਈ ਸੀ।

ਸੀਆਈਬੀ ਦੇ ਮੁੱਖ ਅਰਥ ਸਾਸ਼ਤਰੀ ਅਵੇਰੀ ਸ਼ੈਨਫੈਲਡ ਦਾ ਕਹਿਣਾ ਹੈ ਕਿ ਮਹਿੰਗਾਈ ਦਰ ਮੁੜ ਤੋਂ ਪਰਤੀ ਹੈ ਪਰ ਅਜੇ ਤੱਕ ਇਹ ਡਰਾਵਣੀ ਨਹੀਂ ਇਸ ਤੋਂ ਵੱਧ ਮਹੱਤਵਪੂਰਨ ਇਹ ਹੈ ਕਿ ਬੈਂਕ ਆਫ਼ ਕਨੇਡਾ ਕੀ ਦੇਖਣਾ ਚਾਹੁੰਦਾ ਹੈ।

ਦੂਜੇ ਪਾਸੇ ਕੇਂਦਰੀ ਬੈਂਕ ਨੇ ਮੁੜ ਦੋਹਰਾਇਆ ਹੈ ਕਿ ਇਨ੍ਹਾਂ ਸਮਿਆਂ ਵਿਚ ਵਿਆਜ ਦਰਾਂ ਵਿਚ ਵਾਧਾ ਜ਼ਰੂਰੀ ਹੈ। ਹਾਲਾਂਕਿ ਬੈਂਕ ਵਲੋਂ ਅਗਲੀ ਰਣਨੀਤੀ ਸਬੰਧੀ ਜਾਣਕਾਰੀ 18 ਅਪ੍ਰੈਲ ਨੂੰ ਦਿੱਤੀ ਜਾਵੇਗੀ।

# ਅਲਬਰਟਾ ਦੀ ਈਐਮਐਸ ਪ੍ਰਣਾਲੀ ਵਿਚ ਸੁਧਾਰਾਂ ਦੀ ਲੋੜ




**ਐਡਮਿੰਟਨ (ਨਦਬ)** : ਹੈਲਥ ਸਾਇੰਸਜ਼ ਐਸੋਸੀਏਸ਼ਨ ਆਫ਼ ਅਲਬਰਟਾ ਯੂਨੀਅਨ ਦੇ ਆਗੂਆਂ ਦਾ ਕਹਿਣਾ ਹੈ ਕਿ ਅੰਕੜੇ ਸਾਬਤ ਕਰਦੇ ਹਨ ਕਿ ਅਲਬਰਟਾ ਵਿਚ ਜ਼ਰੂਰਤ ਅਨੁਸਾਰ ਐਂਬੂਲੈਂਸ ਅਤੇ ਪੈਰਾ ਮੈਡੀਕਲ ਸੁਵਿਧਾਵਾਂ ਨਹੀਂ ਹਨ।

ਹੈਲਥ ਸਾਇੰਸਜ਼ ਐਸੋਸੀਏਸ਼ਨ ਆਫ਼ ਅਲਬਰਟਾ ਦੇ ਪ੍ਰਧਾਨ ਮਾਈਕ ਪਾਰਕਰ ਦਾ ਕਹਿਣਾ ਹੈ ਕਿ ਅਲਬਰਟਾ ਦਾ ਐਮਰਜੈਂਸੀ ਮੈਡੀਕਲ ਸਰਵਿਸ ਸਿਸਟਮ ਠੱਪ ਹੋ ਚੁੱਕਿਆ ਹੈ। ਮੰਗ ਅਨੁਸਾਰ ਇਹ ਬਿਲਕੁਲ ਪੂਰਾ ਨਹੀਂ ਉੱਤਰ ਰਿਹਾ ਜਿਸ ਕਾਰਨ ਹਾਦਸੇ ਵਾਪਰ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਪੰਜ ਸਾਲਾਂ ਵਿਚ ਐਮਰਜੈਂਸੀ ਲਈ ਆਉਣ ਵਾਲੀਆਂ ਕਾਲਾਂ ਵਿਚ 19 ਪ੍ਰਤੀਸ਼ਤ ਦਾ ਤੇ ਸੂਬੇ ਦੀ ਜਨਸੰਖਿਆ ਵਿਚ 13 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਜਦੋਂ ਕਿ ਪੈਰਾ ਮੈਡੀਕਲ ਸੁਵਿਧਾਵਾਂ ਵਿਚ ਸਿਰਫ਼ ਤਿੰਨ ਪ੍ਰਤੀਸ਼ਤ ਦਾ ਹੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਦਰਮਿਆਨ ਸੂਬੇ ਵਲੋਂ ਸਿਰਫ਼ ਨੌ ਐਂਬੂਲੈਂਸਾਂ ਵਿਚ ਹੀ ਵਾਧਾ ਕੀਤਾ ਗਿਆ ਹੈ ਜਦੋਂਕਿ ਇਸ ਮਾਮਲੇ ਵਿਚ ਸਾਨੂੰ ਬਹੁਤ ਸਾਰੇ ਸੋਮਿਆਂ ਦੀ ਜ਼ਰੂਰਤ ਹੈ। ਮੰਗ ਦੇ ਹਿਸਾਬ ਨਾਲ 50 ਐਂਬੂਲੈਂਸਾਂ ਦੀ ਤੁਰੰਤ ਜ਼ਰੂਰਤ ਹੈ। ਸੋਮਿਆਂ ਦੀ ਘਾਟਾਂ ਦਾ ਨਤੀਜਾ ਇਹ ਸਾਹਮਣੇ ਆ ਰਿਹਾ ਹੈ ਕਿ ਅਲਬਰਟਾ ਦੇ ਨਾਗਰਿਕਾਂ ਨੂੰ ਸਿਹਤ ਦੇ ਮਾਮਲੇ ਵਿਚ ਜ਼ਿਆਦਾ ਦੁੱਖ ਝੱਲਣਾ ਪੈਂਦਾ ਹੈ ਤੇ ਇਲਾਜ ਕਰਵਾਉਣ ਲਈ ਮਰੀਜ਼ਾਂ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਪੈਰਾਮੈਡੀਕਲ ਸਟਾਫ਼ ਨੂੰ ਵੀ ਕੰਮ ਦੇ ਬੋਝ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਹਾਲਾਤ ਅੱਜ ਤੋਂ ਨਹੀਂ ਸਗੋਂ ਪਿਛਲੇ ਦਸ ਸਾਲਾਂ ਤੋਂ ਅਲਬਰਟਾ ਹੈਲਥ ਸਿਸਟਮ ਹਾਲਤਾਂ ਨਾਲ ਨਜਿੱਠਣ ਵਿਚ ਨਾਕਾਮਯਾਬ ਰਿਹਾ ਹੈ।

ਪੈਰਾ ਮੈਡੀਕਲ ਦੇ ਸੀਨੀਅਰ ਅਧਿਕਾਰੀ ਡੈਰਨ ਸੈਂਡਬੈਕ ਦਾ ਕਹਿਣਾ ਹੈ ਕਿ ਸਾਡੇ ਲਈ ਇਹ ਚੁਣੌਤੀ ਭਰਿਆ ਸਮਾਂ ਹੈ ਪਰ ਫੇਰ ਵੀ ਅਸੀਂ ਇਸ ਨਾਲ ਨਜਿੱਠਣ ਦੀ ਕੋਸ਼ਿਸ਼ ਕਰ ਰਹੇ ਹਾਂ। ਸੋਚਣ ਵਾਲੀ ਗੱਲ ਇਹ ਹੈ ਕਿ ਜਿਹੜੀ ਸਰਕਾਰ ਦੁਨੀਆ ’ਚ ਨਾਗਰਿਕਾਂ ਦੇ ਅਧਿਕਾਰਾਂ ਦੀ ਝੰਡਾ ਬਰਦਾਰ ਬਣੀ ਹੋਈ ਹੈ, ਉਥੇ ਨਾਗਰਿਕਾਂ ਨੂੰ ਐਮਰਜੈਂਸੀ ਮੈਡੀਕਲ ਸੁਵਿਧਾਵਾਂ ਤੱਕ ਨਹੀਂ ਮਿਲ ਰਹੀਆਂ, ਜਿਹੜੀਆਂ ਕਿ ਨਾਗਰਿਕਾਂ ਨੂੰ ਮਿਲਣੀਆਂ ਚਾਹੀਦੀਆਂ ਹਨ।

EmbroidMe®
ਕਾਰੋਬਾਰ ਦੇ ਪ੍ਰਚਾਰ ’ਚ ਤੁਹਾਡੇ ਦੋਸਤ!
your promotional marketing partner
• sports team apparel
• business and corporate branding
• promotional products
• thousands of products available
ਆਪਣੇ ਬਰੈਂਡ ਪ੍ਰਮੋਸ਼ਨ ਅਤੇ ਪ੍ਰਚਾਰ ਨਾਲ ਸਬੰਧਤ ਹਰੇਕ ਤਰ੍ਹਾਂ ਦੀਆਂ ਵਸਤਾਂ ਲਈ ਅੱਜ ਹੀ ਸੰਪਰਕ ਕਰੋ


780.328.2020 | 5017-52 Ave, Beaumont
EmbroidMe-EdmontonSE.com
more than just embroidery

Services Provided
We also do Braces
Cosmetic and Preventive Dentistry including:
> Check Ups and Cleanings
> Fillings
> TMJ
> Implants
> Teeth Whitening
> Teeth Straightening-Invisalign
> Sports and Night Gaurds
> Crowns and Bridges
> Partial and Full Dentures
> Wisdom Teeth Extractions
> Root Canal Therapy
Open 7 days a week including evenings and weekends !
Clinic Hours:
- Mondays and Wednesdays 12-8
- Tuesdays and Thursdays 9-8
- Fridays 9-5
- Saturdays and Sundays 9-4
Maple DENTALCLINIC
ਦੰਦਾਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਲਈ ਫ਼ੋਨ ਕਰੋ
ਤੁਹਾਡਾ ਬਿਲ ਸਿੱਧਾ ਇੰਸ਼ੋਰੈਂਸ ਕੰਪਨੀ ਨੂੰ ਭੇਜ ਸਕਦੇ ਹਾਂ।

Dr. Amritpal Singh
Accepting New Patients
Appointments @
780-440-5001
4444-36 Ave NW Edmonton, AB T6L 3S1

Dr. Sandeep Dhaliwal

# 8.8 ਬਿਲੀਅਨ ਡਾਲਰ ਦੇ ਘਾਟੇ ਵਾਲਾ ਅਲਬਰਟਾ ਬਜਟ ਪੇਸ਼

- ਸੰਤੁਲਿਤ ਬਜਟ ਅਗਲੇ ਪੰਜ ਸਾਲਾਂ ਤੱਕ : ਜੋ ਸੀਸੀ
- ਅਗਲੇ ਪੰਜ ਸਾਲਾਂ ਤੱਕ ਸੰਤੁਲਿਤ ਬਜਟ ਦੀ ਪੇਸ਼ੀਨਗੋਈ
- ਤੇਲ ਪਾਈਪਲਾਈਨ ਦੇ ਪਾਸਾਰ ਤੇ ਕਾਰਬਨ ਟੈਕਸ ਤੋਂ ਆਮਦਨ 'ਤੇ ਸੁੱਟੀਆਂ ਡੋਰਾਂ
- ਐਡਮਿੰਟਨ ਤੇ ਕੈਲਗਰੀ ਦੇ ਵਿਕਾਸ ਪ੍ਰਾਜੈਕਟਾਂ ਵਾਸਤੇ ਵਿਸ਼ੇਸ਼ ਫੰਡ ਮੁਹੱਈਆ ਕਰਵਾਏ ਜਾਣਗੇ
- 20 ਨਵੇਂ ਸਕੂਲ ਬਣਾਏ ਜਾਣਗੇ ਅਤੇ ਅਲਬਰਟਾ ਯੂਨੀਵਰਸਿਟੀ ਨੂੰ ਵਿਸ਼ੇਸ਼ ਗਰਾਂਟ
- ਸਕੂਲਾਂ ਵਿਚ ਵਿਦਿਆਰਥੀਆਂ ਲਈ ਲੰਚ ਪ੍ਰੋਗਰਾਮ ਵਿਚ ਵਾਧਾ
- ਸਸਤੇ ਘਰਾਂ ਲਈ 9 ਨਵੇਂ ਪ੍ਰਾਜੈਕਟ ਆਰੰਭ ਹੋਣਗੇ
- ਐਲ ਆਰ ਟੀ ਸਹੂਲਤ ਵਿਚ ਵਾਧੇ ਲਈ ਫੰਡਿੰਗ

**ਅਲਬਰਟਾ, (ਨਦਬ) :** ਅਲਬਰਟਾ ਸਰਕਾਰ ਵੱਲੋਂ ਬਜਟ ਪੇਸ਼ ਕਰਦਿਆਂ ਵਿੱਤ ਮੰਤਰੀ ਜੋ ਸੀਸੀ ਨੇ ਕਿਹਾ ਕਿ ਅਗਲੇ ਪੰਜ ਸਾਲਾਂ ਦੌਰਾਨ ਆਪਣਾ ਬਜਟ ਸੰਤੁਲਿਤ ਬਣਾਉਣ ਲਈ ਟੀਚੇ ਮਿੱਥ ਲਏ ਗਏ ਹਨ, ਜਿਨਾਂ ਤਹਿਤ ਆਉਣ ਵਾਲੇ ਸਾਲ ਦੌਰਾਨ ਵਿੱਤੀ ਘਾਟਾ 9 ਬਿਲੀਅਨ ਡਾਲਰ ਤੋਂ ਹੇਠਾਂ ਲਿਆਉਣਾ ਵੀ ਸ਼ਾਮਲ ਹੈ ਪਰ ਇਸ ਦਾ ਬਲਿਊਪ੍ਰਿੰਟ ਜ਼ਾਹਰਾ ਤੌਰ 'ਤੇ ਹਾਲੇ ਉਸਾਰੀ ਨਾ ਜਾ ਸਕੀ ਪਾਈਪਲਾਈਨ ਦੀ ਸਮਰੱਥਾ ਅਤੇ ਫੈਡਰਲ ਸਰਕਾਰ ਵੱਲੋਂ ਕਾਰਬਨ ਟੈਕਸ ਵਿਚ 2021 ਤੋਂ ਕੀਤੇ ਜਾਣ ਵਾਧੇ ਤੋਂ ਹੋਣ ਵਾਲੀ ਆਮਦਨ 'ਤੇ ਨਿਰਭਰ ਕਰਦਾ ਹੈ।

ਵਿਧਾਨ ਸਭਾ ਵਿਚ ਪੇਸ਼ ਕੀਤੇ ਗਏ ਸਾਲ 2018-19 ਦੇ ਬਜਟ 'ਚ ਕਿਹਾ ਗਿਆ ਹੈ ਕਿ ਇਸ ਸਾਲ ਕੁੱਲ ਕਰਜ਼ਾ 54 ਬਿਲੀਅਨ ਡਾਲਰ ਦਾ ਅੰਕੜਾ ਪਾਰ ਕਰ ਲਵੇਗਾ ਅਤੇ ਇਹ ਕਰਜ਼ਾ 2023-24 ਤੱਕ ਅਲਬਰਟਾ ਦੇ ਵਿੱਤੀ ਖਰਚੇ ਤੋਂ ਮੁਕਤ ਹੋਣ ਦੇ ਮਿੱਥੇ ਗਏ ਸਮੇਂ ਤੱਕ 96 ਬਿਲੀਅਨ ਡਾਲਰ ਦੇ ਅੰਕੜੇ ਨੂੰ ਪਾਰ ਕਰ ਜਾਵੇਗਾ, ਜਦੋਂ ਸਰਕਾਰ ਨੇ 700 ਮਿਲੀਅਨ ਡਾਲਰ ਸਰਪਲੱਸ ਹੋਣ ਦੀ ਭਵਿੱਖਬਾਣੀ ਕੀਤੀ ਹੈ। ਬਜਟ ਬਾਰੇ ਜਾਣਕਾਰੀ ਦਿੰਦਿਆਂ ਅਲਬਰਟਾ ਦੇ ਵਿੱਤ ਮੰਤਰੀ ਜੋਏ ਸੇਸੀ ਨੇ ਕਿਹਾ ਕਿ, "ਇਹੀ ਗੱਲ ਹੈ ਜੋ ਇਹ ਯਕੀਨੀ ਬਣਾਏਗੀ ਕਿ ਅਸੀਂ ਮਹੱਤਵਪੂਰਨ ਪ੍ਰੋਗਰਾਮਾਂ ਅਤੇ ਸੇਵਾਵਾਂ ਤੋਂ ਬਗੈਰ ਹੋਰ ਕੁਝ ਨਹੀਂ ਕੀਤਾ, ਜਿਨਾਂ 'ਤੇ ਅਲਬਰਟਾ ਵਾਸੀਆਂ ਨੂੰ ਭਰੋਸਾ ਹੈ।"

ਓਧਰ ਵਿਰੋਧੀ ਧਿਰ ਯੂਨਾਈਟਿਡ ਕੰਜ਼ਰਵੇਟਿਵ ਪਾਰਟੀ ਦੇ ਆਗੂ ਜੇਸਨ ਕੇਨੀ ਨੇ ਵਿੱਤੀ ਯੋਜਨਾ ਨੂੰ ਲਾਪਰਵਾਹੀ ਵਾਲੀ ਅਤੇ ਵਿਸ਼ੇਸ਼ ਤੌਰ 'ਤੇ ਸੱਚਾਈ ਤੋਂ ਕੋਹਾਂ ਦੂਰ ਕਰਾਰ ਦਿੱਤਾ ਹੈ ਕਿਉਂਕਿ ਇਹ ਯੋਜਨਾ ਵੱਡੇ ਤੌਰ 'ਤੇ ਟਰਾਂਸ ਮਾਊਂਟੇਨ ਪਾਈਪਲਾਈਨ ਦੇ ਪਸਾਰ 'ਤੇ ਨਿਰਭਰ ਕਰਦੀ ਹੈ ਅਤੇ ਇਹ ਭਵਿੱਖਬਾਣੀ ਵੀ ਕਰਦੀ ਹੈ ਕਿ ਵਿਅਕਤੀਗਤ ਤੇ ਕਾਰਪੋਰੇਟ ਆਮਦਨ ਕਰਾਂ ਵਿਚ ਭਾਰੀ ਵਾਧਾ ਕੀਤਾ ਜਾਣ ਵਾਲਾ ਹੈ।

ਉਧਰ ਐੱਨ ਡੀ ਪੀ ਸਰਕਾਰ ਦਾ ਕਹਿਣਾ ਹੈ ਕਿ ਉਹ ਅਲਬਰਟਾ ਵਾਸੀਆਂ ਨਾਲ ਲਗਾਤਾਰ ਸੰਪਰਕ ਰੱਖ ਰਹੀ ਹੈ। ਸਰਕਾਰ ਵੱਲੋਂ ਕੈਪੀਟਲ ਪ੍ਰਾਜੈਕਟਾਂ, ਜਿਵੇਂ ਪੁਲਾਂ, ਹਸਪਤਾਲਾਂ, ਸਕੂਲਾਂ ਅਤੇ ਪਬਲਿਕ ਸੈਕਟਰ 'ਚ ਰੁਜ਼ਗਾਰ ਲਈ ਉਤਸ਼ਾਹਜਨਕ ਖਰਚੇ ਕੀਤੇ ਗਏ ਹਨ ਭਾਵੇਂ ਕਿ ਤੇਲ ਕੀਮਤਾਂ ਵਿਚ ਆਈ



ਗਿਰਾਵਟ ਕਾਰਨ ਮੰਦੀ ਵਾਲਾ ਦੌਰ ਰਿਹਾ।

ਸਰਕਾਰ ਦਾ ਦਾਅਵਾ ਹੈ ਕਿ ਸੂਬਾ ਮਾੜੀ ਸਥਿਤੀ ਵਿਚੋਂ ਬਾਹਰ ਨਿਕਲ ਆਇਆ ਹੈ ਅਤੇ ਉਧਾਰ ਰੇਟਿੰਗ ਏਜੰਸੀਆਂ ਦੇ ਦਬਾਅ ਤੋਂ ਬਾਅਦ-ਹੁਣ ਸਮਾਂ ਹੈ ਕਿ 2023-24 ਤੱਕ ਵਿੱਤੀ ਘਾਟੇ ਨੂੰ ਖਤਮ ਕਰਨ ਲਈ ਅੱਗੇ ਵੱਲ ਵਧਿਆ ਜਾਵੇ। ਪਿਛਲੇ ਸਾਲ ਸੂਬੇ ਦਾ ਵਿੱਤੀ ਘਾਟਾ ਪਿਛਲੇ ਸਾਲ 10.7 ਬਿਲੀਅਨ ਦੇ ਮੁਕਾਬਲੇ 2018-19 ਦੇ ਵਿੱਤੀ ਸਾਲ ਦੌਰਾਨ ਇਸ ਵਿੱਤੀ ਘਾਟੇ ਨੂੰ 8.8 ਬਿਲੀਅਨ ਡਾਲਰ ਤੱਕ ਲਿਆਉਣ ਦਾ ਅਨੁਮਾਨ ਹੈ ਜੋ ਪਿਛਲੇ ਅਨੁਮਾਨਤ ਘਾਟੇ ਨਾਲੋਂ 1.5 ਬਿਲੀਅਨ ਡਾਲਰ ਘੱਟ ਹੈ।

ਐੱਨ ਡੀ ਪੀ ਸਰਕਾਰ ਵਲੋਂ ਪ੍ਰਾਜੈਕਟਾਂ ਦੀ ਉਸਾਰੀ ਦੀ ਰਫ਼ਤਾਰ ਹੌਲੀ ਨੂੰ ਹੌਲੀ ਕਰਨ ਪਰ ਸਮਾਜਕ ਸੇਵਾਵਾਂ ਜ਼ਾਰੀ ਰੱਖਣ ਦੇ ਨਾਲ ਸਕੂਲ ਲੰਚ ਪ੍ਰੋਗਰਾਮ ਨੂੰ ਵਧਾ ਕੇ 30,000 ਤੋਂ 50,000 ਵਿਦਿਆਰਥੀ ਕਰਨਾ ਸ਼ਾਮਲ ਹੈ। ਅਲਬਰਟਾ ਨੇ ਆਪਣੇ ਬਜਟ ਦਸਤਾਵੇਜ਼ਾਂ ਅਨੁਸਾਰ 'ਫੈਡਰਲ ਸਰਕਾਰ ਵੱਲੋਂ ਪ੍ਰਸਤਾਵਤ ਕਾਰਬਨ ਕੀਮਤ ਨਾਲ ਟਰਾਂਸ ਮਾਊਂਟੇਨ ਪਾਈਪਲਾਈਨ ਦੀ ਉਸਾਰੀ ਹੋ ਜਾਵੇਗੀ। ਵਿੱਤ ਮੰਤਰੀ ਸੀਸੀ ਨੇ ਕਿਹਾ ਕਿ ਕਾਰਬਨ ਟੈਕਸ ਮਾਲੀਆ ਸਾਡੀ ਅਧਾਰ ਰੇਖਾ ਨੂੰ ਸੁਧਾਰਨ ਵਿੱਚ ਮਦਦ ਕਰੇਗਾ।

2018 ਦੇ ਬਜਟ ਵਿੱਚ 20 ਨਵੇਂ ਸਕੂਲਾਂ 'ਤੇ ਤਕਰੀਬਨ 393 ਮਿਲੀਅਨ ਡਾਲਰ ਖਰਚੇ ਜਾਣਗੇ ਇਨ੍ਹਾਂ ਵਿੱਚੋਂ ਦੱਖਣੀ ਐਡਮਿੰਟਨ ਵਿੱਚ ਇਕ ਸਕੂਲ ਬਾਰੇ ਪਹਿਲਾਂ ਹੀ ਐਲਾਨ ਕੀਤਾ ਗਿਆ ਸੀ। ਨਵੇਂ ਬਣਨ ਵਾਲੇ ਬਾਕੀ ਸਕੂਲਾਂ ਦੇ ਪਤੇ ਛੇਤੀ ਹੀ ਜਨਤਕ ਕਰ ਦਿੱਤੀਆਂ ਜਾਣਗੇ। ਯੂਨੀਵਰਸਿਟੀ ਆਫ ਅਲਬਰਟਾ ਨੂੰ ਆਪਣੇ ਅਨਰਜੀ ਸਿਸਟਮ ਨੂੰ ਅਪਗ੍ਰੇਡ ਕਰਨ ਲਈ 30 ਮਿਲੀਅਨ ਡਾਲਰ ਦਿੱਤੇ ਗਏ ਹਨ। ਇਸ ਲਈ ਯੂਨੀਵਰਸਿਟੀ ਹੁਣ ਆਪਣੇ ਕੈਂਪਸ ਦੀ ਬਿਜਲੀ ਪ੍ਰਣਾਲੀ ਸਮਰੱਥਾ ਨੂੰ ਵਧਾ ਸਕਦੀ ਹੈ। ਯੂਨੀਵਰਸਿਟੀ ਦੀ ਡੈਂਟਿਸਰੀ ਤੇ ਫਾਰਮੇਸੀ ਨੂੰ ਇਸ ਸਾਲ ਆਪਣੇ ਕਾਰਜਾਤਮਕ ਨਵੀਨੀਕਰਨ ਲਈ 52 ਮਿਲੀਅਨ ਡਾਲਰ ਮਿਲੇ ਹਨ। ਫੋਰਟ ਮੈਕਮਰੀ ਦੇ ਕੇਆਨੋ ਕਾਲਜ ਨੂੰ ਕੈਂਪਸ ਅਪਗ੍ਰੇਡ ਕਰਨ ਲਈ 8 ਮਿਲੀਅਨ ਡਾਲਰ ਮਿਲਣਗੇ।

**ਐਲ ਆਰ ਟੀ ਫੰਡਿੰਗ :** ਸੂਬਾ ਸਰਕਾਰ ਨੇ ਅਗਲੇ ਦਸ ਸਾਲਾਂ ਵਾਸਤੇ ਲਾਈਟ ਰੇਲ ਟਰਾਂਜਿਟ ਲਈ ਤਿੰਨ ਬਿਲੀਅਨ ਡਾਲਰ ਦੇਣ ਦਾ ਵਾਅਦਾ ਕੀਤਾ ਹੈ।

**ਸਿਹਤ :** ਬਜਟ 'ਚ ਐਡਮਿੰਟਨ ਹੈਲਥ ਕੇਅਰ ਸਹੂਲਤਾਂ ਲਈ ਇਸ ਸਾਲ ਕਈ ਮਿਲੀਅਨ ਡਾਲਰ ਰੱਖੇ ਗਏ ਹਨ। 13 ਮਿਲੀਅਨ ਡਾਲਰ ਮਿਸੇਰੀਕੋਰਡੀਆ ਕਮਿਊਨਿਟੀ ਹਸਪਤਾਲ ਦੇ ਆਧੁਨਿਕੀਕਰਨ ਪ੍ਰੋਗਰਾਮ ਵਾਸਤੇ 13 ਮਿਲੀਅਨ ਡਾਲਰ, ਰਾਇਲ ਅਲੈਗਜ਼ੈਂਡਰਾ ਹਸਪਤਾਲ ਵਿਖੇ ਨਵੀਂ ਚਾਈਲਡ ਐਂਡ ਐਡੋਲਸੈਂਟ ਮੈਂਟਲ ਹੈਲਥ ਬਿਲਡਿੰਗ ਲਈ 15 ਮਿਲੀਅਨ ਡਾਲਰ ਅਤੇ 6 ਮਿਲੀਅਨ ਸਟੋਲਰੀ ਚਿਲਡਰਨ ਹਸਪਤਾਲ ਦੇ ਕ੍ਰਿਟੀਕਲ ਕੇਅਰ ਪ੍ਰੋਗਰਾਮ ਲਈ ਹਨ।

**ਪਬਲਿਕ ਸੇਫਟੀ :** ਐਡਮਿੰਟਨ ਨੂੰ ਇਸ ਸਾਲ ਕੈਲਗਰੀ ਤੇ ਲੇਥਬਰਿਜ ਦੇ ਨਾਲ ਕੋਰਟ ਹਾਊਸ ਅਪਗਰੇਡ ਰੈੱਡ ਡੀਅਰ ਜਸਟਿਸ ਸੈਂਟਰ ਨੂੰ ਫੰਡ ਵਜੋਂ 5 ਮਿਲੀਅਨ ਡਾਲਰ ਪ੍ਰਾਪਤ ਹੋਣਗੇ।

(ਬਾਕੀ ਸਫਾ 41 'ਤੇ)



# ਜੌਬਾਂ ਵਧੀਆਂ, ਘਾਟਾ ਘਟਿਆ

## ਵਿੱਤ ਮੰਤਰੀ ਨੇ ਸੁਨਿਹਿਰੀ ਭਵਿੱਖ ਵੱਲ ਕੀਤਾ ਸੰਕੇਤ



ਐਡਮਿੰਟਨ-ਨਦਬ: ਪਿਛਲੇ ਕੁਝ ਸਮੇਂ ਤੋਂ ਦੁਨੀਆ ਮੰਦਵਾੜੇ ਦੀ ਲਪੇਟ ਵਿਚ ਆਈ ਹੋਈ ਹੈ। ਪਰ ਕੁਝ ਇਲਾਕੇ ਅਜਿਹੇ ਹਨ ਜਿਹੜੇ ਇਸ ਜਕੜ ਵਿਚੋਂ ਹੌਲੀ ਹੌਲੀ ਬਾਹਰ ਨਿੱਕਲ ਰਹੇ ਹਨ। ਅਲਬਰਟਾ ਅਜਿਹਾ ਹੀ ਸੂਬਾ ਹੈ। ਸੂਬੇ ਦੇ ਨਵੇਂ ਵਿੱਤੀ ਵੇਰਵੇ ਇਸ ਗੱਲ ਦੀ ਭਵਿੱਖਬਾਣੀ ਕਰਦੇ ਹਨ ਕਿ ਆਉਣ ਵਾਲੇ ਦਿਨ ਸੁਨਿਹਿਰੇ ਹੋਣਗੇ। ਦੱਸਣਾ ਬਣਦਾ ਹੈ ਕਿ ਨਵੇਂ ਵੇਰਵਿਆਂ ਮੁਤਾਬਕ ਅਲਬਰਟਾ ਦੇ ਵਿੱਤੀ ਘਾਟੇ ਵਿਚ 1.4 ਅਰਬ ਦੀ ਕਮੀ ਆਈ ਹੈ। ਵਿੱਤ ਮੰਤਰੀ ਜੋਏ ਸੇਸੀ ਨੇ ਤਿੰਨ ਚੌਥਾਈ ਦੇ ਅੰਕੜੇ ਪੇਸ਼ ਕਰਦਿਆਂ ਪ੍ਰਵਾਨ ਕੀਤਾ ਕਿ ਭਾਵੇਂ ਸੂਬਾ ਅਜੇ ਪੂਰੀ ਤਰ੍ਹਾਂ ਮੰਦਵਾੜੇ ਦੀ ਲਪੇਟ ਵਿਚੋਂ ਨਹੀਂ ਨਿੱਕਲਿਆ ਪਰ ਸਾਡੇ ਕੋਲ ਹਾਲੇ ਵੀ ਬਿਹਤਰ ਬਦਲ ਹਨ।

ਪਿਛਲੇ ਦਿਨੀਂ ਕੀਤੇ ਗਏ ਵਿਸ਼ਲੇਸ਼ਣ ਅਨੁਸਾਰ 2017-18 ਦੀ ਕੁੱਲ ਘਰੇਲੂ ਉਤਪਾਦ (ਜੀਡੀਪੀ) ਵਿਕਾਸ ਦਰ 2014 ਤੋਂ 4.5 ਪ੍ਰਤੀਸ਼ਤ ਜ਼ਿਆਦਾ ਹੈ। ਉਮੀਦ ਕੀਤੀ ਜਾ ਰਹੀ ਹੈ ਕਿ 2018 ਦੌਰਾਨ ਇਸ ਵਿਚ 2.8 ਪ੍ਰਤੀਸ਼ਤ ਦਾ ਹੋਰ ਵਾਧਾ ਹੋਵੇਗਾ। ਪਿਛਲੇ ਸਾਲ ਦੌਰਾਨ 90000 ਤੋਂ ਵੱਧ ਜੌਬਾਂ ਵਿਚ ਵਾਧਾ ਹੋਇਆ ਹੈ। ਰੁਜ਼ਗਾਰ ਅੰਕੜਿਆਂ ਅਨੁਸਾਰ ਸੂਬੇ ਵਿਚ ਕੈਲਗਰੀ ਅਜਿਹਾ ਸ਼ਹਿਰ ਹੈ ਜਿੱਥੇ ਮੰਦਵਾੜੇ ਦੌਰਾਨ ਗਈਆਂ ਜੌਬਾਂ ਦੀ ਮੁੜ ਪ੍ਰਾਪਤੀ ਹੋ ਚੁੱਕੀ ਹੈ, ਭਾਵੇਂ ਕਿ ਇਹ ਜੌਬਾਂ ਅਹੁਦਿਆਂ ਅਤੇ ਖੇਤਰ ਮੁਤਾਬਕ ਪਹਿਲਾਂ ਵਾਂਗ ਨਹੀਂ ਹਨ। ਜੌਬਾਂ ਵਿਚ ਵਾਧੇ ਕਾਰਨ ਬੇਰੁਜ਼ਗਾਰੀ ਵਿਚ 6.8 ਪ੍ਰਤੀਸ਼ਤ ਦੀ ਕਮੀ ਆਈ ਹੈ।

ਯੂਸੀਪੀ ਪਾਰਟੀ ਦੇ ਵਿੱਤੀ ਆਲੋਚਕ ਡਰਿਊ ਬਾਰਨਸ ਨੇ ਇਹ ਪ੍ਰਵਨ ਕੀਤਾ ਕਿ ਅਲਬਰਟਾ ਦੀ ਆਰਥਕਤਾ ਵਿਚ ਸੁਧਾਰ ਹੋਇਆ ਹੈ। ਉਨ੍ਹਾਂ ਅੱਗੇ ਕਿਹਾ ਕਿ ਮਾਰਚ 22 ਨੂੰ ਯੂਸੀਪੀ ਬਦਲਵਾਂ ਬਜਟ ਪੇਸ਼ ਨਹੀਂ ਕਰੇਗੀ ਪਰ 2019 ਦੀਆਂ ਚੋਣਾਂ ਤੋਂ ਪਹਿਲਾਂ ਜ਼ਰੂਰ ਅਜਿਹਾ ਕੀਤਾ ਜਾਵੇਗਾ। ਅਲਬਰਟਾ ਪਾਰਟੀ ਦੇ ਐਮਐਲਏ ਗ੍ਰੈਗ ਕਲਾਰਕ ਨੇ ਸਰਕਾਰ ਦੇ ਤਾਜ਼ਾ ਅੰਕੜਿਆਂ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਉਮੀਦ ਨੂੰ ਰਣਨੀਤੀ ਨਹੀਂ ਕਿਹਾ ਜਾ ਸਕਦਾ। ਸਾਨੂੰ ਸੂਬੇ ਦੀ ਆਰਥਕਤਾ ਮਜ਼ਬੂਤ ਕਰਨ ਲਈ ਠੋਸ ਕਦਮ ਚੁੱਕਣੇ ਚਾਹੀਦੇ ਹਨ।

ਅਸਲ ਗੱਲ ਇਹ ਹੈ ਕਿ ਸਿਆਸਤਦਾਨਾਂ ਦੇ ਭਾਸ਼ਣਾਂ ਅਤੇ ਸਰਕਾਰ ਦੇ ਵਿੱਤੀ ਅੰਕੜਿਆਂ ਨੂੰ ਸਮਝਣਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਹੈ। ਜੇਕਰ ਅਮਲੀ ਤੌਰ ’ਤੇ ਆਮ ਆਦਮੀ ਦੀ ਜੀਵਨ ਸ਼ੈਲੀ ’ਤੇ ਕੋਈ ਅਸਰ ਨਹੀਂ ਹੁੰਦਾ ਤਾਂ ਸਰਕਾਰ ਵਲੋਂ ਪੇਸ਼ ਕੀਤੇ ਗਏ ਅੰਕੜੇ ਕਿਸੇ ਕੰਮ ਦੇ ਨਹੀਂ ਹਨ। ਇਸ ਲਿਹਾਜ਼ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਸਰਕਾਰ ਦੇ ਅੰਕੜਿਆਂ ਨੂੰ ਪੁਖਤਾ ਲੋਕਾਂ ਦੀ ਜੀਵਨ ਸ਼ੈਲੀ ਹੀ ਕਰ ਸਕਦੀ ਹੈ।



# ਵਾਤਾਵਰਣ ਸਰੋਕਾਰਾਂ ਨੂੰ ਲੈ ਕੇ ਸ਼ਹਿਰਾਂ ਦੇ ਆਧੁਨਿਕੀਕਰਨ ਲਈ ਖ਼ਰਚੇ ਜਾਣਗੇ 54 ਮਿਲੀਅਨ ਡਾਲਰ

ਐਡਮਿੰਟਨ- ਨਦਬ: ਮਿਊਂਸੀਪਲ ਮਾਮਲਿਆਂ ਨਾਲ ਸਬੰਧਤ ਮੰਤਰੀ ਸ਼ਾਏ ਐਂਡਰਸ਼ਨ ਨੇ ਮਿਊਂਸੀਪਲ ਆਗੂਆਂ ਦੀ ਮੀਟਿੰਗ ਤੋਂ ਬਾਅਦ ਐਲਾਨ ਕੀਤਾ ਕਿ ਸੂਬੇ ਦੀ ਯੋਜਨਾ ਹੈ ਕਿ 54 ਮਿਲੀਅਨ ਡਾਲਰ ਵਾਤਾਵਰਣ ਸਰੋਕਾਰਾਂ ਨੂੰ ਲੈ ਕੇ ਸ਼ਹਿਰਾਂ ਦੇ ਅਧੁਨਿਕੀਕਰਨ ਲਈ ਖਰਚੇ ਜਾਣਗੇ ਜਿਸ ਤਹਿਤ ਗ੍ਰੀਨ ਐਨਰਜ਼ੀ ਅਤੇ ਸੋਲਰ ਪੈਨਲ ਪ੍ਰੋਜੈਕਟਾਂ ਨੂੰ ਕੇਂਦਰ ਵਿਚ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਸਥਾਨਕ ਆਰਥਕਤਾ ਵਿਚ ਵਿਭਿੰਨਤਾ ਆਵੇਗੀ, ਉੱਥੇ ਹੀ ਲੋਕਾਂ ਦਾ ਧਨ ਵੀ ਬਚੇਗਾ।

ਮਿਲੀ ਜਾਣਕਾਰੀ ਅਨੁਸਾਰ ਇਨ੍ਹਾਂ ਪ੍ਰਜੈਕਟਾਂ ਲਈ ਧਨ ਕਾਰਬਨ ਲੇਵੀ ਤੋਂ ਆਉਣ ਦੀ ਉਮੀਦ ਹੈ ਤੇ ਨਿੱਜੀ ਮਕਾਨ ਮਾਲਕਾਂ ਲਈ ਗ੍ਰਾਂਟ ਦਾ ਐਲਾਨ ਪਹਿਲਾਂ ਤੋਂ ਹੀ ਕੀਤਾ ਜਾ ਚੁੱਕਿਆ ਹੈ। ਇਹ ਯੋਜਨਾਵਾਂ ਕੁਦਰਤੀ ਸਰੋਤਾਂ ਦੀ ਸਾਰਥਕ ਵਰਤੋਂ ਵਿਚ ਕਾਰਗਰ ਹਨ। ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਗੈਰ ਗ੍ਰਾਂਟ ਵਾਲੇ ਪ੍ਰੋਗਰਾਮਾਂ ਬਾਰੇ ਸੋਚ ਰਹੀ ਹੈ ਜਿਵੇਂ ਕਿ ਪ੍ਰੋਪਰਟੀ ਵਗੈਰਾ ’ਤੇ ਲੋਨ ਜਾਂ ਟੈਕਸ ਅਤੇ ਹੋਰ ਬਿਲਾਂ ਰਾਹੀਂ ਭੁਗਤਾਨ। ਇਸ ਨਾਲ ਬਹੁਤ ਸਾਰੀਆਂ ਜੌਬਾਂ ਵੀ ਪੈਦਾ ਹੋਣਗੀਆਂ ਤੇ ਲੋਕਾਂ ਦੀ ਭਾਗੀਦਾਰੀ ਵੀ ਵਧੇਗੀ। ਕਿਉਂਕਿ ਇਸ ਕੰਮ ਵਿਚ ਬਹੁਤ ਸਾਰੇ ਇੰਸੂਲੇਟਰ, ਬਿਜਲੀ ਦਾ ਕੰਮ ਕਰਨ ਵਾਲਿਆਂ ਤੇ ਵਿੰਡੋ ਇੰਸਟਾਲਰਾਂ ਦੀ ਜ਼ਰੂਰਤ ਹੋਵੇਗੀ, ਜਿਸ ਨਾਲ ਬਿਨਾਂ ਸ਼ੱਕ ਬਹੁਤ ਸਾਰੇ ਵਿਅਕਤੀਆਂ ਨੂੰ ਰੁਜ਼ਗਾਰ ਮਿਲੇਗਾ।

ਬਹੁਤ ਸਾਰੀਆਂ ਮਿਊਂਸੀਪਲਟੀਆਂ ਅਜਿਹੇ ਪ੍ਰੋਗਰਾਮਾਂ ਬਾਰੇ ਪੁੱਛ ਰਹੀਆਂ ਹਨ ਜਿਸ ਰਾਹੀਂ ਘੱਟ ਆਮਦਨ ਵਾਲੇ ਘਰਾਂ ਦੀ ਬਚਤ ਵਧਾਈ ਜਾ ਸਕੇ। ਇਨ੍ਹਾਂ ਸਕੀਮਾਂ ਵਿਚ ਪ੍ਰੋਪਰਟੀ ਮਾਲਕ ਕਿਸਤਾਂ ਰਾਹੀਂ ਭੁਗਤਾਨ ਕਰ ਸਕਦੇ ਹਨ ਤੇ ਜਦੋਂ ਉਹ ਦੂਜੀ ਥਾਂ ਜਾਣਗੇ ਤਾਂ ਲੋਨ ਪ੍ਰੋਪਰਟੀ ’ਤੇ ਰਹਿ ਜਾਵੇਗਾ।

ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰੱਖਦਿਆਂ ਮਿਊਂਸੀਪਲਟੀਆਂ ਵਲੋਂ ਕਈ ਸਾਲਾ ਗ੍ਰਾਂਟਾਂ ਦਾ ਐਲਾਨ ਕੀਤਾ ਗਿਆ ਹੈ ਜਿਸ ਦਾ ਪ੍ਰਬੰਧ ਮਿਊਂਸੀਪਲ ਕਲਾਈਮੇਟ ਚੇਂਜ਼ ਐਕਸ਼ਨ ਸੈਂਟਰ ਵਲੋਂ ਦੇਖਿਆ ਜਾਵੇਗਾ। ਇਸ ਸਕੀਮ ਅਧੀਨ ਪੰਜ ਮਿਲੀਅਨ ਡਾਲਰ ਬੱਸਾਂ ਦਾ ਬਿਜਲਈ ਟੈਸਟ ਲਈ, 17.5 ਮਿਲੀਅਨ ਡਾਲਰ ਮਿਊਂਸੀਪਲ ਬਿਲਡਿੰਗਾਂ ਦੀ ਮੁਰੰਮਤ ਜਿਵੇਂ ਕਿ ਸਵੀਮਿੰਗ ਪੂਲ, ਰਿੰਕ ਅਤੇ ਮੈਦਾਨਾਂ, 16.5 ਮਿਲੀਅਨ ਡਾਲਰ ਛੋਟੇ ਐਨਰਜ਼ੀ ਜਨਰੇਸ਼ਨ ਪ੍ਰੋਜੈਕਟਾਂ ਦੇ ਨਵੀਨੀਕਰਨ ਅਤੇ 15 ਮਿਲੀਅਨ ਡਾਲਰ ਸਕੂਲਾਂ ਵਿਚ ਸੋਲਰ ਐਨਰਜ਼ੀ ’ਤੇ ਖਰਚੇ ਜਾਣਗੇ।

# ਗਾਉਣ ਵਾਲਾ ਪੰਛੀ ਦੱਖਣੀ ਅਮਰੀਕਾ ਵਿਚ ਬੀਵਰਹਿਲ ਬਰਡ ਅਬਜ਼ਰਵੇਟਰੀ ਵਿਚ ਛੱਡਿਆ

**ਐਡਮਿੰਟਨ (ਨਦਬ) :** ਪਿਛਲੀ 26 ਮਈ ਨੂੰ ਜੀਵ ਵਿਗਿਆਨੀ ਪੀਅਰਸ ਮੀਜ਼ਰਿੰਕ ਨੇ ਬੀਵਰਹਿਲ ਬਰਡ ਅਬਜ਼ਰਵੇਟਰੀ ਵਿਚ ਤਿੰਨ ਸਾਲਾ ਨਰ ਬਾਲਟੀਮੋਰ ਔਰਾਇਲ (ਗਾਉਣ ਵਾਲਾ ਪੰਛੀ) ਨੂੰ ਛੱਡਿਆ ਜਿਹੜਾ ਕਿ ਸੇਵੀਲਾਨੋ ਕੋਲੰਬੀਆ ਤੋਂ 5850 ਕਿਲੋਮੀਟਰ ਦੀ ਦੂਰੀ ’ਤੇ ਮਿਲਿਆ ਸੀ।



ਇਸ ਬਾਰੇ ਗੱਲ ਕਰਦਿਆਂ ਪੀਅਰਸ ਨੇ ਕਿਹਾ ਅਜਿਹੀ 0.1 ਪ੍ਰਤੀਸ਼ਤ ਉਮੀਦ ਹੀ ਹੁੰਦੀ ਹੈ ਕਿ ਪੰਛੀ ਜਿੱਥੋਂ ਰੁਕ ਕੇ ਗੁਜ਼ਰਦੇ ਹਨ, ਤੁਹਾਨੂੰ ਉਨ੍ਹਾਂ ’ਚੋਂ ਕੋਈ ਪੰਛੀ ਲੱਭ ਜਾਵੇ। ਬਦਕਿਸਮਤੀ ਨਾਲ ਪੰਛੀ ਖਿੜਕੀਆਂ ਦੇ ਸ਼ੀਸ਼ਿਆਂ ਵਿਚ ਦਰੱਖਤਾਂ ਦੇ ਪਰਛਾਵਿਆਂ ਨੂੰ ਦੇਖ ਕੇ ਟਕਰਾਉਂਦੇ ਹਨ ਤੇ ਆਪਣੀ ਜਾਨ ਦੇ ਦਿੰਦੇ ਹਨ। ਸ਼ੀਸ਼ੇ ਕੁਦਰਤ ਦਾ ਹਿੱਸਾ ਨਹੀਂ ਹਨ, ਪੰਛੀ ਇਹ ਗੱਲ ਸਮਝ ਨਹੀਂ ਪਾਉਂਦੇ। ਉਹ ਪਾਰ ਉੱਡਣਾ ਚਾਹੁੰਦੇ ਹਨ ਤੇ ਇਸ ਕੋਸ਼ਿਸ਼ ਵਿਚ ਹੀ ਜਾਨ ਗਵਾ ਬੈਠਦੇ ਹਨ। ਇਹ ਪੰਛੀ ਜਿਹੜਾ ਅਬਜ਼ਰਵੇਟਰੀ ਵਿਚ ਛੱਡਿਆ ਗਿਆ ਹੈ, ਮੱਧ ਅਮਰੀਕਾ ਦੇ ਦੇਸ਼ਾਂ ਜਿਵੇਂ ਗੁਆਟਮਾਲਾ, ਮੈਕਸੀਕੋ, ਹੋਨਡਰੁਸ ਆਦਿ ਵਿਚ ਪਾਇਆ ਜਾਂਦਾ ਹੈ। ਇਸ ਅਬਜ਼ਰਵੇਟਰੀ ਵਿਚ ਲਗਭਗ 270 ਪ੍ਰਜਾਤੀਆਂ ਹਨ।

ਮੀਜ਼ਰਿੰਕ ਨੇ ਕਿਹਾ ਕਿ ਖਿੜਕੀਆਂ ਪੰਛੀਆਂ ਦੀਆਂ ਸਭ ਤੋਂ ਵੱਡੀਆਂ ਕਾਤਲ ਹਨ। ਸਿਰਫ਼ ਕਨੇਡਾ ਵਿਚ ਹਰ ਸਾਲ 16 ਤੋਂ 42 ਮਿਲੀਅਨ ਪੰਛੀਆਂ ਦੀਆਂ ਮੌਤਾਂ ਖਿੜਕੀਆਂ ਵਿਚ ਲੱਗੇ ਸ਼ੀਸ਼ਿਆਂ ਨਾਲ ਟਕਰਾਉਣ ਕਾਰਨ ਹੁੰਦੀਆਂ ਹਨ।


Sweet and Sassy Hair Saloon
Licenced Haristylist
Sandy Sandhu
(with over 12 years experience)
7808500752
5716 19 Ave SW Edmonton, Only Appointments **ravpreetsandhu@gmail.com**

Emergency Service 24x7
Free Estimate with Treatment
GOLDEN ARROW PEST CONTROL INC.

CALL @ 780-462-6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

# ਭੇਦਭਾਵ ਦੇ ਸ਼ਿਕਾਰ ਵਿਦਿਆਰਥੀਆਂ ਦਾ ਪ੍ਰਦਰਸ਼ਨ ਰਹਿੰਦਾ ਹੈ ਕਮਜ਼ੋਰ

## ਅਧਿਆਪਕ ਅਤੇ ਮਾਪੇ ਮਿਲ ਕੇ ਸਮਾਜ ਨੂੰ ਸੇਧ ਦੇਣ

**ਐਡਮਿੰਟਨ (ਨਦਬ) :** ਸਾਲ ਦਰ ਸਾਲ ਸਕੂਲ ਬੋਰਡਾਂ ਦੀਆਂ ਰਿਪੋਰਟਾਂ ਇਸ ਗੱਲ ਨੂੰ ਸਾਬਤ ਕਰਦੀਆਂ ਹਨ ਕਿ ਫਸਟ ਨੇਸ਼ਨ, ਮੈਟੀਜ਼ ਅਤੇ ਇਨਯੂਟ ਵਿਦਿਆਰਥੀ ਉਸ ਤਰ੍ਹਾਂ ਦਾ ਪ੍ਰਦਰਸ਼ਨ ਨਹੀਂ ਕਰਦੇ ਜਿਸ ਤਰ੍ਹਾਂ ਦਾ ਪ੍ਰਦਰਸ਼ਨ ਅਲਬਰਟਾ ਦੇ ਹੋਰ ਸਾਧਾਰਨ ਵਿਦਿਆਰਥੀ ਕਰਦੇ ਹਨ। ਸਿੱਖਿਆ ਸ਼ਾਸਤਰੀਆਂ ਵਲੋਂ ਇਸ ਨੂੰ ਪ੍ਰਾਪਤੀ ਪਾੜਾ ਕਿਹਾ ਜਾਂਦਾ ਹੈ। ਕੁਝ ਆਗੂਆਂ ਦਾ ਕਹਿਣਾ ਹੈ ਕਿ ਪ੍ਰਾਪਤੀ ਪਾੜੇ ਨੂੰ ਹੱਲ ਕਰਕੇ ਇਸ ਸਮੱਸਿਆ ਨੂੰ ਸੁਧਾਰਿਆ ਜਾ ਸਕਦਾ ਹੈ, ਪਰ ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਸਕੂਲਾਂ ਵਿਚ ਨਸਲਵਾਦ 'ਤੇ ਗੱਲ ਨਾ ਹੋਣਾ ਇਸ ਦਾ ਮੂਲ ਕਾਰਨ ਹੈ। ਅਲਬਰਟਾ ਯੂਨੀਵਰਸਿਟੀ ਦੇ ਐਸੋਸੀਏਟ ਪ੍ਰੋਫੈਸਰ ਰੈਬਿਕਾ ਸੋਕਵੇਸਨ ਦਾ ਕਹਿਣਾ ਹੈ ਕਿ ਅਧਿਐਨ ਤੋਂ ਸਾਬਤ ਹੁੰਦਾ ਹੈ ਕਿ ਇਸ ਸਮੱਸਿਆ ਦਾ ਸਭ ਤੋਂ ਵੱਡਾ ਕਾਰਨ ਨਸਲਵਾਦ ਹੈ , ਕਿਉਂਕਿ ਨਸਲਵਾਦ ਦੇ ਚਲਦਿਆਂ ਹੀ ਦੇਸੀ ਵਿਦਿਆਰਥੀ ਵੱਡੀ ਗਿਣਤੀ ਵਿਚ ਸਕੂਲ ਛੱਡ ਦਿੰਦੇ ਹਨ।

ਰੈਬਿਕਾ ਦਾ ਕਹਿੰਦੀ ਹੈ ਕਿ ਪ੍ਰਾਪਤੀ ਪਾੜਾ ਵਿਦਿਆਰਥੀਆਂ ਵਿਚ ਹੈ ਨਾ ਕਿ ਪ੍ਰਨਾਲੀ ਵਿਚ। ਇਸ ਮਾਮਲੇ ਵਿਚ ਸਾਡੇ ਅਧਿਆਪਕ ਵੱਡੀ ਭੂਮਿਕਾ ਅਦਾ ਕਰ ਸਕਦੇ ਹਨ ਸਿਰਫ਼ ਸਾਨੂੰ ਸੋਚਣ ਦੀ ਲੋੜ ਹੈ। ਅਧਿਆਪਕ ਵਿਦਿਆਰਥੀਆਂ ਨੂੰ ਪ੍ਰੇਰਨ ਦੇ ਯੋਗ ਹੋਣਾ ਚਾਹੀਦਾ ਹੈ ਤਾਂ ਜੋ ਦੇਸੀ ਬੱਚੇ ਪੜ੍ਹਣ ਲਿਖਣ ਦੇ ਮਹੱਤਵ ਨੂੰ ਸਮਝਣ।

Accountability Pillar Overall Summary
Annual Education Results Reports - Oct 2017
Province: Alberta (FNMI)

Alberta Government

| Measure Category | Measure | Alberta (FNMI) | | | Measure Evaluation | | |
|---|---|---|---|---|---|---|---|
| | | Current Result | Prev Year Result | Prev 3 Year Average | Achievement | Improvement | Overall |
| Safe and Caring Schools | Safe and Caring | n/a | n/a | n/a | n/a | n/a | n/a |
| Student Learning Opportunities | Program of Studies | n/a | n/a | n/a | n/a | n/a | n/a |
| | Education Quality | n/a | n/a | n/a | n/a | n/a | n/a |
| | Drop Out Rate | 5.8 | 6.1 | 6.7 | Intermediate | Improved Significantly | Good |
| | High School Completion Rate (3 yr) | 53.6 | 50.2 | 47.8 | Very Low | Improved Significantly | Acceptable |
| Student Learning Achievement (Grades K-9) | PAT: Acceptable | 51.7 | 52.4 | 52.1 | Very Low | Maintained | Concern |
| | PAT: Excellence | 6.7 | 6.3 | 6.3 | Very Low | Improved | Issue |
| Student Learning Achievement (Grades 10-12) | Diploma: Acceptable | 77.1 | 76.1 | 76.3 | Low | Maintained | Issue |
| | Diploma: Excellence | 10.7 | 10.2 | 10.2 | Low | Maintained | Issue |
| | Diploma Exam Participation Rate (4+ Exams) | 21.8 | 20.7 | 20.3 | Very Low | Improved | Issue |
| | Rutherford Scholarship Eligibility Rate | 34.2 | 31.9 | 31.9 | n/a | Improved Significantly | n/a |
| Preparation for Lifelong Learning, World of Work, Citizenship | Transition Rate (6 yr) | 31.8 | 33.5 | 33.3 | Very Low | Declined | Concern |
| | Work Preparation | n/a | n/a | n/a | n/a | n/a | n/a |
| | Citizenship | n/a | n/a | n/a | n/a | n/a | n/a |
| Parental Involvement | Parental Involvement | n/a | n/a | n/a | n/a | n/a | n/a |
| Continuous Improvement | School Improvement | n/a | n/a | n/a | n/a | n/a | n/a |

ਅਲਬਰਟਾ ਯੂਨੀਵਰਸਿਟੀ ਵਲੋਂ ਐਜੂਕੇਸ਼ਨ ਦੇ ਵਿਦਿਆਰਥੀਆਂ ਲਈ ਨਵਾਂ ਲਾਜ਼ਮੀ ਕੋਰਸ ਤਿਆਰ ਕੀਤਾ ਗਿਆ ਹੈ। ਜਿਸ ਵਿਚ ਭਵਿੱਖ ਦੇ ਅਧਿਆਪਕਾਂ ਨੂੰ ਸਿਖਾਇਆ ਜਾਂਦਾ ਹੈ ਕਿ ਐਬਓਰੀਜ਼ਨਲ ਬੱਚਿਆਂ ਨਾਲ ਕਿਸ ਤਰ੍ਹਾਂ ਦਾ ਵਿਹਾਰ ਕਰਨਾ ਹੈ। ਰੈਬਿਕਾ ਇਸ ਕੋਰਸ ਨੂੰ ਤਿਆਰ ਕਰਨ ਵਾਲੀ ਟੀਮ ਦੀ ਮੈਂਬਰ ਹੈ।

ਇਕ ਵਿਦਿਆਰਥੀ ਸੀਨ ਗ੍ਰੇ ਦਾ ਕਹਿਣਾ ਹੈ ਕਿ ਉਸ ਨੇ ਹਾਈ ਸਕੂਲ ਵਿਚ ਸੁਸਤ ਤਰ੍ਹਾਂ ਦਾ ਇਤਿਹਾਸ ਪੜ੍ਹਿਆ ਹੈ ਜਦੋਂਕਿ ਬਹੁਤੀਆਂ ਗੱਲਾਂ ਬਾਹਰੋਂ ਸਿੱਖੀਆਂ ਹਨ। ਉਸ ਦਾ ਕਹਿਣਾ ਹੈ ਕਿ ਅਧਿਆਪਕ ਸੱਭਿਆਚਾਰਕ ਨਸਲਕੁਸ਼ੀ ਦੀ ਗੱਲ ਕਰਦੇ ਹਨ ਜਿਸ ਨੂੰ ਅੱਜ ਦੇਸੀ ਲੋਕ ਸਵੀਕਾਰ ਨਹੀਂ ਕਰ ਰਹੇ। ਪ੍ਰਾਪਤੀ ਪਾੜੇ ਦਾ ਕਾਰਨ ਹੈ ਕਿ ਉਸ ਦੀ ਪੀੜ੍ਹੀ ਭੇਦਭਾਵ ਅਤੇ ਧੱਕੇਸ਼ਾਹੀ ਦੇ ਖ਼ਿਲਾਫ਼ ਵੀ ਲੜ ਰਹੀ ਹੈ, ਜਿਸ ਕਾਰਨ ਉਨ੍ਹਾਂ ਨੂੰ ਚੁਣੌਤੀਆਂ ਵਧੇਰੇ ਹੁੰਦੀਆਂ ਹਨ। ਦੱਸਣਾ ਬਣਦਾ ਹੈ ਕਿ ਗ੍ਰੇ ਇਨੋਕ ਕਰੀ ਨੇਸ਼ਨ ਦੀ ਯੂਥ ਐਡਵਾਇਜ਼ਰੀ ਕੌਂਸਲ ਦੀ ਮੈਂਬਰ ਵੀ ਹੈ। ਗ੍ਰੇ ਮੁਤਾਬਕ ਉਸ ਨੇ ਇਤਿਹਾਸ ਨੂੰ ਸਕੂਲ ਦੇ ਬਰੇਡਡ ਜ਼ਰਨੀਜ਼ ਪ੍ਰੋਗਰਾਮ ਰਾਹੀਂ ਗ੍ਰਹਿਣ ਕੀਤਾ ਜਿੱਥੇ ਗ੍ਰੈਜੂਏਸ਼ਨ ਕੋਚ ਨੇ ਉਨ੍ਹਾਂ ਦੀ ਬਹੁਤ ਸਹਾਇਤਾ ਕੀਤੀ ਅਤੇ ਉਨ੍ਹਾਂ ਨੂੰ ਆਰਾਮਦਾਇਕ ਹਾਲਤ ਵਿਚ ਰੱਖਿਆ। ਗ੍ਰੇ ਦਾ ਮੰਨਣਾ ਹੈ ਕਿ ਬਹੁਤ ਸਾਰੇ ਲੋਕ ਨਸਲਵਾਦ ਤੋਂ ਇਨਕਾਰ ਕਰਦੇ ਹਨ ਜਦੋਂ ਕਿ ਅਜਿਹਾ ਕਰਨਾ ਠੀਕ ਨਹੀਂ ਹੈ।

ਚਾਰ ਬੱਚਿਆਂ ਦੀ ਮਾਂ ਓਫੋਮਾ ਓਡੋਬਾਲਾ ਫਰੀਜ਼ਨ ਦਾ ਕਹਿਣਾ ਹੈ ਕਿ ਕਾਲੇ ਵਿਦਿਆਰਥੀਆਂ ਨੂੰ ਨਸਲਵਾਦ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਉਨ੍ਹਾਂ ਨਾਲ ਬਹੁਤ ਸਾਰੇ ਭੇਦਭਾਵ ਕੀਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਐਡਮਿੰਟਨ ਸਕੂਲ ਬੋਰਡ ਵਲੋਂ ਦੇਸੀ ਵਿਦਿਆਰਥੀਆਂ ਨੂੰ ਸਿੱਖਿਆ ਦੇਣ ਲਈ ਖ਼ਾਸ ਤਰ੍ਹਾਂ ਦੀ ਯੋਜਨਾ ਬਣਾਈ ਗਈ ਹੈ ਪਰ ਉਨ੍ਹਾਂ ਨੇ ਯੋਜਨਾ ਵਿਚ ਸ਼ਬਦ ਨਸਲਵਾਦ ਦਾ ਪ੍ਰਯੋਗ ਨਹੀਂ ਕੀਤਾ। ਜੇ ਇਸ ਦਿਸ਼ਾ ਵਿਚ ਠੋਸ ਕਦਮ ਚੁੱਕੇ ਜਾਣ ਤਾਂ ਸਕੂਲ ਕਾਫ਼ੀ ਹੱਦ ਤੱਕ ਨਸਲਵਾਦ ਦਾ ਖਾਤਮਾ ਕਰ ਸਕਦੇ ਹਨ।

ਬੋਰਡ ਦੀਆਂ ਨੀਤੀਆਂ ਮੁਤਾਬਕ ਨਸਲਵਾਦ ਸਹਿਣਯੋਗ ਨਹੀਂ ਹੈ ਤੇ ਇਸ ਦਾ ਵਿਦਿਆਰਥੀਆਂ 'ਤੇ ਨਾਕਾਰਾਤਮਕ ਪ੍ਰਭਾਵ ਪੈਂਦਾ ਹੈ। ਕਮਿਊਨਿਟੀ ਸਮੂਹ ਦੀ ਬੁਲਾਰਾ ਕੈਰੀ ਰੋਸਾ ਦਾ ਕਹਿਣਾ ਹੈ ਕਿ ਸਾਡੇ ਸਕੂਲਾਂ ਵਿਚ ਨਸਲਵਾਦ ਦੇ ਵਿਤਕਰੇ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਸਾਡਾ ਸੋਚਣਾ ਹੈ ਕਿ ਬੱਚੇ ਨਸਲ, ਲਿੰਗ ਅਤੇ ਧਰਮ ਤੋਂ ਜੁਦਾ ਹੁੰਦੇ ਹਨ ਤੇ ਸਿਰਫ਼ ਬੱਚੇ ਹੁੰਦੇ ਹਨ।

ਮੁੱਕਦੀ ਗੱਲ ਇਹ ਹੈ ਕਿ ਜਦੋਂ ਤੱਕ ਨਸਲ, ਧਰਮ ਅਤੇ ਵਰਗ ਨੂੰ ਲੈ ਕੇ ਵਿਦਿਆਰਥੀਆਂ ਨਾਲ ਵਿਤਕਰਾ ਹੁੰਦਾ ਰਹੇਗਾ, ਉਹ ਭਾਵੇਂ ਇਕ ਹੀ ਸਿੱਖਿਆ ਪ੍ਰਣਾਲੀ ਵਿਚ ਕਿਉਂ ਨਾ ਹੋਣ ਪਰ ਇਕੋ ਜਿਹੀ ਸਮਰੱਥਾ ਵਾਲੇ ਨਹੀਂ ਹੋ ਸਕਦੇ। ਵਿਤਕਰੇ ਨਾਲ ਵਿਦਿਆਰਥੀ ਵਿਚ ਕਈ ਵਾਰ ਅਜਿਹੀ ਹੀਣ ਭਾਵਨਾ ਪੈਦਾ ਹੋ ਜਾਂਦੀ ਹੈ ਕਿ ਸਾਰੀ ਉਮਰ ਵੀ ਉਹ ਇਸ ਤੋਂ ਨਿੱਕਲ ਨਹੀਂ ਪਾਉਂਦਾ। ਇਸ ਮਾਮਲੇ ਵਿਚ ਜਿੱਥੇ ਅਧਿਆਪਕਾਂ ਨੂੰ ਆਪਣੀ ਅਤੇ ਦੂਜਿਆਂ ਦੀ ਸੋਚ ਬਦਲਣ ਦੀ ਜ਼ਰੂਰਤ ਹੈ, ਉੱਥੇ ਹੀ ਮਾਪਿਆਂ ਨੂੰ ਵੀ ਇਸ ਮਾਮਲੇ ਵਿਚ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ।

# ਹਾਦਸੇ ਕਾਰਨ ਸਵੈ ਡਰਾਇਵਿੰਗ 'ਤੇ ਉੱਠੇ ਸਵਾਲ

**ਟੈਂਪ, ਅਰਿਜ (ਨਦਬ) :** ਸਵੈ ਡਰਾਇਵਿੰਗ ਵਾਹਨ ਦੇ ਹਾਦਸੇ ਦੀ ਇਕ ਭਿਆਨਕ ਵੀਡਿਓ ਸਾਹਮਣੇ ਆਈ ਹੈ ਜਿਸ ਵਿਚ ਅਰਧ ਸ਼ਹਿਰੀ ਇਲਾਕੇ ਦੀ ਗਲੀ ਵਿਚ ਹਨੇਰੇ 'ਚ ਪੈਦਲ ਜਾ ਰਹੀ ਇਕ ਮਹਿਲਾ ਨੂੰ ਓਬਰ ਦੀ ਐਸਯੂਵੀ ਟੱਕਰ ਮਾਰਦੀ ਹੈ। ਐਸਯੂਵੀ ਦੀਆਂ ਲਾਈਟਾਂ 49 ਸਾਲਾ ਮਹਿਲਾ ਇਲੇਨ ਹਰਜ਼ਬਰਗ ਨੂੰ ਦੇਖ ਨਹੀਂ ਪਾਉਂਦੀਆਂ ਜਿਹੜੀਆਂ ਇਸ ਗੱਲ 'ਤੇ ਸਵਾਲ ਖੜ੍ਹਾ ਕਰਦੀਆਂ ਹਨ ਕਿ ਵਾਹਨ ਕਿਉਂ ਨਹੀਂ ਰੁਕਿਆ ਜਾਂ ਵਾਹਨ ਰੁਕਣਾ ਚਾਹੀਦਾ ਸੀ ਜਾਂ ਨਹੀਂ।

ਟੈਂਪ ਵਿਚ ਇਹ ਪਹਿਲਾ ਹਾਦਸਾ ਹੈ ਜਿਹੜਾ ਕਿ ਪੂਰੀ ਤਰ੍ਹਾਂ ਪ੍ਰੋਗ੍ਰਾਮ ਕੀਤੇ ਵਾਹਨ ਕਾਰਨ ਵਾਪਰਿਆ ਹੈ ਤੇ ਜਿਸ ਵਿਚ ਇਕ ਜਾਨ ਗਈ ਹੈ। ਪੁਲੀਸ ਦਾ ਕਹਿਣਾ ਹੈ ਕਿ ਵੋਲਵੋ ਸਵੈ ਡਰਾਇਵਿੰਗ ਮੋਡ ਵਿਚ ਸੀ ਤੇ ਮਨੁੱਖੀ ਡਰਾਈਵਰ ਦੁਆਰਾ ਨਿਰਦੇਸ਼ਤ ਕੀਤੀ ਜਾ ਰਹੀ ਸੀ। ਵੀਡਿਓ ਨੂੰ ਦੇਖ ਕੇ ਪਤਾ ਲੱਗਦਾ ਹੈ ਕਿ ਐਕਸੀਡੈਂਟ ਤੋਂ ਕੁਝ ਸਕਿੰਟ ਪਹਿਲਾਂ ਮਨੁੱਖੀ ਬੈਕਅਪ ਡਰਾਈਵਰ ਹੇਠਾਂ ਨੂੰ ਦੇਖਣ ਲੱਗਦਾ ਹੈ ਤੇ ਜਦੋਂ ਡਰਾਈਵਰ ਉੱਪਰ ਨੂੰ ਦੇਖਦਾ ਹੈ ਤਾਂ ਉਹ ਡਰ ਜਾਂਦਾ ਹੈ। ਟੈਂਪ ਦੇ ਪੁਲੀਸ ਮੁਖੀ ਦਾ ਕਹਿਣਾ ਹੈ ਕਿ ਐਸਯੂਵੀ ਵਿਚ ਕੋਈ ਕਮੀ ਨਹੀਂ ਪਾਈ ਗਈ ਪਰ ਕੁਝ ਮਾਹਰਾਂ ਦਾ ਕਹਿਣਾ ਹੈ ਕਿ ਐਸਯੂਵੀ ਦੇ ਲੇਜ਼ਰ ਅਤੇ ਰਾਡਾਰ ਸੈਂਸਰ ਦੀ ਸਫ਼ਲਤਾ ਉੱਤੇ ਸ਼ੱਕ ਕੀਤਾ ਜਾ ਸਕਦਾ ਹੈ। ਕੈਰੋਲੀਨਾ ਯੂਨੀਵਰਸਿਟੀ ਦੇ ਪ੍ਰੋਫੈਸਰ ਬਰਾਈਟ ਵਾਕਰ ਸਮਿਥ ਜਿਸ ਦਾ ਸਵੈ ਚਾਲਤ ਵਹੀਕਲਾਂ ਬਾਰੇ ਅਧਿਐਨ ਹੈ, ਦੀ ਰਾਇ ਹੈ ਕਿ ਇਹ ਓਬਰ ਅਤੇ ਇਸ ਦੀ ਸਮੁੱਚੀ ਪ੍ਰਨਾਲੀ ਦੀ ਅਸਫ਼ਲਤਾ ਹੈ। ਉਸ ਨੇ ਇਸ ਗੱਲ ਨੂੰ ਲੈ ਕੇ ਸਵਾਲ ਖੜ੍ਹਾ ਕੀਤਾ ਹੈ ਕਿ ਓਬਰ ਦੇ ਡਰਾਈਵਰ ਨੂੰ ਸਵੈ ਚਾਲਤ ਪ੍ਰਨਾਲੀ 'ਤੇ ਅੱਖਾਂ ਬੰਦ ਕਰਕੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਸਗੋਂ ਖੁਦ ਵੀ ਸੜਕ 'ਤੇ ਧਿਆਨ ਰੱਖਣਾ ਚਾਹੀਦਾ ਹੈ। ਇਸ ਮਾਮਲੇ ਵਿਚ ਅਜੇ ਤੱਕ ਓਬਰ ਦੇ ਬੁਲਾਰੇ ਦੀ ਕੋਈ ਪ੍ਰਤੀਕਿਰਿਆ ਨਹੀਂ ਮਿਲੀ ਹਾਲਾਂਕਿ ਮੇਲ ਭੇਜ ਕੇ ਉਸ ਤੋਂ ਜਵਾਬ ਮੰਗਿਆ ਗਿਆ ਹੈ। ਇਸ ਤੋਂ ਇਹ ਗੱਲ ਵੀ ਸਿੱਧ ਹੁੰਦੀ ਹੈ ਕਿ ਜਿੰਨਾ ਮਨੁੱਖ 'ਤੇ ਵਿਸ਼ਵਾਸ ਕੀਤਾ ਜਾ ਸਕਦਾ ਹੈ, ਓਨਾ ਸੈਂਸਰਾਂ 'ਤੇ ਨਹੀਂ।

# ਵਿਦਿਆਰਥੀਆਂ ਵਲੋਂ ਵਿੱਚ ਫੀਸਾਂ ਦੇ ਵਾਧੇ ਦਾ ਵਿਰੋਧ

## ਪ੍ਰਧਾਨ ਪਹਿਲ੍ਹਾਂ ਆਪਣੀ ਤਨਖ਼ਾਹ 'ਤੇ ਕੱਟ ਲਾਵੇ: ਵਿਦਿਆਰਥੀ

ਐਡਮਿੰਟਨ- ਨਦਬ: ਪਿਛਲੇ ਦਿਨੀਂ ਯੂਨੀਵਰਸਿਟੀ ਆਫ ਅਲਬਰਟਾ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਫੀਸਾਂ ਵਿੱਚ ਵਾਧੇ ਨੂੰ ਲੈ ਕੇ ਭਾਰੀ ਵਿਰੋਧ ਅਤੇ ਰੋਸ ਪ੍ਰਦਸ਼ਨ ਕੀਤਾ। ਯੂਨੀਵਰਸਿਟੀ ਦੇ ਪ੍ਰਧਾਨ ਡੇਵਿਡ ਟਰਪਿਨ ਨੇ ਵਿਦਿਆਰਥੀ ਫੀਸਾਂ ਵਿਚ ਵਾਧੇ ਦਾ ਐਲਾਨ ਕਰਦਿਆਂ ਕਿਹਾ ਸੀ ਕਿ ਯੂਨੀਵਰਸਿਟੀ ਨੂੰ ਪਿਛਲੇ ਕਈ ਸਾਲਾਂ ਤੋਂ 157 ਮਿਲੀਅਨ ਡਾਲਰ ਦੇ ਵਿੱਤੀ ਘਾਟੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ।



ਯੂਨੀਵਰਸਿਟੀ ਵਲੋਂ ਵਿਦਿਆਰਥੀਆਂ ਦੀਆਂ ਰਿਹਾਇਸ਼ੀ ਦਰਾਂ ਵਿੱਚ 4 ਪ੍ਰਤੀਸ਼ਤ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਟਿਊਸ਼ਨ ਫੀਸ਼ ਵਿੱਚ 3.14 ਪ੍ਰਤੀਸ਼ਤ ਦਾ ਵਾਧਾ ਕੀਤਾ ਗਿਆ ਹੈ ਅਤੇ ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਖਾਣੇ ਦੀਆਂ ਦਰਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ।

ਇਸਨੂੰ ਲੈ ਕੇ ਵਿਦਿਆਰਥੀ ਲਗਾਤਾਰ ਰੋਸ ਜ਼ਾਹਿਰ ਕਰ ਰਹੇ ਹਨ। ਉਹਨਾਂ ਦਾ ਤਰਕ ਹੈ ਕਿ ਜੇਕਰ ਸੰਸਥਾ ਵਿੱਤੀ ਘਾਟੇ ਦਾ ਸਾਹਮਣਾ ਕਰ ਰਹੀ ਹੈ ਤਾਂ ਪ੍ਰਸ਼ਾਸ਼ਨ ਆਪਣੀਆਂ ਤਨਖ਼ਾਹਾਂ 'ਤੇ ਕੱਟ ਕਿਉਂ ਨਹੀਂ ਲਾਉਂਦਾ। ਪ੍ਰਧਾਨ ਡੇਵਿਡ ਟਰਪਿਨ ਜਿੰਨਾਂ ਦੀ ਸਾਲਾਨਾ ਤਨਖਾਹ ਤਕਰੀਬਨ / 824,000 ਬਣਦੀ ਹੈ ਨੂੰ ਚਾਹੀਦਾ ਹੈ ਕਿ ਉਹ ਆਪਣੀ ਤਨਖ਼ਾਹ ਤੇ ਭੱਤਿਆਂ 'ਤੇ ਕੱਟ ਲਾਵੇ।

ਵਿਦਿਆਰਥੀਆਂ ਦੀ ਮੰਗ ਹੈ ਕਿ ਬਜਟ ਦਾ ਮੁੜ ਤੋਂ ਮੁਲਾਂਕਣ ਹੋਣਾ ਚਾਹੀਦਾ ਹੈ ਤੇ ਪ੍ਰਸ਼ਾਸ਼ਨ ਵੱਲੋਂ ਰਿਹਾਇਸ਼ੀ ਦਰਾਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਟਿਊਸ਼ਨ ਫੀਸਾਂ ਵਿੱਚ ਕੀਤਾ ਗਿਆ ਵਾਧਾ ਵਾਪਸ ਲੈਣਾ ਚਾਹੀਦਾ ਹੈ। ਇੰਟਰਨੈਸ਼ਨਲ ਸਟੂਡੈਂਟ ਐਸੋਸੀਏਸ਼ਨ ਦੇ ਪ੍ਰਧਾਨ ਅਕਰਮ ਹਮਾਮੀ ਨੇ ਆਪਣਾ ਰੋਸ ਜ਼ਾਹਿਰ ਕਰਦਿਆਂ ਕਿਹਾ ਇਹ ਕਿ ਵਿਦਿਆਥੀਆਂ ਤੇ ਬਹੁਤ ਹੀ ਮਾਨਸਿਕ ਬੋਝ ਪਾਵੇਗਾ, ਕੀ ਅਜਿਹੀ ਹਾਲਤ ਵਿੱਚ ਉਹ ਮਨ ਲਗਾਕੇ ਪੜ੍ਹ ਸਕਦੇ ਹਨ? ਅਲਬਰਟਾ ਦੇ ਉਚੇਰੀ ਸਿੱਖਿਆ ਮੰਤਰੀ ਮਾਰਲਿਨ ਸ਼ਮਿਡਟ ਯੂਨੀਵਰਸਿਟੀ ਦੇ ਵਿੱਤੀ ਪ੍ਰਬੰਧ ਨੂੰ ਲੈ ਕੇ ਪਹਿਲਾਂ ਹੀ ਸੁਆਲ ਖੜੇ ਕਰ ਚੁੱਕੇ ਹਨ।

# ਸਿਟੀ ਵਲੋਂ ਐਡਮਿੰਟਨ ਦੇ ਬੱਸ ਰੂਟਾਂ ਵਿੱਚ ਵੱਡੀ ਫੇਰ-ਬਦਲ

**ਐਡਮਿੰਟਨ (ਨਦਬ):** ਸਿਟੀ ਵਲੋਂ ਬੱਸ ਰੂਟਾਂ ਨਵਿਆਉਣ ਦੀ ਪ੍ਰਕਿਰਿਆ ਅਧੀਨ ਮੌਜੂਦਾ ਬੱਸ ਰੂਟਾਂ ਵਿੱਚ ਵੱਡੀ ਫੇਰ-ਬਦਲ ਕੀਤੀ ਗਈ ਹੈ। ਮਾਹਿਰਾਂ ਅਨੁਸਾਰ ਪ੍ਰਸਤਾਵਿਤ ਰੂਟਾਂ ਨਾਲ ਜਿਥੇ ਸਵਾਰੀਆਂ ਦੇ ਸਮਾਂ ਬੱਚਤ ਦੀ ਸੰਭਾਵਨਾ ਹੈ ਉਥੇ ਓਹਨਾਂ ਨੂੰ ਬੱਸ ਲੈਣ ਲਈ ਹੁਣ ਦੂਰ ਤੱਕ ਤੁਰਨਾ ਪੈ ਸਕਦਾ ਹੈ। ਸਿਟੀ ਦੇ ਅਧਿਕਾਰੀਆਂ ਵੱਲੋਂ ਨਵੀਂ ਨੈਟਵਰਕ ਯੋਜਨਾ ਤਹਿਤ ਕਰੌਸਟਾਊਨ ਰੂਟ ਵਿੱਚੋਂ 23 ਐਵਿਨਿਊ ਅਤੇ ਰੀਵਰਬੈਂਡ ਰੋਡ ਨੂੰ ਕੱਟ ਦਿੱਤਾ ਗਿਆ ਹੈ। ਇਸ 'ਤੇ ਵਾਰਡ ਨੰਬਰ 9 ਦੇ ਕੌਂਸਲਰ ਟਿਮ ਕਾਰਟਮੈਲ ਆਪਣੀ ਚਿੰਤਾ ਜਿਤਾਉਂਦਿਆਂ ਇਸ ਨੂੰ ਅਣਉਚਿਤ ਕਿਹਾ। ਦੱਖਣੀ ਐਡਮਿੰਟਨ ਲਈ ਵੀ ਕਈ ਵਾਧੂ ਰੂਟ ਉਲੀਕੇ ਗਏ ਹਨ। ਹੈਰੀਟੇਜ਼ ਵੈਲੀ ਪਾਰਕ ਨੂੰ ਹੁਣ ਸਥਾਨਕ ਰੂਟ ਵਿੱਚ ਬਦਲ ਦਿੱਤਾ ਗਿਆ ਹੈ। ਇਸ ਨਾਲ ਬੱਸਾਂ ਵਿੱਚ ਭੀੜ ਘੱਟ ਹੋਣ ਦਾ ਅਨੁਮਾਨ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਨਵੇਂ ਰੂਟ ਜੂਨ 2020 ਤੋਂ ਸ਼ੁਰੂ ਹੋਣਗੇ ਜੋ ਕਿ ਨਿਸਚਿਤ ਕਾਰਜਕ੍ਰਮ ਤੋਂ ਛੇ ਮਹੀਨੇ ਦੀ ਦੇਰੀ ਨਾਲ ਸ਼ੁਰੂ ਹੋਣਗੇ।



# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

### ਸਰਕਾਰ ਕਾਂਗਰਸ ਦੀ, ਅਫ਼ਸਰ ਹਾਲੇ ਵੀ ਅਕਾਲੀਆਂ ਦੇ

ਪੰਜਾਬ ਵਿਚ ਕਾਂਗਰਸ ਸਰਕਾਰ ਆਉਣ ਤੋਂ ਬਾਅਦ ਕਿਹਾ ਜਾ ਰਿਹਾ ਸੀ ਕਿ ਹਰ ਵਿਭਾਗ ਦੇ ਅਫ਼ਸਰਾਂ ਨੂੰ ਬਦਲਿਆ ਜਾਵੇਗਾ। ਨਵੀਂ ਸਰਕਾਰ ਆਪਣੇ ਚਹੇਤੇ ਅਫ਼ਸਰਾਂ ਨੂੰ ਆਪਣੀ ਸਹੂਲਤ ਅਨੁਸਾਰ ਤੈਨਾਤ ਕਰ ਸਕਦੀ ਹੈ, ਪਰ ਕਾਂਗਰਸ ਸਰਕਾਰ ਨੇ ਹਾਲੇ ਤੱਕ ਅਕਾਲੀ ਸਰਕਾਰ ਵਲੋਂ ਤੈਨਾਤ ਅਫ਼ਸਰਾਂ ਨੂੰ ਨਹੀਂ ਬਦਲਿਆ ਹੈ। ਅਜਿਹੇ ਵਿਚ ਅਕਾਲੀ ਨੇਤਾਵਾਂ ਦਾ ਕੋਈ ਵੀ ਕੰਮ ਹਾਲੇ ਵੀ ਨਹੀਂ ਰੁਕ ਰਿਹਾ ਹੈ। ਉਨ੍ਹਾਂ ਦੇ ਸਾਰੇ ਕੰਮ ਪਹਿਲਾਂ ਵਾਂਗ ਹੀ ਤੇਜ਼ੀ ਨਾਲ ਹੋ ਰਹੇ ਹਨ। ਜਦਕਿ ਕਈ ਥਾਵਾਂ 'ਤੇ ਕਾਂਗਰਸੀ ਨੇਤਾਵਾਂ ਦਾ ਦੋਸ਼ ਹੈ ਕਿ ਉਨ੍ਹਾਂ ਦੀ ਪਾਰਟੀ ਦੇ ਸੱਤਾ ਵਿਚ ਹੋਣ ਦੇ ਬਾਵਜੂਦ ਕਾਂਗਰਸ ਆਗੂਆਂ ਦੇ ਕੰਮ ਨਹੀਂ ਹੋ ਰਹੇ ਹਨ।

### ਭਾਜਪਾ ਨੂੰ ਨਵਾਂ ਮੁਖੀ ਮਿਲਿਆ, ਮੀਡੀਆ ਇੰਚਾਰਜ ਕੌਣ!

ਪੰਜਾਬ ਭਾਜਪਾ ਦੇ ਨਵੇਂ ਮੁਖੀ ਸ਼ਵੇਤ ਮਲਿਕ ਦੀ ਨਿਯੁਕਤੀ ਮਗਰੋਂ ਹੁਣ ਇਹ ਚਰਚਾ ਜ਼ੋਰਾਂ 'ਤੇ ਹੈ ਕਿ ਪੰਜਾਬ ਭਾਜਪਾ ਦਾ ਮੀਡੀਆ ਇੰਚਾਰਜ ਕੌਣ ਹੋਵੇਗਾ। ਇਸ ਨੂੰ ਲੈ ਕੇ ਤਿੰਨ ਪਾਰਟੀ ਨੇਤਾ ਦੌੜ ਵਿਚ ਹਨ। ਜਦੋਂ ਤੋਂ ਸ਼ਵੇਤ ਮਲਿਕ ਨੂੰ ਪਾਰਟੀ ਸੂਬਾ ਪ੍ਰਧਾਨ ਬਣਾਉਣ ਲਈ ਉਨ੍ਹਾਂ ਦੇ ਨਾਂ ਦਾ ਐਲਾਨ ਹੋਇਆ, ਉਦੋਂ ਤੋਂ ਹੀ ਇਨ੍ਹਾਂ ਤਿੰਨੇ ਨੇਤਾਵਾਂ ਨੇ ਵੀ ਮੀਡੀਆ ਇੰਚਾਰਜ ਦੇ ਅਹੁਦੇ ਲਈ ਜੋੜ-ਤੋੜ ਸ਼ੁਰੂ ਕਰ ਦਿੱਤਾ ਹੈ। ਤਿੰਨਾਂ ਦੇ ਨਾਲ ਜੁੜੇ ਪਾਰਟੀ ਨੇਤਾ ਵੀ ਆਪਣੇ ਆਪਣੇ ਪੱਧਰ 'ਤੇ ਇਨ੍ਹਾਂ ਨੂੰ ਮੀਡੀਆ ਇੰਚਾਰਜ ਬਣਾਉਣ ਲਈ ਜ਼ੋਰ ਲਗਾ ਰਹੇ ਹਨ। ਹੁਣ ਇਹ ਅਹੁਦਾ ਕਿਸ ਨੂੰ ਮਿਲੇਗਾ, ਇਸ 'ਤੇ ਸਾਰਿਆਂ ਦੀ ਨਜ਼ਰ ਹੈ।



### ਬਾਦਲ ਸਾਹਿਬ, ਹੁਣ ਖਾ ਰਹੇ ਹਨ ਉਬਲੀਆਂ ਸਬਜ਼ੀਆਂ!

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਮਰ ਵਧਣ ਦੇ ਨਾਲ ਨਾਲ ਆਪਣੀ ਸਿਹਤ 'ਤੇ ਜ਼ਿਆਦਾ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਹੈ। ਕਰੀਬ 90 ਸਾਲ ਦੇ ਬਾਦਲ ਨੇ ਡਾਇਟੀਸ਼ੀਅਰ ਦੀ ਸਲਾਹ ਅਨੁਸਾਰ ਚਾਰਟ ਬਣਾ ਕੇ ਖਾਣਾ ਸ਼ੁਰੂ ਕਰ ਦਿੱਤਾ ਹੈ। ਪਹਿਲਾਂ ਜਿੱਥੇ ਉਹ ਸਰਦੀਆਂ ਵਿਚ ਪੰਜੀਰੀ, ਦੁੱਧ ਅਤੇ ਹੋਰ ਚੀਜ਼ਾਂ ਖਾਂਦੇ ਸਨ, ਉਥੇ ਡਾਇਟੀਸ਼ੀਅਨ ਦੀ ਸਲਾਹ ਅਨੁਸਾਰ ਉਬਲੀਆਂ ਸਬਜ਼ੀਆਂ ਨੂੰ ਜ਼ਿਆਦਾ ਤਰਜੀਹ ਦੇ ਰਹੇ ਹਨ। ਖਾਣੇ ਵਿਚ ਫਾਈਬਰ ਕਿੰਨਾ ਹੋਵੇ ਅਤੇ ਦੂਸਰੇ ਵਿਟਾਮਿਨ ਅਤੇ ਕੈਲਸ਼ੀਅਮ ਕਿੰਨਾ ਹੋਵੇ, ਇਹ ਸਭ ਡਾਇਟੀਸ਼ੀਅਨ ਦੀ ਸਲਾਹ ਅਨੁਸਾਰ ਲਿਆ ਜਾ ਰਿਹਾ ਹੈ। ਉਥੇ ਕਸਰਤ ਕਰਨ ਦੀ ਆਦਤ ਵੀ ਨਹੀਂ ਛੱਡੀ ਹੈ।

### ਮੁਲਾਜ਼ਮਾਂ ਦੇ ਮਸਲੇ ਜ਼ਿਲ੍ਹਾ ਪੱਧਰ ਤੋਂ ਅੱਗੇ ਨਾ ਟੱਪੇ

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਰਬਾਰ ਵਿਚ ਮੁਲਾਜ਼ਮਾਂ ਦੇ ਮਸਲੇ ਜ਼ਿਲ੍ਹਾ ਪੱਧਰ 'ਤੇ ਹੀ ਸੀਮਤ ਮੰਨ ਕੇ ਵਿਚਾਰੇ ਜਾਣ ਤੋਂ ਮੁਲਾਜ਼ਮ ਧਿਰਾਂ ਔਖੀਆਂ ਹਨ। ਦੱਸਿਆ ਜਾਂਦਾ ਹੈ ਕਿ ਮੁਲਾਜ਼ਮ ਵਫ਼ਦ ਜਦੋਂ ਦੂਰ-ਦੁਰਾਡੇ ਤੋਂ ਆਪਣੀਆਂ ਸੂਬਾ ਪੱਧਰੀ ਮੰਗਾਂ ਦੇ ਨਿਪਟਾਰੇ ਲਈ ਮੁੱਖ ਮੰਤਰੀ ਦੇ ਦਰਬਾਰ ਚੰਡੀਗੜ੍ਹ 'ਚ ਪਹੁੰਚ ਕਰਦੇ ਹਨ ਤਾਂ ਉੱਥੇ ਮੁਲਾਜ਼ਮਾਂ ਪਾਸੋਂ ਜ਼ਿਲ੍ਹਾ ਪੁੱਛ ਕੇ ਜ਼ਿਲ੍ਹੇ ਨਾਲ ਸਬੰਧਤ ਓ.ਐਸ.ਡੀ. ਕੋਲ ਜਾਣ ਲਈ ਕਹਿ ਦਿੱਤਾ ਜਾਂਦਾ ਹੈ। ਓ.ਐਸ.ਡੀਜ਼ ਕੋਲ ਵੱਖ ਵੱਖ ਜ਼ਿਲ੍ਹੇ ਅਲਾਟ ਕੀਤੇ ਹੋਏ ਹੋਣ ਦੀ ਵਜ੍ਹਾ ਜ਼ਿਲ੍ਹਾ ਪੱਧਰ 'ਤੇ ਮਸਲੇ ਸੁਣੇ ਜਾਣ ਦੀ ਵਿਵਸਥਾ ਕਾਇਮ ਕੀਤੀ ਹੋਈ ਹੈ। ਦੱਸਿਆ ਜਾਂਦਾ ਹੈ ਕਿ ਅਜਿਹੀ ਵਿਵਸਥਾ ਕਾਰਨ ਵੱਖ ਵੱਖ ਮਸਲੇ ਜ਼ਿਲ੍ਹਾ ਪੱਧਰ ਤੋਂ ਅੱਗੇ ਟੱਪ ਹੀ ਨਹੀਂ ਰਹੇ। ਅੱਗੇ ਸੁਣਵਾਈ ਨਾ ਹੋਣ ਕਾਰਨ ਮੁਲਾਜ਼ਮ ਆਗੂਆਂ ਦਾ ਔਖਾ ਹੋਣਾ ਸੁਭਾਵਕ ਹੀ ਹੈ।

### ਹਾਲੇ ਵੀ ਤੇਰੀ ਆਂ ਮੁਲਾਹਜ਼ੇਦਾਰਾ...!!

ਪੰਜਾਬ ਪੁਲੀਸ ਤੇ ਅਕਾਲੀ ਆਗੂਆਂ ਵਿਚਾਲੇ ਮੁਲਾਹਜ਼ੇਦਾਰੀ ਜਾਰੀ ਪੰਜਾਬ ਪੁਲੀਸ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਸਮੇਤ ਹੋਰ ਸੀਨੀਅਰ ਆਗੂਆਂ ਖ਼ਿਲਾਫ਼ ਕੌਮੀ ਮਾਰਗ ਰੋਕਣ ਦੇ ਮਾਮਲੇ ਵਿਚ 4 ਮਹੀਨੇ ਪਹਿਲਾਂ ਦਰਜ ਕੀਤੇ ਕੇਸ ਮਹਿਜ਼ ਖਾਨਾਪੂਰਤੀ ਸਾਬਤ ਹੋ ਰਹੇ ਹਨ। ਗ਼ੈਰ-ਸਰਕਾਰੀ ਸੰਸਥਾ 'ਹੈਲਪ' ਦੇ ਨੁਮਾਇੰਦੇ ਪਰਵਿੰਦਰ ਸਿੰਘ ਕਿੱਤਣਾ ਨੇ ਸੂਚਨਾ ਦਾ ਅਧਿਕਾਰ (ਆਰਟੀਆਈ) ਐਕਟ ਤਹਿਤ ਜਦੋਂ ਜ਼ਿਲ੍ਹਾ ਪੁਲੀਸ ਮੁਖੀਆਂ ਤੋਂ ਜਾਣਕਾਰੀ ਮੰਗੀ ਤਾਂ ਪੁਲੀਸ ਨੇ ਅਕਾਲੀ ਆਗੂਆਂ ਖ਼ਿਲਾਫ਼ ਦਰਜ ਕੇਸਾਂ ਸਬੰਧੀ ਕਾਰਵਾਈ ਕਰਨ ਦੇ ਸਵਾਲਾਂ ਦਾ ਜਵਾਬ ਦੇਣ ਦੀ ਥਾਂ ਚੁੱਪ ਵੱਟ ਲਈ। ਇਕ ਜ਼ਿਲ੍ਹਾ ਪੁਲੀਸ ਮੁਖੀ ਨੇ ਜੇਕਰ ਜਾਣਕਾਰੀ ਦਿੱਤੀ ਵੀ ਹੈ ਤਾਂ ਉਸ ਨੂੰ ਝੂਠ ਮੰਨਿਆ ਜਾ ਸਕਦਾ ਹੈ ਤੇ ਆਰਟੀਆਈ ਐਕਟ ਤਹਿਤ ਗ਼ਲਤ ਜਾਣਕਾਰੀ ਦੇਣਾ ਵੀ ਗ਼ੈਰਕਾਨੂੰਨੀ ਹੈ। ਸ੍ਰੀ ਕਿੱਤਣਾ ਨੇ ਦੱਸਿਆ ਕਿ ਤਰਨ ਤਾਰਨ ਦੇ ਜ਼ਿਲ੍ਹਾ ਪੁਲੀਸ ਮੁਖੀ ਨੇ ਕਿਹਾ ਹੈ ਕਿ ਜਿਨ੍ਹਾਂ ਅਕਾਲੀ ਆਗੂਆਂ ਨੇ ਕੌਮੀ ਮਾਰਗ ਜਾਮ ਕੀਤਾ ਸੀ, ਦੀ ਭਾਲ ਕੀਤੀ ਜਾ ਰਹੀ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਜਿਨ੍ਹਾਂ ਅਕਾਲੀ ਆਗੂਆਂ ਨੇ ਤਰਨ ਤਾਰਨ ਜ਼ਿਲ੍ਹੇ ਵਿਚ ਸੜਕਾਂ ਜਾਮ ਕੀਤੀਆਂ ਸਨ, ਉਹ ਰੂਪੋਸ਼ ਨਹੀਂ ਹੋਏ, ਸਗੋਂ ਰੋਜ਼ਾਨਾ ਸਰਕਾਰੀ ਦਫ਼ਤਰਾਂ ਦੇ ਚੱਕਰ ਕੱਢਦੇ ਹਨ। ਜ਼ਿਕਰਯੋਗ ਹੈ ਕਿ ਨਗਰ ਪੰਚਾਇਤ ਚੋਣਾਂ ਵਿਚ ਧੱਕੇਸ਼ਾਹੀ ਦੇ ਦੋਸ਼ ਲਾਉਂਦਿਆਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਪੰਜਾਬ ਦੀਆਂ ਤਕਰੀਬਨ ਸਾਰੀਆਂ ਸੜਕਾਂ 'ਤੇ ਹੀ ਘੰਟਿਆਂਬੱਧੀ ਚੱਕਾ ਜਾਮ ਕਰੀ ਰੱਖਿਆ ਸੀ। ਜਿਹੜੇ ਅਕਾਲੀ ਆਗੂਆਂ ਨੇ ਕੌਮੀ ਮਾਰਗ ਜਾਮ ਕੀਤੇ ਸਨ, ਉਨ੍ਹਾਂ ਵਿਚ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬਿਕਰਮ ਸਿੰਘ ਮਜੀਠੀਆ ਸਮੇਤ ਹੋਰ ਸੀਨੀਅਰ ਆਗੂ ਵੀ ਸ਼ਾਮਲ ਸਨ।

### ਹੁਣ ਬੈਂਸ ਬਰਦਰਜ਼ ਦਾ ਵੀ ਜਾਗਿਆ ਪੰਥਕ ਮੋਹ



ਲੁਧਿਆਣਾ ਵਿਚ ਕੌਂਸਲਰ ਤੋਂ ਵਿਧਾਇਕ ਬਣੇ ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਲਗਦਾ ਹੈ ਕਿ ਨਿਗਮ ਚੋਣਾਂ ਵਿਚ ਵੋਟਰਾਂ ਦੇ ਇਨਸਾਫ਼ ਤੋਂ ਨਾਖ਼ੁਸ਼ ਹਨ। ਆਪਣੇ ਹੀ ਸ਼ਹਿਰ ਵਿਚ ਪਾਰਟੀ ਦੀ ਜ਼ਮੀਨ ਖਿਸਕਦੀ ਦੇਖ ਵੱਡੇ ਭਰਾ ਵਿਧਾਇਕ ਬਲਵਿੰਦਰ ਸਿੰਘ ਬੈਂਸ ਨਾਲ ਪੰਥਕ ਸਿਆਸਤ ਵਿਚ ਹੱਥ ਅਜ਼ਮਾਉਣ ਦੇ ਮੂਡ ਵਿਚ ਹਨ। ਅੰਮ੍ਰਿਤਸਰ ਵਿਚ ਜਦੋਂ ਜਥੇਦਾਰ ਬਲਵਿੰਦਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਿਆਸਤ ਨੂੰ ਲੈ ਕੇ ਬਾਦਲ-ਕੈਂਪ 'ਤੇ ਸਿਆਸੀ ਵਾਰ ਕੀਤੇ ਤਾਂ ਛੋਟੇ ਬੈਂਸ ਨੇ ਵੀ ਤਿੱਖੇ ਵਾਣ ਛੱਡੇ। ਮਕਸਦ ਸੰਗਤ ਨੂੰ ਇਹੀ ਸੁਨੇਹਾ ਦੇਣਾ ਰਿਹਾ ਕਿ ਬੈਂਸ ਬਰਦਰਜ ਨੂੰ ਅੱਗੇ ਲਿਆਉ, ਬਾਦਲ ਟੀਮ ਤੋਂ ਪੰਥ ਨੂੰ ਬਚਾਉ।

### ਕੈਪਟਨ ਸਰਕਾਰ ਕੋਲ ਧਮਕੀ ਦੇਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ!!

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬਾਈ ਪੁਲੀਸ



ਵਿਚ ਫੈਲੀ ਬਗ਼ਾਵਤ ਨੂੰ ਦਬਾਉਣ ਲਈ ਅਨੁਸ਼ਾਸਨ ਭੰਗ ਕਰਨ ਵਾਲੇ ਪੁਲੀਸ ਅਧਿਕਾਰੀਆਂ ਨੂੰ ਸੁਧਰ ਜਾਣ ਦੀ ਚੇਤਾਵਨੀ ਦਿੱਤੀ ਹੈ। ਸੂਤਰਾਂ ਨੇ ਮੁੱਖ ਮੰਤਰੀ ਦੀ ਧਮਕੀ ਵਿਚਲੇ ਸੱਚ ਨੂੰ ਬਿਆਨ ਕਰਦਿਆਂ ਦੱਸਿਆ ਕਿ ਸਰਕਾਰ ਕੋਲ ਇਸ ਤਰ੍ਹਾਂ ਦੀ ਧਮਕੀ ਦੇਣ ਤੋਂ ਬਿਨਾਂ ਚਾਰਾ ਵੀ ਕੋਈ ਨਹੀਂ ਬਚਿਆ ਕਿਉਂਕਿ ਡੀਜੀਪੀ ਰੈਂਕ ਦੇ ਜਿਸ ਅਧਿਕਾਰੀ ਸਿਧਾਰਥ ਚਟੋਪਾਧਿਆਇ ਨੇ ਦੋ ਹੋਰਨਾਂ ਡੀਜੀਪੀਜ਼ (ਸੁਰੇਸ਼ ਅਰੋੜਾ ਅਤੇ ਦਿਨਕਰ ਗੁਪਤਾ) ਬਾਰੇ ਸਨਸਨੀਖੇਜ਼ ਖੁਲਾਸੇ ਕੀਤੇ ਸਨ, ਉਸ ਤੋਂ ਬਾਅਦ ਜ਼ਰੂਰੀ ਸੀ ਕਿ ਇਕੋ ਦਬਕੇ ਨਾਲ ਹੋਰ ਵਿਰੋਧੀ ਸੁਰਾਂ ਮੱਠੀਆਂ ਕੀਤੀਆਂ ਜਾਣ। ਇਕ ਸੀਨੀਅਰ ਅਧਿਕਾਰੀ ਨੇ ਆਪਣਾ ਨਾਮ ਨਸ਼ਰ ਨਾ ਕਰਨ ਦੀ ਸ਼ਰਤ 'ਤੇ ਕਿਹਾ ਕਿ ਚਟੋਪਾਧਿਆਏ ਨੂੰ ਤਾਂ ਹਾਈ ਕੋਰਟ ਦਾ ਸਹਾਰਾ ਹੈ, ਪਰ ਬਾਕੀਆਂ ਨੂੰ ਤਾਂ ਦਬਕਾ ਮਾਰਿਆ ਜਾ ਸਕਦਾ ਹੈ।

### 'ਮਾੜੀ ਨਜ਼ਰ' ਰੱਖਣ ਵਾਲੇ ਆਈਜੀ 'ਤੇ ਪੁਲੀਸ ਦੀਆਂ 'ਟੇਢੀਆਂ ਨਜ਼ਰਾਂ'

ਪੰਜਾਬ ਪੁਲੀਸ ਦੇ ਇਕ ਆਈਜੀ ਰੈਂਕ ਦੇ ਪੁਲੀਸ ਅਧਿਕਾਰੀ 'ਤੇ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ ਜਾਣ 'ਤੇ ਜ਼ੁਬਾਨੀ ਪਾਬੰਦੀ ਲਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਆਈਜੀ ਨੇ ਐਡਵੋਕੇਟ ਜਨਰਲ ਦੇ ਦਫ਼ਤਰ ਵਿਚ ਕਿਸੇ ਮਹਿਲਾ ਨੂੰ 'ਮਾੜੀ ਨਜ਼ਰ' ਨਾਲ ਦੇਖਿਆ। ਮਾਮਲਾ ਜ਼ਿਆਦਾ ਤੂਲ ਫੜ੍ਹ ਗਿਆ। ਮਹਿਲਾ ਨੇ ਪੁਲੀਸ ਅਧਿਕਾਰੀ ਦਾ ਮਾਮਲਾ ਏਜੀ ਦਫ਼ਤਰ ਦੇ ਸੀਨੀਅਰ ਅਧਿਕਾਰੀਆਂ ਦੇ ਧਿਆਨ 'ਚ ਲਿਆਂਦਾ। ਉਸ ਤੋਂ ਬਾਅਦ ਸੀਨੀਅਰ ਪੁਲੀਸ ਅਧਿਕਾਰੀਆਂ ਨੂੰ ਵੀ ਘਟਨਾ ਬਾਰੇ ਦੱਸਿਆ ਗਿਆ। ਮਾਮਲੇ ਦੀ ਨਜ਼ਾਕਤ ਨੂੰ ਸਮਝਦਿਆਂ ਪੰਜਾਬ ਪੁਲੀਸ ਦੇ ਸੀਨੀਅਰ ਅਧਿਕਾਰੀਆਂ ਨੇ ਇਹੀ ਫ਼ੈਸਲਾ ਲਿਆ ਕਿ ਇਸ ਆਈਜੀ ਨੂੰ ਕਿਸੇ ਵੀ ਕੰਮ ਲਈ ਏਜੀ ਦਫ਼ਤਰ ਨਾ ਭੇਜਿਆ ਜਾਵੇ। ਹੁਣ ਜਦੋਂ ਵੀ ਕਦੇ ਏਜੀ ਦਫ਼ਤਰ ਕੋਈ ਪੁਲੀਸ ਅਧਿਕਾਰੀ ਭੇਜਣਾ ਹੁੰਦਾ ਹੈ ਤਾਂ ਯਕੀਨੀ ਬਣਾਇਆ ਜਾਂਦਾ ਹੈ ਕਿ ਇਹ ਅਧਿਕਾਰੀ ਉਕਤ ਆਈਜੀ ਨਾ ਹੋਵੇ।

### ਬਾਦਲਾਂ ਦੇ ਆਦਰਸ਼ ਸਕੂਲ ਵੀ ਸੰਕਟ ਵਿਚ

ਪੰਜਾਬ ਦੇ ਸਰਕਾਰੀ ਸਕੂਲਾਂ ਦੀ ਪੜ੍ਹਾਈ ਵਿਚ ਯੋਗ ਸੁਧਾਰ ਨਾ ਹੋਣ ਕਰਕੇ ਅਕਾਲੀ-ਭਾਜਪਾ ਸਰਕਾਰ ਵਲੋਂ ਖੋਲ੍ਹੇ ਹੋਰ ਸਕੂਲਾਂ ਦੀ ਤਰ੍ਹਾਂ ਹੁਣ ਮੈਰੀਟੋਰੀਅਸ ਸਕੂਲਾਂ ਉੱਤੇ ਵੀ ਸੰਕਟ ਦੇ ਬੱਦਲ ਮੰਡਰਾਉਣ ਲੱਗੇ ਹਨ। ਬਹੁਤੇ ਸਕੂਲਾਂ ਦੇ ਪ੍ਰਿੰਸੀਪਲ ਛੱਡ ਕੇ ਜਾ ਚੁੱਕੇ ਹਨ। ਅਧਿਆਪਕ ਅਤੇ ਬਾਕੀ ਸਟਾਫ਼ ਦੀ ਕਮੀ ਲਗਾਤਾਰ ਸਮੱਸਿਆ ਬਣੀ ਹੋਈ ਹੈ ਅਤੇ ਲੋੜੀਂਦੇ ਵਿਦਿਆਰਥੀ ਨਾ ਮਿਲ ਸਕਣ ਕਰਕੇ ਲਗਭਗ ਤੀਹ ਫ਼ੀਸਦ ਸੀਟਾਂ ਖਾਲੀ ਰਹਿੰਦੀਆਂ ਹਨ। ਹਰ ਹਲਕੇ ਵਿਚ ਪੜ੍ਹਨ ਵਿਚ ਤੇਜ਼, ਪਰ ਵਿੱਤੀ ਤੌਰ 'ਤੇ ਗ਼ਰੀਬ ਬੱਚਿਆਂ ਨੂੰ ਸਿੱਖਿਆ ਦੇਣ ਲਈ ਜਨਤਕ-ਨਿੱਜੀ ਭਾਈਵਾਲੀ ਨਾਲ ਆਦਰਸ਼ ਸਕੂਲ ਖੋਲ੍ਹਣ ਦੀ ਯੋਜਨਾ ਵੀ ਸੰਕਟ ਵਿਚ ਹੈ, ਕਿਉਂਕਿ ਇਨ੍ਹਾਂ ਸਕੂਲਾਂ ਦੇ ਨਿੱਜੀ ਭਾਈਵਾਲ ਛੱਡ ਗਏ ਜਾਂ ਛੱਡਣ ਲਈ ਤਿਆਰ ਹਨ। ਹੁਣ ਸਿੱਖਿਆ ਵਿਭਾਗ ਅਜਿਹੇ ਸਕੂਲਾਂ ਨੂੰ ਆਪਣੇ ਅਧੀਨ ਲਿਆਉਣ 'ਤੇ ਵਿਚਾਰ ਕਰ ਰਿਹਾ ਹੈ।

### ਬਾਦਲ ਜੀ ਕਿਸੇ ਨੇ ਨਾ ਸਾਡੀ ਬਾਤ ਪੁੱਛੀ!

ਮੈਰੀਟੋਰੀਅਸ ਸਕੂਲ ਬਠਿੰਡਾ ਵਿਚ ਅਧਿਆਪਕ ਬਹੁਤੀ ਦੇਰ ਟਿਕਣ ਨੂੰ ਤਰਜੀਹ ਨਹੀਂ ਦੇ ਰਹੇ। ਜਿਉਂ ਹੀ ਉਨ੍ਹਾਂ ਨੂੰ ਕਿਤੇ ਹੋਰ ਨੌਕਰੀ ਦਾ ਬਿਹਤਰ ਬਦਲ ਮਿਲਦਾ ਹੈ ਤਾਂ ਉਹ ਸਕੂਲ ਛੱਡ ਜਾਂਦੇ ਹਨ। ਜ਼ਿਕਰਯੋਗ ਹੈ ਕਿ ਇਹ ਸਕੂਲ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ 'ਡਰੀਮ ਪ੍ਰੋਜੈਕਟ' ਸਨ, ਪਰ ਕੈਪਟਨ ਅਮਰਿੰਦਰ ਸਿੰਘ ਦੇ ਸੱਤਾ ਸੰਭਾਲਣ ਮਗਰੋਂ ਇਨ੍ਹਾਂ ਦਾ ਕੋਈ ਵਾਲੀ-ਵਾਰਸ ਨਹੀਂ ਰਿਹਾ। ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ 8 ਦਸੰਬਰ 2013 ਨੂੰ ਬਠਿੰਡਾ ਦੇ ਮੈਰੀਟੋਰੀਅਸ ਸਕੂਲ ਦਾ ਨੀਂਹ ਪੱਥਰ ਰੱਖਿਆ ਸੀ। ਸ੍ਰੀ ਬਾਦਲ ਇਸ ਸਕੂਲ ਨਾਲ ਭਾਵੁਕ ਤੌਰ 'ਤੇ ਐਨਾ ਜੁੜੇ ਹੋਏ ਹਨ ਕਿ ਸੱਤਾ ਖੁੱਸਣ ਮਗਰੋਂ ਵੀ ਉਹ ਸਕੂਲ ਦਾ ਗੇੜਾ ਮਾਰਦੇ ਰਹਿੰਦੇ ਹਨ। ਪ੍ਰਾਪਤ ਜਾਣਕਾਰੀ ਮੁਤਾਬਕ ਇਸ ਸਕੂਲ ਵਿਚ ਕਰੀਬ 1000 ਸੀਟਾਂ ਹਨ, ਜਿਨ੍ਹਾਂ 'ਚੋਂ 600 ਸੀਟਾਂ ਲੜਕੀਆਂ ਤੇ 400 ਸੀਟਾਂ ਲੜਕਿਆਂ ਲਈ ਹਨ। ਸਕੂਲ ਵਿਚ ਕੋਈ ਪੱਕਾ ਪ੍ਰਿੰਸੀਪਲ ਨਹੀਂ ਹੈ। ਕੰਮ ਚਲਾਉਣ ਲਈ ਸਕੂਲ ਮੁਖੀ ਦਾ ਚਾਰਜ ਰੂਬੀ ਗੁਪਤਾ ਨੂੰ ਦਿੱਤਾ ਗਿਆ ਹੈ, ਜੋ ਇਕ ਹੋਰ ਸਰਕਾਰੀ ਸਕੂਲ ਦੇ ਪ੍ਰਿੰਸੀਪਲ ਵੀ ਹਨ। ਸਕੂਲ ਵਿਚ ਸਾਇੰਸ ਗਰੁੱਪ ਕਾਫ਼ੀ ਕਾਮਯਾਬੀ ਨਾਲ ਚੱਲਦਾ ਰਿਹਾ ਹੈ, ਪਰ ਜਦੋਂ ਅਧਿਆਪਕਾਂ ਦੀ ਨਿਯੁਕਤੀ ਸਿੱਖਿਆ ਵਿਭਾਗ ਵਿਚ ਹੋ ਜਾਂਦੀ ਹੈ ਤਾਂ ਉਹ ਸਕੂਲ ਛੱਡ ਕੇ ਚਲੇ ਜਾਂਦੇ ਹਨ। ਸਕੂਲ ਵਿਚ ਸਟਾਫ਼ ਦੀ ਕਾਫ਼ੀ ਕਮੀ ਹੈ। ਸਕੂਲ ਦੇ ਅੰਦਰ ਹੀ ਹੋਸਟਲ ਬਣਿਆ ਹੋਇਆ ਹੈ ਅਤੇ ਪ੍ਰਤੀ ਮਹੀਨਾ ਮੈੱਸ ਦਾ ਬਿੱਲ ਔਸਤਨ 35 ਲੱਖ ਰੁਪਏ ਦੇ ਕਰੀਬ ਬਣਦਾ ਹੈ। ਕੈਪਟਨ ਸਰਕਾਰ ਬਣਨ ਮਗਰੋਂ ਕਰੀਬ ਚਾਰ ਮਹੀਨੇ ਤੋਂ ਮੈੱਸ ਠੇਕੇਦਾਰ ਨੂੰ ਅਦਾਇਗੀ ਨਹੀਂ ਕੀਤੀ ਗਈ। ਮੌਜੂਦਾ ਸਮੇਂ ਵਿਚ ਬਾਰ੍ਹਵੀਂ ਜਮਾਤ ਵਿਚ 175 ਲੜਕੇ ਅਤੇ 296 ਲੜਕੀਆਂ ਸਿਖਿਆ ਹਾਸਲ ਕਰ ਰਹੇ ਹਨ। ਚਾਲੂ ਸੈਸ਼ਨ ਵਿਚ ਕਰੀਬ 14 ਵਿਦਿਆਰਥੀ ਸਕੂਲ ਛੱਡ ਕੇ ਜਾ ਚੁੱਕੇ ਹਨ। ਵੇਰਵਿਆਂ ਅਨੁਸਾਰ ਇਸ ਮੈਰੀਟੋਰੀਅਸ ਸਕੂਲ ਨੂੰ 3 ਅਗਸਤ 2014 ਤੋਂ ਹੁਣ ਤੱਕ 195 ਦੇ ਕਰੀਬ ਵਿਦਿਆਰਥੀ ਅਲਵਿਦਾ ਆਖ ਚੁੱਕੇ ਹਨ। ਦੱਸਣਯੋਗ ਹੈ ਕਿ ਸੂਬਾ ਸਰਕਾਰ ਨੇ ਇਨ੍ਹਾਂ ਸਕੂਲਾਂ 'ਤੇ ਕਰੀਬ 176.44 ਕਰੋੜ ਰੁਪਏ ਖ਼ਰਚ ਕੀਤੇ ਸਨ।

### ਕੀ ਕਿਸੇ ਨੂੰ ਨਹੀਂ ਚਾਹੀਦੀ 'ਆਪ' ਦੀ ਸਰਦਾਰੀ?

ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਵਲੋਂ ਮਾਣਹਾਨੀ ਮਾਮਲੇ ਵਿਚ ਬਿਕਰਮ ਸਿੰਘ ਮਜੀਠੀਆ ਤੋਂ ਮੁਆਫ਼ੀ ਮੰਗਣ ਮਗਰੋਂ 'ਆਪ' ਦੇ ਸੂਬਾ ਪ੍ਰਧਾਨ ਭਗਵੰਤ ਮਾਨ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਇਸ ਤੋਂ ਇਲਾਵਾ ਪਾਰਟੀ ਦੇ ਪੰਜਾਬ ਦੇ ਜ਼ਿਆਦਾਤਰ ਵਿਧਾਇਕ ਅਤੇ ਨੇਤਾ ਕੇਜਰੀਵਾਲ ਨਾਲ ਨਾਰਾਜ਼ ਹੋ ਗਏ ਸਨ। ਹਾਲੇ ਵੀ ਜ਼ਿਆਦਾਤਰ ਨੇਤਾ ਉਨ੍ਹਾਂ ਨਾਲ ਨਾਰਾਜ਼ ਹਨ। ਉਧਰ ਭਗਵੰਤ ਮਾਨ ਦੇ ਅਸਤੀਫ਼ੇ ਮਗਰੋਂ ਹਾਲੇ ਤੱਕ ਪਾਰਟੀ ਦੇ ਕਿਸੇ ਵੀ ਨੇਤਾ ਨੇ 'ਆਪ' ਦੇ ਸੂਬਾ ਪ੍ਰਧਾਨ ਦੇ ਅਹੁਦੇ ਲਈ ਦਾਅਵਾ ਪੇਸ਼ ਨਹੀਂ ਕੀਤਾ ਹੈ। ਨਾ ਤਾਂ ਪਾਰਟੀ ਦੇ ਕਿਸੇ ਹੋਰ ਨੇਤਾ ਨੂੰ ਹਾਲੇ ਤੱਕ ਸੂਬਾ ਪ੍ਰਧਾਨ ਦੇ ਅਹੁਦੇ 'ਤੇ ਤੈਨਾਤ ਕਰਨ ਦਾ ਯਤਨ ਕੀਤਾ ਹੈ।

# ਇਕ ਦਹਾਕੇ 'ਚ 51% ਵਧੇ ਦਲਿਤ ਸ਼ੋਸ਼ਣ ਦੇ ਮਾਮਲੇ 15% ਝੂਠੇ ਵੀ ਨਿਕਲੇ

**ਭਾਰਤ ਵਿਚ 20.14 ਕਰੋੜ ਦਲਿਤ ਹਨ। ਭਾਵ ਕੁੱਲ ਆਬਾਦੀ ਦਾ 16.6% ਹਿੱਸਾ।**

**ਚੰਡੀਗੜ੍ਹ :** ਦਲਿਤਾਂ ਨੇ ਐਸ.ਸੀ.-ਐਸ.ਟੀ. ਐਕਟ ਤਹਿਤ ਤੁਰੰਤ ਗ੍ਰਿਫ਼ਤਾਰੀ 'ਤੇ ਰੋਕ ਖ਼ਿਲਾਫ਼ ਦੇਸ਼ ਭਰ ਵਿਚ ਪ੍ਰਦਰਸ਼ਨ ਕੀਤਾ। ਸਭ ਤੋਂ ਜ਼ਿਆਦਾ ਹਿੰਸਾ ਮੱਧ ਪ੍ਰਦੇਸ਼ ਵਿਚ ਹੋਈ। ਸ਼ਾਇਦ ਇਸ ਲਈ ਵੀ ਕਿ ਇੱਥੇ ਇਨ੍ਹਾਂ ਖ਼ਿਲਾਫ਼ ਹੋਣ ਵਾਲੇ ਅਪਰਾਧ ਲਗਾਤਾਰ ਵਧੇ ਹਨ। 2014 ਤੋਂ 2016 ਦੌਰਾਨ ਹੀ ਸੂਬੇ ਵਿਚ ਅਜਿਹੇ ਦਰਜ ਮਾਮਲਿਆਂ ਵਿਚ 49 ਫ਼ੀਸਦੀ ਵਾਧਾ ਹੋਇਆ ਹੈ। ਹਾਲਾਂਕਿ ਐਸ.ਸੀ.-ਐਸ.ਟੀ. ਐਕਟ ਤਹਿਤ ਦਰਜ ਮਾਮਲਿਆਂ ਵਿਚ ਵਾਧਾ ਸਿਰਫ਼ ਇਹੀ ਨਹੀਂ ਹੈ। ਇਕ ਦਹਾਕੇ ਵਿਚ ਦੇਸ਼ ਭਰ ਵਿਚ ਦਲਿਤਾਂ ਖ਼ਿਲਾਫ਼ ਹੋਣ ਵਾਲੇ ਅਪਰਾਧ 51 ਫ਼ੀਸਦੀ ਜ਼ਿਆਦਾ ਦਰਜ ਹੋਏ ਹਨ। 2016 ਵਿਚ ਦਲਿਤਾਂ ਨੇ ਐਸ.ਸੀ.-ਐਸ. ਟੀ. ਐਕਟ ਵਿਚ 40 ਹਜ਼ਾਰ 801 ਮਾਮਲੇ ਦਰਜ ਕਰਵਾਏ ਸਨ। ਪਰ ਇਕ ਹਕੀਕਤ ਇਹ ਵੀ ਹੈ ਕਿ ਇਨ੍ਹਾਂ ਵਿਚ ਝੂਠੇ ਮਾਮਲਿਆਂ ਦੀ ਸੰਖਿਆ ਹਾਲੇ ਵੀ 15 ਫ਼ੀਸਦੀ ਤੋਂ ਜ਼ਿਆਦਾ ਹੈ। ਇਨ੍ਹਾਂ ਵਿਚੋਂ 6216 ਨੂੰ ਝੂਠਾ ਜਾਂ ਗ਼ਲਤ ਤੱਥਾਂ 'ਤੇ ਆਧਾਰਤ ਪਾਇਆ ਗਿਆ ਹੈ।

ਉਂਞੇ ਹੀ ਇਕ ਦਹਾਕਾ ਪਹਿਲਾਂ ਦੇ ਮੁਕਾਬਲੇ ਤਾਂ ਇਹ ਘੱਟ ਹੀ ਹਨ। ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਦੀ ਰਿਪੋਰਟ ਦੱਸਦੀ ਹੈ ਕਿ 2006 ਵਿਚ ਅਜਿਹੇ 5664 ਭਾਵ ਤਕਰੀਬਨ 21 ਫ਼ੀਸਦੀ ਝੂਠੇ ਜਾਂ ਗ਼ਲਤ ਤੱਥਾਂ 'ਤੇ ਆਧਾਰਤ ਪਾਏ ਗਏ ਸਨ। ਭਾਵ ਇਨ੍ਹਾਂ ਮਾਮਲਿਆਂ ਵਿਚ ਐਕਟ ਦਾ ਗ਼ਲਤ ਮਕਸਦ ਨਾਲ ਇਸਤੇਮਾਲ ਕਰਨ ਦਾ ਯਤਨ ਸੀ।

ਇਨ੍ਹਾਂ ਤੱਥਾਂ ਨੂੰ ਆਧਾਰ ਬਣਾਉਂਦੇ ਹੋਏ ਸੁਪਰੀਮ ਕੋਰਟ ਨੇ ਬਦਲਾਅ ਕੀਤਾ ਹੈ। ਇਸ ਤੋਂ ਬਾਅਦ ਸ਼ੁਰੂਆਤੀ ਜਾਂਚ ਵਿਚ ਮਾਮਲਾ ਸਹੀ ਪਾਏ ਜਾਣ 'ਤੇ ਗ੍ਰਿਫ਼ਤਾਰੀ ਹੋਵੇਗੀ।

**ਜਿਸ ਐਕਟ ਨੂੰ ਲੈ ਕੇ ਹਿੰਸਾ ਹੋਈ, ਉਹ ਆਖ਼ਰ ਹੈ ਕੀ ?**

ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਜਨਜਾਤੀ (ਜ਼ੁਲਮ ਰੋਕੂ) ਐਕਟ 1989 ਨੂੰ ਹੀ ਆਮ ਤੌਰ 'ਤੇ ਐਸ.ਸੀ.-ਐਸ.ਟੀ. ਐਕਟ ਕਿਹਾ ਜਾਂਦਾ ਹੈ। ਇਹ 11 ਸਤੰਬਰ 1989 ਨੂੰ ਸੰਸਦ ਵਿਚ ਪਾਸ ਹੋਇਆ ਅਤੇ 30 ਜਨਵਰੀ 1990 ਤੋਂ ਕਸ਼ਮੀਰ ਨੂੰ ਛੱਡ ਕੇ ਦੇਸ਼ ਭਰ ਵਿਚ ਲਾਗੂ ਹੋ ਗਿਆ। ਇਸ ਕਾਨੂੰਨ ਤਹਿਤ ਪੇਸ਼ੇ ਨੂੰ ਆਧਾਰ ਬਣਾ ਕੇ ਦਲਿਤ ਭਾਈਚਾਰੇ ਦੇ ਲੋਕਾਂ ਨੂੰ ਅਪਮਾਨਤ ਕਰਨਾ, ਨਾ ਖਾਧੀਆਂ ਜਾਣ ਵਾਲੀਆਂ ਚੀਜ਼ਾਂ ਜ਼ਬਰਦਸਤੀ ਖਿਲਾਉਣਾ ਜਾਂ ਸਮਾਜਕ ਬਾਈਕਾਟ ਕਰਨਾ ਅਪਰਾਧ ਮੰਨਿਆ ਗਿਆ। ਅਜਿਹੇ ਕੁੱਲ 22 ਮਾਮਲੇ ਇਸ ਐਕਟ ਵਿਚ ਸ਼ਾਮਲ ਕੀਤੇ ਗਏ।

## ਇਨ੍ਹਾਂ 3 ਤੱਥਾਂ ਰਾਹੀਂ ਸਮਝੋ ਪੂਰਾ ਮਾਮਲਾ

**ਸੁਪਰੀਮ ਕੋਰਟ ਨੇ ਕੀ ਬਦਲਾਅ ਕੀਤੇ ਹਨ ?**

ਸੁਪਰੀਮ ਕੋਰਟ ਨੇ 20 ਮਾਰਚ ਨੂੰ ਇਕ ਮਾਮਲੇ ਦੀ ਸੁਣਵਾਈ ਕਰਦਿਆਂ ਐਸ.ਸੀ.-ਐਸ.ਟੀ. ਐਕਟ ਦੀ ਦੁਰਵਰਤੋਂ 'ਤੇ ਚਿੰਤਾ ਜ਼ਾਹਰ ਕੀਤੀ। ਜਸਟਿਸ ਏ.ਕੇ. ਗੋਇਲ ਅਤੇ ਯੂਯੂ ਲਲਿਤ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਇਹ ਨਿਰਦੇਸ਼ ਦਿੱਤੇ...

ਜਿਸ 'ਤੇ ਦੋਸ਼ ਲੱਗੇ ਹਨ ਜੇਕਰ ਉਹ ਸਰਕਾਰੀ ਕਰਮਚਾਰੀ ਹੈ ਤਾਂ ਉਸ ਦੀ ਗ੍ਰਿਫ਼ਤਾਰੀ ਲਈ ਉਸ ਨੂੰ ਨਿਯੁਕਤ ਕਰਨ ਵਾਲੇ ਅਧਿਕਾਰੀ ਦੀ ਸਹਿਮਤੀ ਜ਼ਰੂਰੀ ਹੋਵੇਗੀ। ਜੇਕਰ ਸਰਕਾਰੀ ਕਰਮਚਾਰੀ ਨਹੀਂ ਹੈ ਤਾਂ ਐਸ.ਐਸ.ਪੀ. ਦੀ ਸਹਿਮਤੀ ਲੈਣਾ ਜ਼ਰੂਰੀ ਹੈ। ਇਸ ਦੇ ਨਾਲ ਅਦਾਲਤ ਨੇ ਇਹ ਵੀ ਕਿਹਾ ਹੈ ਕਿ ਮੁਲਜ਼ਮ ਦੀ ਅਗਾਊਂ ਜ਼ਮਾਨਤ 'ਤੇ ਪੂਰਨ ਪਾਬੰਦੀ ਨਹੀਂ ਹੈ, ਜੇਕਰ ਪਹਿਲੀ ਨਜ਼ਰੇ ਮਾਮਲਾ ਅਜਿਹਾ ਨਾ ਹੋਵੇ ਜਾਂ ਫਿਰ ਜਾਂਚ ਵਿਚ ਦੋਸ਼ ਮੰਦਭਾਵਨਾ ਜਾਂ ਗ਼ਲਤ ਇਰਾਦੇ ਨਾਲ ਲਗਾਏ ਜਾਣਾ ਸਾਹਮਣੇ ਆਵੇ।

ਜੇਕਰ ਕਿਸੇ ਵਿਅਕਤੀ ਖ਼ਿਲਾਫ਼ ਸ਼ਿਕਾਇਤ ਮਿਲੇ ਤਾਂ ਸੱਤ ਦਿਨਾਂ ਵਿਚ ਇਸ ਦੀ ਸ਼ੁਰੂਆਤੀ ਜਾਂਚ ਹੋਵੇ।

**ਅਦਾਲਤ ਵਿਚ ਕਿਵੇਂ ਆਇਆ ਮਾਮਲਾ ?**

ਅਦਾਲਤ ਦੇ ਇਸ ਨਿਰਦੇਸ਼ ਪਿੱਛੇ ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਵਿਚ ਸਥਿਤ ਸਰਕਾਰੀ ਕਾਲਜ ਫਾਰਮੇਸੀ (ਕਰਾਡ) ਦਾ ਜਨਵਰੀ 2006 ਦਾ ਵਿਵਾਦ ਸੀ। ਦਲਿਤ ਸਮਾਜ ਨਾਲ ਨਾਤਾ ਰੱਖਣ ਵਾਲੇ ਕਾਲਜ ਦੇ ਸਟੋਰਕੀਪਰ ਭਾਸਕਰ ਕਰਭਾਰੀ ਗਾਇਕਵਾਡ ਨੇ ਉਦੋਂ ਆਪਣੇ ਉਚ ਅਧਿਕਾਰੀ ਡਾਕਟਰ ਸਤੀਸ਼ ਭਿਸੇ ਅਤੇ ਡਾਕਟਰ ਕਿਸ਼ੋਰ ਬੁਰਾਡੇ 'ਤੇ ਐਸ.ਸੀ.-ਐਸ.ਟੀ. ਐਕਟ ਤਹਿਤ ਮਾਮਲਾ ਦਰਜ ਕਰਵਾਇਆ ਸੀ। ਪੁਲੀਸ ਨੇ ਮੁਲਜ਼ਮ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਲਈ ਸੂਬੇ ਦੇ ਡਾਇਰੈਕਟਰ (ਤਕਨੀਕੀ ਸਿੱਖਿਆ) ਸੁਭਾਸ਼ ਕਾਸ਼ੀਨਾਥ ਮਹਾਜਨ ਤੋਂ ਇਜਾਜ਼ਤ ਮੰਗੀ, ਪਰ ਉਨ੍ਹਾਂ ਨੇ ਦਿੱਤੀ ਨਹੀਂ। ਇਸ 'ਤੇ ਗਾਇਕਵਾਡ ਨੇ ਉਨ੍ਹਾਂ ਖ਼ਿਲਾਫ਼ ਵੀ ਮਾਮਲਾ ਦਰਜ ਕਰਵਾ ਦਿੱਤਾ। ਇਸ ਖ਼ਿਲਾਫ਼ ਮਈ 2017 ਵਿਚ ਮਹਾਜਨ ਹਾਈ ਕੋਰਟ ਪਹੁੰਚੇ।

**ਦਲਿਤ ਕੀ ਚਾਹੁੰਦੇ ਹਨ ?**

ਦਲਿਤ ਅਦਾਲਤ ਦੇ ਇਸ ਨਿਰਦੇਸ਼ ਨੂੰ ਆਪਣੀ ਸੁਰੱਖਿਆ ਅਤੇ ਸਨਮਾਨ ਲਈ ਬਣੇ ਕਾਨੂੰਨ ਦਾ ਕਮਜ਼ੋਰ ਹੋਣਾ ਮੰਨ ਰਹੇ ਹਨ। ਦਰਅਸਲ, ਐਸ.ਸੀ.-ਐਸ.ਟੀ. ਐਕਟ ਦੇ ਸੈਕਸ਼ਨ 18 ਤਹਿਤ ਅਜਿਹੇ ਕਿਸੇ ਮਾਮਲੇ ਵਿਚ ਕੇਸ ਦਰਜ ਹੋ ਜਾਣ ਤੋਂ ਬਾਅਦ ਅਗਾਊਂ ਜ਼ਮਾਨਤ ਦੀ ਮਨਾਹੀ ਸੀ। ਭਾਵ ਮੁਲਜ਼ਮ ਗ੍ਰਿਫ਼ਤਾਰੀ ਤੋਂ ਬਚ ਨਹੀਂ ਸਕਦਾ ਸੀ। ਪਰ ਹੁਣ ਅਜਿਹਾ ਨਹੀਂ ਹੈ। ਇਸ ਮੁੱਦੇ ਨੂੰ ਲੈ ਕੇ ਹੀ 2 ਅਪ੍ਰੈਲ ਨੂੰ ਦਲਿਤ ਸਮਾਜ ਨੇ ਦੇਸ਼ ਭਰ ਵਿਚ ਬੰਦ ਦਾ ਸੱਦਾ ਦਿੱਤਾ ਸੀ। ਇਨ੍ਹਾਂ ਦੀ ਮੰਗ ਹੈ ਕਿ ਅਦਾਲਤ ਆਪਣਾ ਫ਼ੈਸਲਾ ਬਦਲੇ।

**ਦਲਿਤਾਂ 'ਤੇ ਅਪਰਾਧ ਦੇ ਸਭ ਤੋਂ ਵੱਧ ਮਾਮਲੇ ਇੱਥੇ ਦਰਜ ਹਨ**

| ਸੂਬਾ | ਕਿੰਨੇ ਮਾਮਲੇ |
|---|---|
| ਉਤਰ ਪ੍ਰਦੇਸ਼ | 10426 |
| ਬਿਹਾਰ | 5701 |
| ਰਾਜਸਥਾਨ | 5134 |
| ਮੱਧ ਪ੍ਰਦੇਸ਼ | 4922 |
| ਆਂਧਰਾ ਪ੍ਰਦੇਸ਼ | 2335 |

**ਸਾਰੀਆਂ ਪਾਰਟੀਆਂ ਨੇ ਪ੍ਰਗਟਾਈ ਚਿੰਤਾ :**

ਕਾਂਗਰਸ : ਰਾਹੁਲ ਗਾਂਧੀ ਨੇ ਕਿਹਾ ਕਿ ਇਸ ਤਰ੍ਹਾਂ ਐਸ.ਸੀ.-ਐਸ. ਟੀ. ਜ਼ੁਲਮ ਰੋਕਥਾਮ ਕਾਨੂੰਨ ਨੂੰ ਸਮਾਪਤ ਕੀਤਾ ਜਾ ਰਿਹਾ ਹੈ।

ਭਾਜਪਾ : ਅਮਿਤ ਸ਼ਾਹ ਬੋਲੇ ਕਿ ਐਕਟ ਖ਼ਤਮ ਕਰਨ ਦੀ ਗੱਲ ਕਹਿ ਕੇ ਰਾਹੁਲ ਸਮਾਜ ਵਿਚ ਨਫ਼ਰਤ ਫੈਲਾ ਰਹੇ ਹਨ।

ਬਸਪਾ : ਮਾਇਆਵਤੀ ਨੇ ਭਾਜਪਾ 'ਤੇ ਦਲਿਤ ਸਮਾਜ ਦੇ ਦਲੇਰ ਨੌਜਵਾਨਾਂ ਦੀ ਹਤਿਆ ਦਾ ਦੋਸ਼ ਲਾਇਆ।

### ਹੁਣ ਤੱਕ ਕੀ ਕੀ ਹੋਇਆ ?

20 ਮਾਰਚ : ਸੁਪਰੀਮ ਕੋਰਟ ਨੇ ਐਸ.ਸੀ.-ਐਸ.ਟੀ. ਐਕਟ ਵਿਚ ਗ੍ਰਿਫ਼ਤਾਰੀ ਨੂੰ ਜ਼ਰੂਰੀ ਨਾ ਦੱਸਦਿਆਂ 7 ਦਿਨਾਂ ਵਿਚ ਸ਼ੁਰੂਆਤੀ ਜਾਂਚ ਕਰਵਾਏ ਜਾਣ ਦੀ ਗੱਲ ਕਹੀ।

02 ਅਪ੍ਰੈਲ : ਇਸ ਐਕਟ ਨੂੰ ਖ਼ਤਮ ਕਰ ਦੇਣ ਵਰਗਾ ਫ਼ੈਸਲਾ ਦਸਦੇ ਹੋਏ ਦੇਸ਼ ਭਰ ਵਿਚ ਦਲਿਤ ਭਾਈਚਾਰੇ ਦੇ ਲੋਕਾਂ ਨੇ 'ਭਾਰਤ ਬੰਦ' ਦਾ ਸੱਦਾ ਦਿੱਤਾ ਅਤੇ ਸੜਕਾਂ 'ਤੇ ਉਤਰੇ।

6 ਅਪ੍ਰੈਲ : ਕੇਰਲਾ ਵਿਚ ਦਲਿਤ ਜਥੇਬੰਦੀਆਂ ਨੇ 9 ਅਪ੍ਰੈਲ ਨੂੰ ਹੜਤਾਲ ਦਾ ਸੱਦਾ ਦਿੱਤਾ। ਸੋਸ਼ਲ ਮੀਡੀਆ 'ਤੇ 10 ਅਪ੍ਰੈਲ ਅਤੇ 14 ਅਪ੍ਰੈਲ ਨੂੰ ਫੇਰ ਦੇਸ਼ ਵਿਆਪੀ ਬੰਦ ਦੀਆਂ ਅਫ਼ਵਾਹਾਂ ਚਲਦੀਆਂ ਰਹੀਆਂ।

7 ਅਪ੍ਰੈਲ : ਉਤਰ ਪ੍ਰਦੇਸ਼ ਦੇ ਨਗੀਨਾ ਤੋਂ ਸੰਸਦ ਮੈਂਬਰ ਡਾ. ਯਸ਼ਵੰਤ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਦਲਿਤਾਂ ਪ੍ਰਤੀ ਕੁਝ ਨਾ ਕਰਨ ਦੀ ਗੱਲ ਕਹੀ। ਹੁਣ ਤੱਕ 6 ਸੰਸਦ ਮੈਂਬਰ ਆਪਣਾ ਵਿਰੋਧ ਪ੍ਰਗਟਾ ਚੁੱਕੇ ਹਨ। ਇਨ੍ਹਾਂ ਵਿਚ ਉਦਿਤ ਰਾਜ, ਸਾਵਿਤਰੀ ਫੂਲੇ, ਛੋਟੇ ਲਾਲ, ਅਸ਼ੋਕ ਕੁਮਾਰ ਦੋਹਰੇ, ਡਾ. ਯਸ਼ਵੰਤ ਸਿੰਘ ਸ਼ਾਮਲ ਹਨ।

ਦੈਨਿਕ ਭਾਸਕਰ ਤੋਂ ਧੰਨਵਾਦ ਸਹਿਤ

# ਗ਼ਦਰੀ ਸ਼ਹੀਦ ਬੰਤਾ ਸਿੰਘ ਸੰਘਵਾਲ ਦੀ ਯਾਦਗਾਰ 'ਤੇ ਪੋਚੇ ਫੇਰਨ ਦੀ ਨਿੰਦਾ




**ਜਲੰਧਰ (ਨਦਬ) :** ਗ਼ਦਰੀ ਲਹਿਰ ਦੌਰਾਨ 12 ਅਗਸਤ 1915 ਨੂੰ ਲਾਹੌਰ ਸੈਂਟਰਲ ਜੇਲ੍ਹ ਵਿਚ ਫਾਂਸੀ ਲਗਾਏ ਗਏ ਬੰਤਾ ਸਿੰਘ ਸੰਘਵਾਲ ਦੀ ਯਾਦ ਵਿਚ ਜਲੰਧਰ ਦੇ ਪਠਾਨਕੋਟ ਚੌਕ 'ਤੇ ਲਗਾਏ ਬੁੱਤ ਨਾਲ ਸਬੰਧਤ ਦੀਵਾਰਾਂ ਉਪਰ ਸ਼ਰਾਰਤੀ ਅਨਸਰ ਵਲੋਂ ਪੋਚੇ ਫੇਰ ਕੇ ਸ਼ਹੀਦ ਦੀ ਬੇਹੁਰਮਤੀ ਕਰਨ ਅਤੇ ਇਤਿਹਾਸਕ ਯਾਦਗਾਰ ਨੂੰ ਮਿਟਾਉਣ ਦੇ ਕੋਝੇ ਯਤਨ ਕੀਤੇ ਗਏ ਹਨ। ਇਸ ਘਟਨਾ ਦੀ ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਅਜਿਹੇ ਗੈਰ-ਸਮਾਜੀ ਤੱਤਾਂ ਨੂੰ ਨੱਥ ਪਾਈ ਜਾਏ ਅਤੇ ਗ਼ਦਰੀ ਬਾਬੇ ਚੌਕ ਦੀ ਇਤਿਹਾਸਕਤਾ ਦਾ ਮਾਣ-ਸਨਮਾਨ ਬਹਾਲ ਕੀਤਾ ਜਾਏ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕਿਹਾ ਕਿ ਸ਼ਹੀਦ ਬੰਤਾ ਸਿੰਘ ਸੰਘਵਾਲ ਦੀ ਸ਼ਹਾਦਤ ਤੋਂ ਇਲਾਵਾ ਸੰਘਵਾਲ ਪਿੰਡ ਦੇ ਹੀ ਸ਼ਹੀਦ ਰੂੜ ਸਿੰਘ ਸੰਘਵਾਲ ਨੂੰ ਵੀ ਫਾਂਸੀ ਦੀ ਸਜ਼ਾ ਤੇ ਲੱਭੂ ਅਤੇ ਸੰਤੂ ਨੂੰ ਉਮਰ ਕੈਦ ਕੀਤੀ ਗਈ ਸੀ।

ਲੋੜ ਤਾਂ ਹੈ ਕਿ ਇਸ ਇਤਿਹਾਸਕ ਸਭਿਆਚਾਰਕ ਚਿੰਨ੍ਹਾਂ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਲਿਖਤੀ ਰੂਪ 'ਚ ਸੰਭਾਲਣ, ਖੋਜ ਕਰਨ ਤੇ ਅਧਿਐਨ ਕਰਨ ਦਾ ਕੰਮ ਕੀਤਾ ਜਾਏ, ਪਰ ਅਜਿਹਾ ਕਰਨਾ ਤਾਂ ਦੂਰ, ਯਾਦਗਾਰੀ ਬੁੱਤਾਂ, ਚੌਕਾਂ ਤੇ ਇਤਿਹਾਸਕ ਥਾਵਾਂ ਨੂੰ ਵੀ ਨਕਸ਼ੇ ਤੋਂ ਮੇਟਣ ਦੇ ਯੋਜਨਾਬੱਧ ਕਦਮ ਚੁੱਕੇ ਜਾ ਰਹੇ ਹਨ। ਪਠਾਨਕੋਟ ਚੌਕ ਨੂੰ 'ਸ਼ਹੀਦ ਬੰਤਾ ਸਿੰਘ ਸੰਘਵਾਲ ਚੌਕ' ਨਾਂਅ ਦੇਣ ਦੀ ਰਾਸ਼ਟਰੀ ਮਾਰਗ ਅਥਾਰਟੀ ਵਲੋਂ ਬਾਕਾਇਦਾ 1992 ਤੋਂ ਮਾਨਤਾ ਮਿਲੀ ਹੋਈ ਹੈ।

# ਕਾਮਰੇਡ ਗੰਧਰਵ ਸੈਨ ਕੋਛੜ ਨੂੰ ਸ਼ਰਧਾਂਜਲੀਆਂ

**ਲੋਕ ਲਹਿਰ ਦੀ ਮਸ਼ਾਲ ਜਗਦੀ ਰੱਖਣ ਦਾ ਲਿਆ ਅਹਿਦ**

**ਜਲੰਧਰ (ਨਦਬ) :** ਆਜ਼ਾਦੀ ਸੰਗਰਾਮ ਤੋਂ ਲੈ ਕੇ ਜ਼ਿੰਦਗੀ ਦੇ ਆਖ਼ਰੀ ਦਮ ਤੱਕ ਇਨਕਲਾਬ ਦੀ ਮਸ਼ਾਲ ਲੈ ਕੇ ਸਾਬਤ ਕਦਮੀ ਤੁਰਨ ਵਾਲੇ 100 ਵਰ੍ਹਿਆਂ ਦੇ ਗੰਧਰਵ ਸੈਨ ਕੋਛੜ ਦੀ ਯਾਦ 'ਚ ਨੂਰ ਮਹਿਲ ਵਿਖੇ ਸਰਾਂ ਲਾਗੇ ਯਾਦਗਾਰੀ ਸ਼ਰਧਾਂਜਲੀ ਸਮਾਗਮ ਕੀਤਾ ਗਿਆ।

ਸਮਾਗਮ 'ਚ ਪੰਜਾਬ ਭਰ ਤੋਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ ਅਤੇ ਔਰਤਾਂ ਦੇ ਜੱਥੇ ਆਕਾਸ਼ ਗੁੰਜਾਊ ਨਾਅਰੇ ਮਾਰਦੇ ਪੰਡਾਲ 'ਚ ਪੁੱਜੇ।

ਗੰਧਰਵ ਸੈਨ ਕੋਛੜ ਨੂੰ ਦਰਜਨਾਂ ਜਥੇਬੰਦੀਆਂ, ਨੂਰਮਹਿਲ ਦੀਆਂ ਸੰਸਥਾਵਾਂ, ਬੁੱਧੀਜੀਵੀਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਇਸ ਮੌਕੇ ਡਾ. ਨਿਵੇਦਿਤਾ ਸਿੰਘ (ਪੰਜਾਬੀ ਯੂਨੀਵਰਸਿਟੀ ਪਟਿਆਲਾ) ਵੱਲੋਂ ਕਿਰਤੀ ਜਮਾਤ ਅਤੇ ਲੋਕ-ਸ਼ਕਤੀ ਦੀ ਮਹੱਤਤਾ ਨੂੰ ਰੂਪਮਾਨ ਕਰਦੇ ਬਹੁਤ ਹੀ ਪ੍ਰਭਾਵਸ਼ਾਲੀ ਸ਼ਬਦਾਂ ਦੀ ਸਾਂਝ ਪਾਈ ਗਈ।

ਸ਼ਰਧਾਂਜਲੀ ਸਮਾਗਮ ਮੌਕੇ ਪਰਿਵਾਰ ਵਲੋਂ ਮੰਚ ਸੰਚਾਲਕ ਅਮੋਲਕ ਸਿੰਘ ਨੇ ਅਹਿਦ ਪੜ੍ਹਿਆ ਜਿਸ ਨੂੰ ਖਚਾਖਚ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਬੁਲੰਦ ਕੀਤਾ। ਅਹਿਦ 'ਚ ਕਿਹਾ ਗਿਆ ਕਿ ਗੰਧਰਵ ਸੈਨ ਕੋਛੜ ਨੂੰ ਸਮਰਪਤ ਸ਼ਰਧਾਂਜਲੀ ਸਮਾਗਮ ਹਲਫ਼ ਲੈਂਦਾ ਹੈ ਕਿ ਗੰਧਰਵ ਸੈਨ ਜਿਸ ਮਾਰਕਸੀ ਵਿਚਾਰਧਾਰਾ ਨੂੰ ਪਰਨਾਏ ਹੋਏ ਸਨ, ਉਸ ਨੂੰ ਬੁਲੰਦ ਕੀਤਾ ਜਾਏਗਾ। ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਦਿਆਂ ਲੋਕ ਸੰਗਰਾਮ ਜਾਰੀ ਰੱਖਿਆ ਜਾਏਗਾ।

ਗੰਧਰਵ ਸੈਨ ਕੋਛੜ ਦੀ ਧੀ ਅਤੇ ਲੋਕ ਲਹਿਰ 'ਚ ਡੱਟ ਕੇ ਯੋਗਦਾਨ ਪਾਉਣ ਵਾਲੀ ਸੁਰਿੰਦਰ ਕੁਮਾਰੀ ਕੋਛੜ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਉਹ ਵਿਗਿਆਨਕ ਚੇਤਨਾ ਦੇ ਪਸਾਰ ਅਤੇ ਲੋਟੂ ਵਿਵਸਥਾ ਬਦਲ ਕੇ ਲੋਕ ਜਮਹੂਰੀਅਤ ਦੀ ਸਥਾਪਤੀ ਲਈ ਜੂਝਦੇ ਰਹਿਣਗੇ।

ਸਮਾਗਮ ਨੂੰ ਨੂਰਮਹਿਲ ਦੀਆਂ ਵਿੱਦਿਅਕ ਸੰਸਥਾਵਾਂ ਵਲੋਂ ਜਰਨੈਲ ਸਿੰਘ, ਰੀਨਾ ਸਹਿਜਪਾਲ, ਨਗਰ ਕੌਂਸਲ ਦੇ ਪ੍ਰਧਾਨ ਜਗਤ ਮੋਹਣ ਸ਼ਰਮਾ, ਗੰਧਰਵ ਸੈਨ ਕੋਛੜ ਪਰਿਵਾਰ ਨਾਲ ਲੰਮੇ ਅਰਸੇ ਤੋਂ ਜੁੜੇ ਕਿਰਤੀਆਂ ਦੇ ਪ੍ਰਤੀਨਿੱਧ ਪ੍ਰੇਮ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਡਾ. ਜੋਗਿੰਦਰ ਦਿਆਲ (ਸੀ.ਪੀ.ਆਈ.), ਸੁਰਿੰਦਰ ਖੀਵਾ (ਸੀ.ਪੀ.ਐਮ.), ਮੰਗਤ ਰਾਮ ਪਾਸਲਾ (ਆਰ.ਐਮ.ਪੀ.ਆਈ.), ਹਰਭਗਵਾਨ ਭੀਖੀ (ਸੀ.ਪੀ.ਆਈ. ਐਮ.ਐਲ. (ਲਿਬਰੇਸ਼ਨ)), ਦਰਸ਼ਨ ਖਟਕੜ (ਸੀ.ਪੀ.ਆਈ.ਐਮ.ਐਲ., ਨਿਊ ਡੈਮੋਕਰੇਸੀ), ਜਸਪਾਲ ਜੱਸੀ (ਸੰਪਾਦਕ, 'ਸੁਰਖ਼ ਲੀਹ'), ਬਲਵੰਤ ਮਖੂ (ਲੋਕ ਸੰਗਰਾਮ ਮੰਚ), ਦਰਸ਼ਨ ਦੂਰ (ਇਨਕਲਾਬੀ ਲੋਕ ਮੋਰਚਾ), ਬੂਟਾ ਸਿੰਘ (ਜਮਹੂਰੀ ਅਧਿਕਾਰ ਸਭਾ), ਡਾ. ਪਰਮਿੰਦਰ (ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), ਡਾ. ਭੀਮਇੰਦਰ (ਪੰਜਾਬੀ ਯੂਨੀਵਰਸਿਟੀ ਪਟਿਆਲਾ), ਹਮੀਰ ਸਿੰਘ (ਸੀਨੀਅਰ ਪੱਤਰਕਾਰ), ਸੁਖਦੇਵ ਸਿੰਘ ਕੋਕਰੀ ਕਲਾਂ (ਭਾਰਤੀ ਕਿਸਾਨ ਯੂਨੀਅਨ ਏਕਤਾ, ਉਗਰਾਹਾਂ), ਕੁਲਬੀਰ ਸੰਘੇੜਾ (ਇੰਡੀਅਨ ਵਰਕਰਜ਼ ਐਸੋਸੀਏਸ਼ਨ ਗ੍ਰੇਟ ਬ੍ਰਿਟੇਨ ਅਤੇ ਸ਼ਹੀਦ ਊਧਮ ਸਿੰਘ ਟਰੱਸਟ ਬਰਮਿੰਘਮ), ਪ੍ਰੋ. ਵਰਿਆਮ ਸਿੰਘ ਸੰਧੂ (ਨਾਮਵਰ ਕਹਾਣੀਕਾਰ), ਡਾ. ਸ਼ਿਆਮ ਸੁੰਦਰ ਦੀਪਤੀ, ਨਿਰਭੈ ਢੁਡੀਕੇ (ਕਿਰਤੀ ਕਿਸਾਨ ਯੂਨੀਅਨ), ਕਸ਼ਮੀਰ ਘੁੱਗਸ਼ੋਰ (ਪੇਂਡੂ ਮਜ਼ਦੂਰ ਯੂਨੀਅਨ), ਹਰਮੇਸ਼ ਮਾਲੜੀ (ਪੰਜਾਬ ਖੇਤ ਮਜ਼ਦੂਰ ਯੂਨੀਅਨ), ਰਾਜਵਿੰਦਰ (ਬਿਗਲ ਮਜ਼ਦੂਰ ਦਸਤਾ), ਕਮਿਊਨਿਸਟ ਗ਼ਦਰ ਪਾਰਟੀ (ਪ੍ਰਕਾਸ਼ ਰਾਓ), ਨਾਜ਼ਰ ਸਿੰਘ ਬੋਪਾਰਾਏ (ਸੁਰਖ਼ ਰੇਖਾ), ਮੋਹਣ ਸਿੰਘ (ਬਿਜਲੀ ਮੁਲਾਜ਼ਮ ਆਗੂ) ਨੇ ਸੰਬੋਧਨ ਕੀਤਾ।

# ਰਿਹਾਇਸ਼ੀ ਇਲਾਕੇ ਵਿੱਚ ਜ਼ਹਿਰੀਲੇ ਤੱਤਾਂ ਦਾ ਖੁਲਾਸਾ ਹੋਣ ਤੇ ਚਿੰਤਾ

**ਐਡਮਿੰਟਨ (ਨਦਬ):** ਐਡਮਿੰਟਨ- ਨਦਬ: ਜ਼ੈਲੋਹਿਡ ਟਰੇਲ ਅਤੇ 44 ਸਟਰੀਟ ਦੇ ਨਜ਼ਦੀਕ ਰਿਹਾਇਸ਼ੀ ਇਲਾਕੇ ਵਿਚ ਮਿੱਟੀ ਅਤੇ ਧਰਤੀ ਹੇਠਲੇ ਪਾਣੀ ਵਿੱਚ ਕੈਂਸਰ ਦਾ ਕਾਰਨ ਬਣਨ ਵਾਲੇ ਜ਼ਹਿਰੀਲੇ ਤੱਤ ਪਾਏ ਜਾਣ ਕਾਰਣ ਇਥੋਂ ਦੇ ਵਸਨੀਕਾਂ ਵਿੱਚ ਡਰ ਦਾ ਮਹੌਲ ਬਣਿਆ ਹੋਇਆ ਹੈ। ਰਿਹਾਇਸ਼ੀ ਵਸੋਂ ਤੋਂ ਪਹਿਲਾਂ ਇਥੇ ਲੱਕੜ ਟਰੀਟਮਿੰਟ ਪਲਾਂਟ ਸੀ ਜਿਥੇ ਲੱਕੜ ਦੇ ਵੱਖ ਵੱਖ ਕੰਮਾਂ ਲਈ ਜ਼ਹਿਰੀਲੇ ਕੈਮੀਕਲਾਂ ਦਾ ਇਸਤਮਾਲ ਕੀਤਾ ਜਾਂਦਾ ਸੀ।




ਅਲਬਰਟਾ ਹੈਲਥ ਸਰਵਿਸਿਜ਼ ਨੇ ਤੁਰੰਤ ਕਿਸੇ ਖਤਰੇ ਤੋਂ ਇਨਕਾਰ ਕਰਦਿਆਂ ਲੋਕਾਂ ਦੀ ਸੁਰਿਖਆ ਲਈ ਡਵੈਲਪਰਜ਼ ਅਤੇ 1510837 ਅਲਬਰਟਾ ਲਿਮਿ: ਨੂੰ ਜ਼ਹਿਰੀਲੀ ਜ਼ਮੀਨ ਦੇ ਦੁਆਲੇ ਵਾੜ੍ਹ ਕਰਨ ਦੇ ਹੁਕਮ ਦਿੱਤੇ ਹਨ। ਕਨਸਲਟਿੰਗ ਫਰਮ ਗੋਲਡਰ ਐਸੋਸੀਏਟਸ ਵੱਲੋਂ ਮਿੱਟੀ ਦੇ ਲਏ ਗਏ 500 ਸੈਂਪਲਾਂ ਵਿੱਚ ਡਾਇਓਕਸਿੰਜ਼, ਫੁਰਾਂਨਜ਼ ਅਤੇ ਪੋਲੀਸਾਇਕਲਿਕ ਐਰੋਮੈਟਿਕ ਹਾਈਡਰੋਕਾਰਬਨਜ਼ ਵਰਗੇ ਜ਼ਹਿਰੀਲੇ ਤੱਤ ਪਾਏ ਜਾਣ ਤੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਕਰਦਿਆਂ ਅਲਬਰਟਾ ਹੈਲਥ ਦੀ ਡਿਪਟੀ ਚੀਫ਼ ਮੈਡੀਕਲ ਅਫ਼ਸਰ, ਡਾਕਟਰ ਡੀਨਾ ਨੇ ਕਿਹਾ ਕਿ ਸੈਂਪਲਾਂ ਵਿੱਚ ਪਾਏ ਗਏ ਤੱਥ ਸੱਚਮੁਚ ਸਾਡੇ ਲਈ ਚਿੰਤਾ ਦਾ ਵਿਸ਼ਾ ਹਨ। ਐਡਮਿੰਟਨ ਪਲੈਨਿੰਗ ਵਿਭਾਗ ਦੇ ਮੁਖੀ, ਪੀਟਰ ਓਹਮ ਦਾ ਕਹਿਣਾ ਹੈ ਕਿ ਸਿਟੀ ਦੇ ਅਧਿਕਾਰੀ ਇਸ ਮਾਮਲੇ ਵਿੱਚ ਜ਼ਮੀਨ ਦੇ ਉਹਨਾਂ ਮਾਲਕਾਂ ਨਾਲ ਸੰਪਰਕ ਕਰ ਰਹੇ ਹਨ ਜਿਨ੍ਹਾਂ ਨੇ ਇਸ ਇਲਾਕੇ ਨੂੰ ਡਵੈਲਪਕਰਨ ਲਈ ਦੋ ਸਾਲ ਪਹਿਲਾਂ ਬੇਨਤੀ ਕੀਤੀ ਸੀ। ਇਲਾਕਾ ਵਸਨੀਕ ਇਸ ਖ਼ਬਰ ਨੂੰ ਲੈਕੇ ਬੇਹੱਦ ਚਿੰਤਤ ਹਨ। ਇਥੋਂ ਦੇ ਵਸਨੀਕ, ਅਬਰਾਹਮ ਇਸ਼ਮੀਲ ਨੇ ਕਿਹਾ ਕਿ ਸਾਡਾ ਸਵਾਲ ਹੈ ਕਿ ਇਹ ਤੱਥ ਨਸ਼ਰ ਹੋਣ ਤੋਂ ਬਾਅਦ ਜ਼ਮੀਨ ਦੀ ਕੀਮਤ ਦਾ ਕੀ ਬਣੇਗਾ?

# ਫ਼ਾਸ਼ੀਵਾਦ ਨੂੰ ਹਰਾਉਣਾ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ : ਡਾ. ਰਾਜ ਪੰਨੂੰ






**ਐਡਮਿੰਟਨ (ਨਦਬ):** ਪਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਲੋਂ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹੀਦੀ ਨੂੰ ਸਮਰਪਤ ਸਮਾਗਮ ਪੀ.ਸੀ.ਏ. ਹਾਲ ਵਿਚ ਕਰਵਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਫ਼ਾਊਂਡੇਸ਼ਨ ਦੇ ਪ੍ਰਧਾਨ ਡਾ. ਪ੍ਰਿਥਵੀ ਰਾਜ ਕਾਲੀਆ ਅਤੇ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖ਼ਸੀਅਤ ਜਗਜੀਤ ਸਿੰਘ ਸਿੱਧੂ ਨੇ ਸਾਂਝੇ ਰੂਪ ਵਿਚ ਕੀਤੀ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਰਾਜ ਪੰਨੂੰ ਨੇ ਕਿਹਾ ਕਿ ਅੰਗਰੇਜ਼ਾਂ ਦੇ ਬਸਤੀਵਾਦੀ ਰਾਜ ਵਿਰੁਧ ਅਨੇਕਾਂ ਲਹਿਰਾਂ ਚਲੀਆਂ, ਹਕੂਮਤ ਦੇ ਜ਼ੁਲਮ ਵਿਰੁਧ ਲਹੂ ਵੀਟਵੇਂ ਸੰਘਰਸ਼ ਹੋਏ। ਅਨੇਕਾਂ ਸੂਰਬੀਰਾਂ ਨੇ ਫਾਂਸੀਆਂ ਦੇ ਰੱਸੇ ਚੁੰਮੇ, ਜੇਲ੍ਹਾਂ ਵਿਚ ਗਏ ਅਤੇ ਤਕਲੀਫ਼ਾਂ ਝੱਲੀਆਂ। ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਵਿਲੱਖਣਤਾ ਉਨ੍ਹਾਂ ਦੇ ਵਿਚਾਰਾਂ ਕਾਰਨ ਹੈ। ਉਨ੍ਹਾਂ ਦਾ ਮਕਸਦ ਸਿਰਫ਼ ਹਿੰਦੋਸਤਾਨ ਨੂੰ ਅੰਗਰੇਜ਼ਾਂ ਤੋਂ ਕਢਣਾ ਹੀ ਨਹੀਂ ਸੀ ਸਗੋਂ ਉਹ ਆਜ਼ਾਦੀ ਤੋਂ ਬਾਅਦ ਅਜਿਹਾ ਭਾਰਤ ਚਾਹੁੰਦੇ ਸਨ ਜੋ ਸਮਾਜਕ ਬਰਾਬਰੀ ਅਤੇ ਨਿਆਂ 'ਤੇ ਆਧਾਰਤ ਹੋਵੇ; ਜਿਥੇ ਲੋਕਾਂ ਨੂੰ ਸਿਹਤ ਅਤੇ ਵਿਦਿਅਕ ਸਹੂਲਤਾਂ ਹੋਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਮਿਲੇ। ਉਨ੍ਹਾਂ ਕਿਹਾ ਕਿ ਅੱਜ ਹਿੰਦੁਸਤਾਨ ਹੀ ਨਹੀਂ ਸਗੋਂ ਬੇਰੁਜ਼ਗਾਰੀ ਦੀ ਸਮੱਸਿਆ ਦੁਨੀਆ ਭਰ ਵਿਚ ਵੱਧ ਰਹੀ ਹੈ। ਅੱਜ ਕੈਨੇਡਾ ਵਰਗੇ ਦੇਸ਼ਾਂ ਅੰਦਰ ਵੀ ਨੌਜਵਾਨਾਂ ਨੂੰ ਅਪਣੀ ਯੋਗਤਾ ਮੁਤਾਬਕ ਰੁਜ਼ਗਾਰ ਲੱਭਣ ਵਿਚ ਮੁਸ਼ਕਲਾਂ ਆ ਰਹੀਆਂ ਹਨ। ਪੱਕੀਆਂ ਨੌਕਰੀਆਂ ਦੀ ਥਾਂ ਆਰਜ਼ੀ ਕੰਮਾਂ ਨੇ ਲੈ ਲਈ ਹੈ। ਉਨ੍ਹਾਂ ਕਿਹਾ ਕਿ ਇਤਫ਼ਾਕਵੱਸ ਜੋ ਫਾਸ਼ੀਵਾਦ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹਾਦਤ ਤੋਂ ਬਾਅਦ ਉਭਰਿਆ ਉਹੀ ਫ਼ਾਸ਼ੀਵਾਦ ਸੰਸਾਰ ਸਾਹਮਣੇ ਇਕ ਵਾਰ ਫਿਰ ਦਰਪੇਸ਼ ਹੈ ਅਤੇ ਇਸ ਫਾਸ਼ੀਵਾਦ ਨੂੰ ਹਾਰ ਕੇ ਦੇ ਹੀ ਸ਼ਹੀਦਾਂ ਨੂੰ ਸੱਚੀ ਸ਼ਰਧਾਂਜਲੀ ਦਿਤੀ ਜਾ ਸਕਦੀ ਹੈ। ਐਡਮਿੰਟਨ ਅਸੈਂਬਲੀ ਤੋਂ ਐਮ.ਐਲ.ਏ. ਰੌਡ ਲੋਇਲਾ ਨੇ ਕਿਹਾ ਕਿ ਬਸਤੀਵਾਦ ਹਿੰਦੁਸਤਾਨ ਵਿਚੋਂ ਭਾਵੇਂ ਖ਼ਤਮ ਹੋ ਗਿਆ ਪਰ ਲੋਕਾਂ ਦੀ ਮਾਨਸਿਕਤਾ ਵਿਚ ਵਸੇ ਬਸਤੀਵਾਦ ਖ਼ਿਲਾਫ਼ ਸੰਘਰਸ਼ ਜਾਰੀ ਹੈ। ਉਨ੍ਹਾਂ ਕਿਹਾ ਕਿ ਭਗਤ ਸਿੰਘ ਦੇ ਵਿਚਾਰਾਂ ਤੇ ਪਹਿਰਾ ਦੇ ਕੇ ਹੀ ਲੋਟੂ ਸਿਆਸਤ ਨੂੰ ਹਰਾਇਆ ਜਾ ਸਕਦਾ ਹੈ।

ਫ਼ਾਊਂਡੇਸ਼ਨ ਦੇ ਪ੍ਰਧਾਨ ਪ੍ਰਿਥਵੀ ਰਾਜ ਕਾਲੀਆ ਨੇ ਕਿਹਾ ਕਿ ਭਗਤ ਸਿੰਘ ਦੀ ਹਿੰਮਤ, ਦਲੇਰੀ, ਦੇਸ਼ਭਗਤੀ, ਪ੍ਰਤੀਬੱਧਤਾ ਅਤੇ ਨੈਤਿਕ ਕਦਰਾਂ-ਕੀਮਤਾਂ ਤੋਂ ਇਲਾਵਾ ਉਸ ਦੀ ਬੌਧਿਕ ਸਮਰਥਾ ਉਸ ਨੂੰ ਦੂਜਿਆਂ ਤੋਂ ਵੱਖ ਕਰਦੀ ਹੈ। ਉਹ ਚੰਗਾ ਵਿਚਾਰਵਾਨ ਸੀ। ਉਸ ਨੇ ਅਪਣੀ ਛੋਟੀ ਜਿਹੀ ਜ਼ਿੰਦਗੀ ਵਿਚ ਸੈਂਕੜੇ ਪੁਸਤਕਾਂ ਪੜ੍ਹੀਆਂ। ਲੋਕਾਂ ਨੇ ਉਸ ਨੂੰ ਆਪਣੇ ਮਨ ਵਿਚ ਵਸਾ ਲਿਆ ਹੈ ਅਤੇ ਇਹ ਸਥਾਨ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ। ਸਟੇਜ ਸਕੱਤਰ ਦਾ ਫ਼ਰਜ਼ ਨਿਭਾਉਂਦਿਆਂ ਜਸਵੀਰ ਦਿਓਲ ਨੇ ਹਿੰਦੁਸਤਾਨ ਵਿਚ ਲੈਨਿਲ, ਅੰਬੇਦਕਰ ਅਤੇ ਪੇਰਿਆਰ ਦੇ ਬੁੱਤ ਢਾਹੁਣ ਦੀ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਲੈਨਿਲ ਦੇ ਬੁਤਾਂ ਨੂੰ ਢਾਹ ਕੇ ਮੋਦੀ ਭਗਤਾਂ ਨੇ ਹਿੰਦੁਸਤਾਨ ਦੀ ਆਜ਼ਾਦੀ ਲਹਿਰ 'ਤੇ ਹਮਲਾ ਕੀਤਾ ਹੈ। ਲੈਨਿਨ, ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਪ੍ਰੇਰਨਾ ਸ੍ਰੋਤ ਸਨ ਅਤੇ ਹਿੰਦੁਸਤਾਨ ਦੀ ਹਕੂਮਤ ਨੂੰ ਹੁਣ ਭਗਤ ਸਿੰਘ ਤੋਂ ਡਰ ਲੱਗਣ ਲੱਗਾ ਹੈ।

ਸਮਾਗਮ ਦੌਰਾਨ ਬਜ਼ੁਰਗ ਦੇਸ਼ਭਗਤ, ਉੱਘੇ ਕਮਿਊਨਿਸਟ ਆਗੂ ਦੇਸ਼ਭਗਤ ਯਾਦਗਾਰ ਹਾਲ, ਜਲੰਧਰ ਦੇ ਸਾਬਕਾ ਜਨਰਲ ਸਕੱਤਰ ਅਤੇ ਸੀਨੀਅਰ ਟਰੱਸਟੀ, ਗੰਦਰਭ ਸੇਨ ਦੇ ਅਚਾਨਕ ਵਿਛੋੜੇ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਸਮਾਗਮ ਦੇ ਸ਼ੁਰੂ ਵਿਚ ਰਵਿੰਦਰ ਸ਼ੇਰਗਿਲ, ਲਾਡੀ ਸੂਸਾਂਵਾਲਾ, ਗੁਰਮੁਖ ਸਿੰਘ, ਜਗਜੀਤ ਸਿੰਘ ਸਿੱਧੂ, ਗੁਰਤੇਜ ਬਰਾੜ ਅਤੇ ਜੋਗਿੰਦਰ ਰੰਧਾਵਾ ਨੇ ਅਪਣੀਆਂ ਕਵਿਤਾਵਾਂ ਅਤੇ ਰਚਨਾਵਾਂ ਦੁਆਰਾ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

# ਐਨਡੀਪੀ ਦਾ ਵਾਅਦਾ : ਐਗਰੀਕਲਚਰ ਸੁਸਾਇਟੀਆਂ ਲਈ ਬਿਨਾਂ ਕੱਟ ਜਾਰੀ ਰਹੇਗੀ ਫੰਡਿੰਗ

**ਐਡਮਿੰਟਨ (ਨਦਬ) :** ਅਲਬਰਟਾ ਦੇ ਮਿਊਂਸੀਪਲ ਮਾਮਲਿਆਂ ਨਾਲ ਸਬੰਧਤ ਮੰਤਰੀ ਨੇ ਕਿਹਾ ਕਿ ਐਗਰੀਕਲਚਰ ਸੁਸਾਇਟੀਆਂ ਨੂੰ ਡਰਨ ਦੀ ਕੋਈ ਜ਼ਰੂਰਤ ਨਹੀਂ ਹੈ ਅਗਲੇ ਤਿੰਨ ਸਾਲਾਂ ਤੱਕ ਫੰਡਿੰਗ ਬਿਨਾਂ ਕੱਟ ਲਗਾਤਾਰ ਜਾਰੀ ਰਹੇਗੀ। ਸ਼ੇਆ ਐਂਡਰਸ਼ਨ ਨੇ ਅਲਬਰਟਾ ਐਸੋਸੀਏਸ਼ਨ ਆਫ਼ ਮਿਊਂਸੀਪਲ ਜ਼ਿਲ੍ਹਾ ਅਤੇ ਕੌਂਟੀਜ਼ ਦੀ ਮੀਟਿੰਗ ਵਿਚ ਕਿਹਾ ਕਿ ਐਗਰੀਕਲਚਰ ਸੁਸਾਇਟੀਆਂ ਸਾਡੇ ਸਭਿਆਚਾਰਕ ਤਾਣੇ ਅਤੇ ਦਿਹਾਤੀ ਜੀਵਨ ਨੂੰ ਜ਼ਿੰਦਾ ਰੱਖਦੀਆਂ ਹਨ। ਇਸ ਨਜ਼ਰੀਏ ਤੋਂ ਸਾਡੀ ਜ਼ਿੰਦਗੀਆਂ ਵਿਚ ਵੀ ਇਨ੍ਹਾਂ ਦਾ ਵੱਡਾ ਯੋਗਦਾਨ ਹੈ। ਹਾਲਾਂਕਿ ਕੁਝ ਲੋਕ ਜਾਂ ਸੰਸਥਾਵਾਂ ਉਮਦਾ ਕੰਮ ਇੰਨੀ ਸਹਿਜਤਾ ਨਾਲ ਕਰਦੀਆਂ ਹਨ, ਦੇਖਣ ਵਾਲੇ ਨੂੰ ਇਹ ਲੱਗਦਾ ਹੈ ਕਿ ਜਿਵੇਂ ਅਣਜਾਣਪੁਣੇ ਵਿਚ ਹੀ ਇਹ ਸਭ ਹੋ ਰਿਹਾ ਹੁੰਦਾ ਹੈ।

ਦੱਸਣਾ ਬਣਦਾ ਹੈ ਕਿ ਐਗਰੀਕਲਚਰ ਸੁਸਾਇਟੀਆਂ ਹਾਕੀ ਰਿੰਕ, ਮੇਲੇ ਅਤੇ ਕਮਿਊਨਿਟੀ ਹਾਲ ਲਈ ਵੀ ਜ਼ਿੰਮੇਵਾਰ ਹੁੰਦੀਆਂ ਹਨ। ਪਿਛਲੇ ਸਾਲ ਇਨ੍ਹਾਂ ਦੇ ਫੰਡਾਂ ਵਿਚ ਕੁਝ ਦੇਰੀ ਹੋ ਗਈ ਸੀ। ਸਤੰਬਰ ਵਿਚ ਸੂਬੇ ਵਲੋਂ ਵਾਅਦਾ ਕੀਤਾ ਗਿਆ ਸੀ 11.5 ਮਿਲੀਅਨ ਡਾਲਰ ਦਾ ਸਾਲਾਨਾ ਗ੍ਰਾਂਟ ਪ੍ਰੋਗਰਾਮ 2017 ਤੱਕ ਜਾਰੀ ਰੱਖਿਆ ਜਾਵੇਗਾ। ਅਲਬਰਟਾ ਵਿਚ 290 ਐਗਰੀਕਲਚਰ ਸੁਸਾਇਟੀਆਂ ਹਨ, ਇਸ ਵਿਚ ਸੱਤ ਖੇਤਰੀ ਸੰਸਥਾਵਾਂ ਵੀ ਸ਼ਾਮਲ ਹਨ।

ਖੇਤੀ ਅਤੇ ਜੰਗਲਾਤ ਮੰਤਰੀ ਓਨੀਅਲ ਕਾਰਲੀਅਰ ਨੇ ਨਿਊਜ਼ ਕਾਨਫਰੰਸ ਵਿਚ ਕਿਹਾ ਕਿ



ਸਾਡੀ ਸਰਕਾਰ ਐਗਰੀਕਲਚਰ ਸੁਸਾਇਟੀਆਂ ਦੇ ਯੋਗਦਾਨ ਨੂੰ ਸਮਝਦੀ ਹੈ ਤੇ ਇਸ ਨੂੰ ਬੜਾਵਾ ਦੇਣ ਲਈ 'ਚਨਬੱਧ ਹੈ।

ਅਲਬਰਟਾ ਐਸੋਸੀਏਸ਼ਨ ਆਫ਼ ਐਗਰੀਕਲਚਰ ਸੁਸਾਇਟੀਆਂ ਦੇ ਮੁਖੀ ਟਿਮ ਕਾਰਸਨ ਨੇ ਕਿਹਾ ਕਿ ਇਹ ਸਾਡੇ ਲਈ ਬਹੁਤ ਵੱਡੀ ਖ਼ਬਰ ਹੈ ਤੇ ਨਾਲ ਹੀ ਇਹ ਜੋੜਿਆ ਕਿ ਇਸ ਸਬੰਧ ਵਿਚ ਤਿੰਨ ਸਾਲਾਂ ਬਿਜ਼ਨਸ ਯੋਜਨਾਵਾਂ ਵੀ ਬਣਾਉਣੀਆਂ ਚਾਹੀਦੀਆਂ ਹਨ।

ਨਾਗਰਿਕਾਂ ਲਈ ਇਹ ਖ਼ਬਰ ਇਸ ਲਈ ਚੰਗੀ ਹੈ ਕਿਉਂਕਿ ਜਦੋਂ ਹਰ ਖੇਤਰ ਵਿਚ ਕੱਟ ਲਾਏ ਜਾ ਰਹੇ ਹਨ ਤਾਂ ਅਜਿਹੀ ਹਾਲਤ ਵਿਚ ਐਗਰੀਕਲਚਰ ਸੁਸਾਇਟੀਆਂ ਨੂੰ ਬਖ਼ਸ਼ਿਆ ਜਾ ਰਿਹਾ ਹੈ। ਬਿਨਾਂ ਸ਼ੱਕ ਸਰਕਾਰ ਦੀ ਇਸ ਪਹੁੰਚ ਕਾਰਨ ਕਿਸਾਨਾਂ ਨੂੰ ਖੁਸ਼ੀ ਹੋਵੇਗੀ ਤੇ ਉਹ ਉਤਸ਼ਾਹ ਨਾਲ ਪੈਦਾਵਾਰ ਕਰਨਗੇ।



Yes! Immigration Consultancy Services

iccrc crcic
IMMIGRATION CONSULTANTS OF CANADA REGULATORY COUNCIL
CONSEIL DE RÉGLEMENTATION DES CONSULTANTS EN IMMIGRATION DU CANADA

www.yesimmigration.ca

OUR SERVICES

Student Visa
Express Entry-Jan 2015
Canadian Experience Class
Federal Skilled Worker
LMIA/Work Permits
Citizenship Services
P.R. Card Services
Canadain Experience Class
Federal Skilled Worker
Business Immigration
Family Sponsorship
Affidavits

Live in Caregiver
Change of Employer
Change of Conditions
Case History From CIC
Name Change
Travel Documents
Dual Citizenship
US Visa, UK Visa, Australia Visa
Provincial Nominee Programs
Spousal Sponsorship
Sponsorship Appeals
Visitor Visa/Super Visa

ALBERTA OFFICE :
Unit #201, 4271-23 Ave. NW
( All Indian Plaza) Edmonton, AB T6L 5Z8
Ph. 780.466.2138
Email : RS.YesImmigration@gmail.com

TORONTO OFFICE :
RAJ NARANG
#202 1058A Albion Road
Etobicoke, ON M9V 1A7
Registered Canadian Immigration Consultant
Immigration Consultant of Canada Regulatory Council
ICCRC Member #R416279



RIPTAAPAN SINGH (RIP)
Branch Manager (B.Sc)

SUPER VISA INSURANCE




CREATIVE SOLUTIONS UNLIMITED
Strategy Planning & Public Relations

Grant Compilation
Board Development
Event Management & Promotions

Commissioner of Oaths
Power of Attorney/ Life Certificate
Letter Drafting
Translation
Affidavit



9245-35 Avenue Edmonton, AB T6E 5Y1
780-469-4009
info@creativesui.com

SOHAIL QUADRI


A-WIN Insurance
What we Offer
Home
Auto Insurance
RV Insurance
Travel Insurance
Emergency Road Services
Auto Mobile Warranty Services
Commercial Insurance
D & O Coverage
E & O Insurance
ਕਾਰ, ਮੋਟਰਸਾਈਕਲ, ਘਰ, ਕੰਡੋਮੀਨੀਅਮ, ਕਿਰਾਏਦਾਰ, ਟਰੱਕ, ਲੌਂਗਹਾਲ , ਗਰੈਵਲ, ਕਮਰਸ਼ੀਅਲ, ਬਿਜ਼ਨਸ, ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਫ਼ੋਨ ਕਰੋ
Quick Quotes When You Need Them
Discounts up to 60% Payment Options available
Western Canada's
Biggest Brokers Team, designed to serve Canadian's with solutions for your personal and professional insurance needs.
When Time and Money Matters
Our team at A-WIN knows your time is valuable and that is why we want to help you save time and money. Ask for a quote on one or all of our services to simplify your life and save.
MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.
A-WIN: MAKING LIFE EASY
ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲਬਾਤ ਕਰ ਸਕਦੇ ਹਾਂ।
We Provide Services In English, Punjabi, Hindi & Urdu.
PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY
Edmonton: 780-465-6900
ਜਸਵੀਰ ਦਿਓਲ, ਨ'ਤੇਜ ਬੈਂਸ, ਸੰਜੀਵ ਖੰਨਾ, ਮਨਪ੍ਰੀਤ ਗਰੇਵਾਲ, ਸੋਨਿਕਾ ਗਿੱਲ, ਪੁਨੀਤ ਚੱਠਾ, ਹਰਪ੍ਰੀਤ ਗਿੱਲ
Calgary: 403-775-2100
ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

For all your Real Estate needs
NIRMAL (SONY) GILL
BUY OR SELL
Century 21 A.L.L. Stars Realty Ltd.
MLS REALTOR
ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਵੇਚਣ ਜਾਂ ਖਰੀਦਣ ਲਈ
ਨਿਰਮਲ (ਸੋਨੀ) ਗਿੱਲ ਨੂੰ ਫ਼ੋਨ ਕਰੋ
780-937-9067
Office: 780-434-4700
Email : nirmalgill@live.com
3229 22 st. Edmonton
13039 165 Ave. Edmonton
16520 131 st. Edmonton
Sold
In Wildrose: This Beautiful 2 story 2012 built Town House with single car attached Garage on sale. Very low condo fee. Fully landscape front & back. Main floor has beautiful kitchen, living area with fire place & half wash room. Upper level has 3 bedrooms with 2 full washrooms. This condo comes with 5 appliances. Unfinished basement. Close to all amenities. Ready to move in.

Gurkeerat Holding Ltd.
• We Build New House
• We Build Basement
• We Do Renovation
• Kitchen Cabinets
ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ
Ph. 780-996-2873

G DRIVING SCHOOL LTD.
Authorised teach Certification Course
EDMONTON'S NO. 1 DRIVING SCHOOL
ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL
Services available in English, Punjabi, Hindi & Urdu
Male & Female Instructors are available
VEHICLE PROVIDE FOR ROAD TEST
Free Pickup & Drop Off in Edmonton & Area
Gurcharan Singh Garcha (M.Sc. M.Ed.)
9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

Do it Once Do it Right !!!
UniTech CONSTRUCTION
ਘਰਾਂ ਤੇ ਕਾਰੋਬਾਰਾਂ ਦੀ ਸੁੰਦਰ ਦਿੱਖ ਲਈ ਸੰਪਰਕ ਕਰੋ :
ਰਾਜ
780.860.1975
bhardwaj75@gmail.com
DESIGN
○ Hardscapes
○ Greenscapes
CONSTRUCTION
○ Rough to Final Grades
○ Fence & Deck
○ Concrete
RENOVATION
○ Water Features
○ Renovations

Sidhu Stucco Ltd.
Residential & Commercial
ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।
Stucco is a versatile, beautiful, durable and fire resistant cladding.
All kind of Stucco
Acrylic & Rain Screen
Harinder Dhaliwal
(780) 297-9165

EconoLodge BY CHOICE HOTELS
Red Deer Econo Lodge Inn & Suites
www.choicehotels.com
Reservations 1-877-424-6423



403-346-4188
Cell: 403-505-4188
Email: econolodgereddeer@shaw.ca
Varinder Sidhu
President
37433 Highway 2 South, East Side Gasoline Alley
Red Deer, Alberta T4E 1B3

$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ
$299,900
SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800
2 storey
Detached home
3 bedrooms
1 1/2 baths
1260 sq.ft
6 Appliances
double Garage
SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000
ਫਾਇਨਾਂਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com

# ਫਸਟ ਨੇਸ਼ਨ ਵਲੋਂ ਟੈਂਕਰਾਂ ਖ਼ਿਲਾਫ਼ ਬੀ.ਸੀ. ਦੀ ਅਦਾਲਤ ਵਿਚ ਅਪੀਲ

**ਐਡਮਿੰਟਨ, (ਨਦਬ)**: ਉੱਤਰੀ ਤੱਟ ਦੇ ਫਸਟ ਨੇਸ਼ਨਾਂ ਵਲੋਂ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵਿਚ ਅਪੀਲ ਪਾਈ ਗਈ ਹੈ ਕਿ ਕਿੰਡਰ ਮੋਰਗਨ ਟ੍ਰਾਂਸ ਮਾਊਨਟੇਨ ਨਾਲ ਜੁੜੇ ਟੈਂਕਰਾਂ 'ਤੇ ਪਾਬੰਦੀ ਲਾਈ ਜਾਵੇ। ਦੱਸਣਾ ਬਣਦਾ ਹੈ ਕਿ ਇਹ ਪ੍ਰੋਜੈਕਟ ਫੈਡਰਲ ਵਲੋਂ ਮਨਜ਼ੂਰਸ਼ੁਦਾ ਹੈ। ਅਪੀਲ ਫੈਡਰਲ ਅਤੇ ਸੂਬਾਈ ਦੋਵੇਂ ਸਰਕਾਰਾਂ ਵਿਰੁੱਧ ਪਾਈ ਗਈ ਹੈ। ਦਲੀਲ ਇਹ ਦਿੱਤੀ ਗਈ ਹੈ ਕਿ ਅਜਿਹਾ ਨਿਆਂਪੂਰਨ ਨਹੀਂ ਹੈ ਕਿਉਂਕਿ ਇਹ ਐਬਓਰੀਜ਼ਨਲ ਅਧਿਕਾਰਾਂ ਅਤੇ ਟਾਈਟਲ ਦੀ ਉਲੰਘਣਾ ਹੈ। ਇੰਡੀਅਨ ਬੈਂਡ ਲਾਕਸ ਨੇ ਕਿਹਾ ਕਿ ਅਸੀਂ ਚਾਹੁੰਦੇ ਹਾਂ ਕਿ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਟੈਂਕਰਾਂ 'ਤੇ ਪਾਬੰਦੀ ਲਾਵੇ।

ਦੱਸਣਾ ਬਣਦਾ ਹੈ ਕਿ ਲਾਕਸ ਕਵੰ'ਲਾਮਸ ਉਨ੍ਹਾਂ ਤੀਹ ਫਸਟ ਨੇਸ਼ਨਾਂ ਵਿਚੋਂ ਹੈ ਜਿਨ੍ਹਾਂ ਨੇ 'ਗੋ ਫਨ ਮੀ' ਕੈਂਪੇਨ ਚਲਾਈ ਹੈ।

ਇਸ ਮੁਹਿਮ ਤਹਿਤ ਜਨਵਰੀ ਵਿਚ ਅਦਾਲਤ 'ਚ ਟੈਂਕਰਾਂ 'ਤੇ ਪਾਬੰਦੀ ਨੂੰ ਲੈ ਕੇ ਚੁਣੌਤੀ ਪੇਸ਼ ਕੀਤੀ ਗਈ ਸੀ। ਇਸ ਮਕਸਦ ਨੂੰ ਲੈ ਕੇ ਹੁਣ ਤੱਕ 33000 ਡਾਲਰ ਇਕੱਠੇ ਕੀਤੇ ਜਾ ਚੁੱਕੇ ਹਨ। ਕੁੱਝ ਫਸਟ ਨੇਸ਼ਨਜ਼ ਪਾਈਪਲਾਈਨ ਅਤੇ ਐਨਰਜੀ ਕੋਰੀਡੋਰ ਦਾ ਸਮਰਥਨ ਕਰ ਰਹੇ ਹਨ ਜਿਸ ਲਈ ਟੈਂਕਟ ਟ੍ਰਾਂਸਪੋਰਟੇਸ਼ਨ ਦੀ ਲਾਜ਼ਮੀ ਤੌਰ 'ਤੇ ਜ਼ਰੂਰਤ ਹੈ। ਪ੍ਰਧਾਨ ਮੰਤਰੀ ਨੇ ਜਿੱਥੇ ਦੇਸੀਆਂ ਨਾਲ ਸਮਝੌਤੇ ਕੀਤੇ ਹਨ, ਉੱਥੇ ਵਾਤਾਵਰਣ ਨੂੰ ਵੀ ਤਰਜੀਹ ਦਿੱਤੀ ਹੈ ਜਿਹੜਾ ਕਿ ਅਦਾਲਤ ਲਈ ਚੁਣੌਤੀਪੂਰਨ ਹੈ। ਦੱਸਣਾ ਬਣਦਾ ਹੈ ਕਿ ਵਾਤਾਵਰਣ ਅਤੇ ਸਮਝੌਤੇ ਨੂੰ ਲੈ ਕੇ ਸਾਰੇ ਫਸਟ ਨੇਸ਼ਨਾਂ ਦੇ ਵੱਖੋ ਵੱਖ ਵਿਚਾਰ ਹਨ।

**ਪਾਈਪਲਾਈਨ ਨੂੰ ਲੈ ਕੇ ਵੱਖ-ਵੱਖ ਤਰ੍ਹਾਂ ਨਾਲ ਹੋ ਰਿਹਾ ਹੈ ਵਿਰੋਧ**

ਕਿਹਾ ਜਾ ਸਕਦਾ ਹੈ ਕਿ ਪਾਈਪਲਾਈਨ ਸਕੀਮ ਦੇ ਮਾਮਲੇ ਵਿਚ ਇਹ ਟਰੂਡੋ ਨੂੰ ਝਟਕਾ ਹੈ। ਇਸ ਨੂੰ ਲੈ ਕੇ ਹਰ ਰੋਜ਼ ਪ੍ਰਦਰਸ਼ਨ ਹੋ ਰਹੇ ਹਨ। ਪ੍ਰਦਰਸ਼ਨਕਾਰੀ ਵੱਖ ਵੱਖ ਢੰਗਾਂ ਨਾਲ ਇਹ ਸੰਦੇਸ਼ ਦੇਣ ਵਿਚ ਜੁਟੇ ਹਨ ਕਿ ਪਾਈਪਲਾਈਨ ਰਾਹੀਂ ਜਿੱਥੇ ਕਾਨੂੰਨ ਦੀ ਉਲੰਘਣਾ ਹੋ ਰਹੀ ਹੈ ਉੱਥੇ ਹੀ ਵਾਤਾਵਰਣ ਨਾਲ ਵੀ ਖਿਲਵਾੜ ਹੋ ਰਿਹਾ ਹੈ।

ਦੂਜੇ ਪਾਸੇ ਈਗਲ ਸਪਿਰਟ ਪਾਈਪਲਾਈਨ ਦੇ ਮਾਮਲੇ ਵਿਚ ਮਜ਼ਬੂਤ ਦੇਸੀ ਲੀਡਰਸ਼ਿਪ ਕਾਰਨ ਚੰਗੇ ਨਤੀਜੇ ਸਾਹਮਣੇ ਆਏ ਹਨ, ਦੋਵੇਂ ਪ੍ਰੋਜੈਕਟਾਂ ਤਹਿਤ ਗਤੀਵਿਧੀਆਂ ਇਕੋ ਜਿਹੀਆਂ ਹਨ ਪਰ ਟ੍ਰਾਂਸ ਮਾਊਨਟੇਨ ਪ੍ਰੋਜੈਕਟ ਜ਼ਿਆਦਾ ਚੁਣੌਤੀ ਭਰਿਆ ਹੈ। ਲਾਕਸ ਕਵੰ'ਲਾਮਸ ਦੇ 38000 ਮੈਂਬਰਾਂ ਵਲੋਂ 9 ਕਬੀਲਿਆਂ ਨੂੰ ਗਠਿਤ ਕੀਤਾ ਗਿਆ ਹੈ ਜਿਹੜੇ ਬਿਲ ਸੀ 38 ਦਾ ਵਿਰੋਧ ਕਰ ਰਹੇ ਹਨ।

ਲਾਕਸ ਕਵੰ'ਲਾਮਸ ਦੇ ਮੇਅਰ ਜੌਹਨ ਹੇਲਿਨ ਅਨੁਸਾਰ ਅਦਾਲਤ ਵਿਚ ਗਿਆਰਾਂ ਪੰਨਿਆਂ ਦਾ ਦਾਅਵਾ ਪੇਸ਼ ਕੀਤਾ ਗਿਆ ਹੈ ਜਿਸ ਵਿਚ ਦੱਸਿਆ ਗਿਆ ਹੈ ਕਿ ਸੰਵਿਧਾਨਕ ਤੌਰ 'ਤੇ ਉਨ੍ਹਾਂ ਦੇ ਹੱਕ ਹਨ ਤੇ ਕਿਵੇਂ ਸਰਕਾਰ ਵਲੋਂ ਉਨ੍ਹਾਂ ਦੀ ਅਣਦੇਖੀ ਕੀਤੀ ਜਾ ਰਹੀ ਹੈ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਤੱਟ ਦੀ ਸੁਰੱਖਿਆ ਨੂੰ ਲੈ ਕੇ ਫੈਡਰਲ ਸਰਕਾਰ ਵਲੋਂ ਕਈ ਤਰ੍ਹਾਂ ਨਾਲ ਵੱਖ-ਵੱਖ ਸਮਿਆਂ 'ਤੇ ਗੱਲਬਾਤ ਕੀਤੀ ਗਈ ਹੈ ਜਾਂ ਕੀਤੀ ਜਾਂਦੀ ਹੈ ਪਰ ਫਸਟ ਨੇਸ਼ਨ ਦੇ ਆਗੂਆਂ ਦਾ ਕਹਿਣਾ ਹੈ ਫੈਡਰਲ ਅਤੇ ਸੂਬਾਈ ਸਰਕਾਰਾਂ ਸਿਰਫ਼ ਗੱਲਬਾਤ ਹੀ ਕਰਦੀਆਂ ਹਨ ਤੇ ਅਮਲੀ ਤੌਰ 'ਤੇ ਕੋਈ ਕਦਮ ਨਹੀਂ ਚੁੱਕਦੀਆਂ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਈਪਲਾਈਨ ਨਾਲ ਸੂਬੇ ਦੀ ਆਰਥਕਤਾ ਮਜ਼ਬੂਤ ਹੋਵੇਗੀ ਪਰ ਸਾਡੇ ਸਾਹਮਣੇ ਸਵਾਲ ਇਹ ਹੈ ਕਿ ਕੀ ਸੂਬੇ ਦੀ ਆਰਥਕਤਾ ਮਜ਼ਬੂਤ ਕਰਨ ਲਈ ਫਸਟ ਨੇਸ਼ਨਾਂ ਦੇ ਬਾਸ਼ਿੰਦਿਆਂ ਦੇ ਅਧਿਕਾਰਾਂ ਦੀ ਉਲੰਘਣਾ ਕਰਨੀ ਜ਼ਰੂਰੀ ਹੈ? ਕੀ ਇਹ ਨਹੀਂ ਹੋ ਸਕਦਾ ਕੋਈ ਅਜਿਹਾ ਹੱਲ ਕੱਢਿਆ ਜਾਵੇ ਜਿਸ ਨਾਲ ਫਸਟ ਨੇਸ਼ਨਾਂ ਦੇ ਬਾਸ਼ਿੰਦੇ ਵੀ ਸਹਿਮਤ ਹੋਣ ਤੇ ਪਾਈਪਲਾਈਨ ਪ੍ਰਜੈਕਟ ਵੀ ਸਿਰੇ ਚੜ੍ਹ ਜਾਵੇ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਇਸ ਦਾ ਸਿੱਧਾ ਮਤਲਬ ਇਹ ਹੈ ਕਿ ਸਰਕਾਰ ਇਨ੍ਹਾਂ ਲੋਕਾਂ ਨੂੰ ਵਿਸ਼ਵਾਸ ਵਿਚ ਨਹੀਂ ਲੈਣਾ ਚਾਹੁੰਦੀ ਤੇ ਕੂਟਨੀਤਕ ਢੰਗ ਨਾਲ ਮਾਤ ਦੇਣਾ ਚਾਹੁੰਦੀ ਹੈ ਜੋ ਕਿ ਬਿਨਾਂ ਸ਼ੱਕ ਗ਼ਲਤ ਹੈ।

## ਪਵਿੱਤਰ ਬਾਸੀ ਕਤਲ ਮਾਮਲੇ 'ਚ ਦੋ ਪੰਜਾਬੀ ਨੌਜਵਾਨ ਗ੍ਰਿਫ਼ਤਾਰ



**ਟੋਰਾਂਟੋ (ਨਦਬ)**: ਬਰੈਂਪਟਨ ਦੇ ਨੌਜਵਾਨ ਪਵਿੱਤਰ ਬਾਸੀ (21 ਸਾਲ) ਨੂੰ ਬੀਤੇ ਦਿਨੀਂ ਡਾਂਗਾਂ ਨਾਲ ਕੁੱਟ-ਕੁੱਟ ਕੇ ਮਾਰ ਦੇਣ ਦੇ ਮਾਮਲੇ ਦੀ ਛਾਣਬੀਣ ਕਰ ਰਹੀ ਪੁਲੀਸ ਨੇ ਦੋ ਪੰਜਾਬੀ ਮੁੰਡਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਕਰਨਵੀਰ ਬਾਸੀ (22) ਅਤੇ ਗੁਰਯੋਧ ਖੱਟੜਾ (22) ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਖ਼ਿਲਾਫ਼ ਪਹਿਲੇ ਦਰਜੇ ਦੇ ਕੇਸ ਦਰਜ ਕੀਤੇ ਹਨ।

ਪੁਲੀਸ ਮੁਤਾਬਕ ਕਰਨਵੀਰ ਬਾਸੀ ਦਾ ਭਾਵੇਂ ਪਵਿੱਤਰ ਬਾਸੀ ਨਾਲ ਗੋਤ ਰਲਦਾ ਹੈ ਪਰ ਦੋਹਾਂ ਦੀ ਆਪਸ ਵਿਚ ਕੋਈ ਰਿਸ਼ਤੇਦਾਰੀ ਨਹੀਂ ਹੈ। ਜ਼ਿਕਰਯੋਗ ਹੈ ਕਿ ਬਰੈਂਪਟਨ ਦੇ ਸਪਰਿੰਗਡੇਲ ਇਲਾਕੇ ਵਿਚ ਸੈਂਡਲਵੁੱਡ ਸੈਕੰਡਰੀ ਸਕੂਲ ਨੇੜੇ ਪਵਿੱਤਰ ਬਾਸੀ 'ਤੇ ਸੋਚੀ-ਸਮਝੀ ਸਾਜ਼ਿਸ਼ ਤਹਿਤ ਡਾਂਗਾਂ-ਸੋਟੀਆਂ ਨਾਲ ਹਮਲਾ ਕੀਤਾ ਗਿਆ ਪਰ ਪੁਲੀਸ ਦੇ ਮੌਕੇ 'ਤੇ ਪਹੁੰਚਣ ਤੋਂ ਪਹਿਲਾਂ ਹੀ ਹਮਲਾਵਰ ਕਾਰ ਵਿਚ ਫਰਾਰ ਹੋ ਗਏ ਸਨ। ਘਟਨਾ ਵਾਲੀ ਜਗ੍ਹਾ ਤੋਂ ਮ੍ਰਿਤਕ ਦੇ ਘਰ ਦਾ ਫਾਸਲਾ ਕਿਲੋਮੀਟਰ ਦਾ ਹੀ ਹੈ। ਪੀੜਤ ਨੂੰ ਗੰਭੀਰ ਹਾਲਤ ਵਿਚ ਟੋਰਾਂਟੋ ਦੇ ਟਰੌਮਾ ਸੈਂਟਰ ਵਿਚ ਲਿਜਾਇਆ ਗਿਆ ਪਰ ਅੰਦਰੂਨੀ ਸੱਟਾਂ ਦੀ ਤਾਬ ਨਾ ਝੱਲਦਿਆਂ ਉਹ ਹਸਪਤਾਲ ਵਿਚ ਦਮ ਤੋੜ ਗਿਆ। ਪਵਿੱਤਰ ਕੈਨੇਡਾ ਦਾ ਹੀ ਜੰਮਪਲ ਸੀ। ਪੁਲੀਸ ਵਲੋਂ ਮਾਮਲੇ ਦੀ ਅਜੇ ਹੋਰ ਜਾਂਚ ਕੀਤੀ ਜਾ ਰਹੀ ਹੈ। ਇਸ ਲੜਾਈ ਦੇ ਕਾਰਨਾਂ ਦਾ ਹਾਲੇ ਤੱਕ ਪਤਾ ਨਹੀਂ ਲੱਗਿਆ ਪਰ ਇਸ ਘਟਨਾ ਕਾਰਨ ਸਮੁੱਚਾ ਪੰਜਾਬੀ ਭਾਈਚਾਰਾ ਚਿੰਤਤ ਹੈ।

## ਮੰਦਬੁੱਧੀ ਦੀ ਕੁੱਟਮਾਰ ਕਰਨ ਵਾਲੇ ਰਣਜੋਤ ਤੇ ਪਰਮਵੀਰ ਚਾਹਲ ਦੇ ਵਾਰੰਟ ਜਾਰੀ

**ਟੋਰਾਂਟੋ (ਨਦਬ)**: ਇੱਥੋਂ ਨੇੜਲੇ ਸ਼ਹਿਰ ਮਿਸੀਸਾਗਾ ਦੇ ਬੱਸ ਸਟੇਸ਼ਨ ਵਿਚ ਇਕ ਮੰਦਬੁੱਧੀ ਵਿਅਕਤੀ ਦੀ ਕੁੱਟਮਾਰ ਕਰਨ ਵਾਲੇ ਪੰਜਾਬੀ ਮੁੰਡਿਆਂ ਦੇ ਪੂਰੇ ਕਨੇਡਾ ਵਿਚ ਵਾਰੰਟ ਜਾਰੀ ਹੋਏ ਹਨ। ਘਟਨਾ ਨੂੰ ਅੰਜਾਮ ਦੇਣ ਵਾਲੇ ਰਣਜੋਤ ਸਿੰਘ ਧਾਮੀ (25) ਅਤੇ ਉਸ ਦੇ ਦੋਸਤਾਂ ਦੀ ਵੀਡੀਓ ਜਨਤਕ ਹੋਣ ਮਗਰੋਂ ਪੁਲੀਸ ਨੇ ਇਹ ਵਾਰੰਟ ਕੱਢੇ ਹਨ। ਅੱਜ ਪੁਲੀਸ ਨੇ ਉਸਦੇ ਦੂਜੇ ਸਾਥੀ ਪਰਮਵੀਰ ਚਾਹਲ (21 ਸਾਲ) ਦੀ ਵੀ ਪਛਾਣ ਜਾਰੀ ਕਰ ਦਿੱਤੀ ਹੈ। ਸੂਤਰਾਂ ਮੁਤਾਬਕ ਸਰ੍ਹੀ (ਬ੍ਰਿਟਿਸ਼ ਕੋਲੰਬੀਆ) ਦਾ ਰਹਿਣ ਵਾਲਾ ਰਣਜੋਤ ਟੋਰਾਂਟੋ ਘੁੰਮਣ ਫਿਰਨ ਲਈ ਆਇਆ ਹੋਇਆ ਸੀ। ਪੁਲੀਸ ਨੇ ਦੱਸਿਆ ਕਿ ਧਾਮੀ ਅਤੇ ਉਸ ਦੇ ਦੋ ਹੋਰ ਸਾਥੀ ਅਜੇ ਟੋਰਾਂਟੋ ਇਲਾਕੇ ਵਿਚ ਹੀ ਹੋ ਸਕਦੇ ਹਨ। ਤੀਜੇ ਮੁੰਡੇ ਦੀ ਪਛਾਣ ਅਜੇ ਜਨਤਕ ਨਹੀਂ ਕੀਤੀ ਗਈ। ਦੱਸਣਯੋਗ ਹੈ ਕਿ ਪਿਛਲੇ ਹਫ਼ਤੇ ਇਨ੍ਹਾਂ ਤਿੰਨ ਮੁੰਡਿਆਂ ਨੇ ਬੱਸ ਸਟੇਸ਼ਨ ਦੀਆਂ ਪੌੜੀਆਂ ਵਿਚ ਬੈਠੇ ਮੰਦਬੁੱਧੀ ਵਿਅਕਤੀ ਨੂੰ ਬਿਨਾਂ ਕਿਸੇ ਗੱਲ ਤੋਂ ਠੁੱਡੇ ਅਤੇ ਮੁੱਕਿਆਂ ਨਾਲ ਕੁੱਟਿਆ ਸੀ ਅਤੇ ਇਹ ਸਭ ਕੁਝ ਸੀਸੀਟੀਵੀ ਕੈਮਰੇ ਵਿਚ ਰਿਕਾਰਡ ਹੋ ਗਿਆ ਸੀ।



## ਯੂ ਟਿਊਬ ਹੈੱਡਕੁਆਰਟਰ 'ਚ ਮਹਿਲਾ ਨੇ 4 ਜਣਿਆਂ ਨੂੰ ਜ਼ਖ਼ਮੀ ਕਰਕੇ ਖ਼ੁਦ ਨੂੰ ਮਾਰੀ ਗੋਲੀ

**ਸੈਨ ਬਰੂਨੋ, ਕੈਲੇਫੋਰਨੀਆ (ਨਦਬ)**: ਇਕ ਮਹਿਲਾ ਨੇ ਯੂ ਟਿਊਬ ਦੇ ਹੈੱਡਕੁਆਰਟਰ ਉੱਤੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਤਿੰਨ ਵਿਅਕਤੀਆਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਤੇ ਫਿਰ ਖ਼ੁਦ ਨੂੰ ਵੀ ਗੋਲੀ ਮਾਰ ਲਈ। ਇਸ ਗੋਲੀਕਾਂਡ ਤੋਂ ਡਰ ਦੇ ਮਾਰੇ ਕਰਮਚਾਰੀ ਕਮਰਿਆਂ ਵਿਚ ਦੜ ਗਏ। ਇਹ ਜਾਣਕਾਰੀ ਪੁਲੀਸ ਤੇ ਚਸ਼ਮਦੀਦ ਗਵਾਹਾਂ ਨੇ ਦਿੱਤੀ।

911 ਉੱਤੇ ਗੋਲੀ ਚੱਲਣ ਦੀਆਂ ਮਿਲੀਆਂ ਕਈ ਕਾਲਾਂ ਤੋਂ ਬਾਅਦ ਪੁਲੀਸ ਅਧਿਕਾਰੀ ਤੇ ਫੈਡਰਲ ਏਜੰਟਸ ਸੈਨ ਬਰੂਨੋ ਸਥਿਤ ਸੈਨ ਫਰਾਂਸਿਸਕੋ ਬੇਅ ਏਰੀਆ ਸਿਟੀ ਵਿਚ ਸਥਿਤ ਕੰਪਨੀ ਦੇ ਕੈਂਪਸ ਵਿਚ ਪਹੁੰਚੇ। ਯੂ ਟਿਊਬ ਕਰਮਚਾਰੀ ਡਾਇਨਾ ਐਮਸਪਾਈਗਰ ਨੇ ਦੱਸਿਆ ਕਿ ਉਹ ਉਸ ਸਮੇਂ ਇਮਾਰਤ ਦੀ ਦੂਜੀ ਮੰਜ਼ਿਲ ਉੱਤੇ ਸੀ ਜਦੋਂ ਉਸ ਨੇ ਗੋਲੀਆਂ ਚੱਲਣ ਦੀ ਆਵਾਜ਼ ਸੁਣੀ। ਉਸ ਨੇ ਦੱਸਿਆ ਕਿ ਇਸ ਮਗਰੋਂ ਉਹ ਭੱਜ ਕੇ ਖਿੜਕੀ ਕੋਲ ਆਈ ਤੇ ਸ਼ੂਟਰ ਨੂੰ ਵੇਖਿਆ।




ਉਸ ਨੇ ਦੱਸਿਆ ਕਿ ਉਸ ਮਹਿਲਾ ਨੇ ਐਨਕਾਂ ਤੇ ਸਕਾਰਫ ਪਾਇਆ ਹੋਇਆ ਸੀ ਤੇ ਉਸ ਕੋਲ ਬਹੁਤ ਵੱਡੀ ਪਿਸਟਲ ਸੀ। ਉਹ ਆਪਣੀ ਗੰਨ ਨਾਲ ਧੜਾਧੜ ਗੋਲੀਆਂ ਚਲਾ ਰਹੀ ਸੀ। ਡਾਇਨਾ ਨੇ ਆਖਿਆ ਕਿ ਜਿਵੇਂ ਹੀ ਉਸ ਨੇ ਸ਼ੂਟਰ ਆਖਿਆ ਸਾਰੇ ਹੀ ਕਰਮਚਾਰੀਆਂ ਨੇ ਇੱਧਰ ਉੱਧਰ ਭੱਜਣਾ ਸ਼ੁਰੂ ਕਰ ਦਿੱਤਾ। ਉਸ ਨੇ ਦੱਸਿਆ ਕਿ ਉਹ ਆਪ ਤੇ ਹੋਰ ਲੋਕ ਇਕ ਘੰਟੇ ਤੱਕ ਕਾਨਫਰੰਸ ਰੂਮ ਵਿਚ ਲੁਕੇ ਰਹੇ ਜਦਕਿ ਇਕ ਪੁਰਸ਼ ਕਰਮਚਾਰੀ ਨੇ ਵਾਰੀ ਵਾਰੀ 911 ਉੱਤੇ ਕਾਲ ਕਰਕੇ ਇਸ ਘਟਨਾਕ੍ਰਮ ਦੀ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ। ਉਸ ਨੇ ਦੱਸਿਆ ਕਿ ਸਾਰਾ ਮੰਜ਼ਰ ਹੀ ਬੜਾ ਡਰਾਵਣਾ ਸੀ।

ਟੀਵੀ ਨਿਊਜ਼ ਫੁਟੇਜ ਵਿਚ ਸਾਫ ਨਜ਼ਰ ਆ ਰਿਹਾ ਹੈ ਕਿ ਲੋਕ ਲਾਈਨ ਬਣਾ ਕੇ ਇਮਾਰਤ ਵਿਚੋਂ ਬਾਹਰ ਨਿਕਲ ਰਹੇ ਹਨ ਤੇ ਉਨ੍ਹਾਂ ਆਪਣੀਆਂ ਬਾਹਾਂ ਉੱਪਰ ਚੁੱਕ ਰੱਖੀਆਂ ਹਨ। ਪੁਲੀਸ ਅਧਿਕਾਰੀ ਇਹ ਜਾਂਚ ਕਰ ਰਹੇ ਸਨ ਕਿ ਕਿਸੇ ਕੋਲ ਹਥਿਆਰ ਤਾਂ ਨਹੀਂ। ਪੁਲੀਸ ਅਧਿਕਾਰੀ ਜਦੋਂ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਇਕ ਵਿਅਕਤੀ ਜ਼ਖ਼ਮੀ ਹਾਲਤ ਵਿਚ ਮਿਲਿਆ ਤੇ ਉਨ੍ਹਾਂ ਨੂੰ ਸ਼ੂਟਰ ਮਹਿਲਾ ਵੀ ਮਿਲੀ ਤੇ ਇੰਜ ਲੱਗ ਰਿਹਾ ਸੀ ਜਿਵੇਂ ਉਸ ਨੇ ਖ਼ੁਦ ਨੂੰ ਗੋਲੀ ਮਾਰ ਲਈ ਹੋਵੇ। ਇਹ ਜਾਣਕਾਰੀ ਸੈਨ ਬਰੂਨੋ ਪੁਲੀਸ ਚੀਫ ਐਂਡ ਬਾਰਬੇਰਿਨੀ ਨੇ ਦਿੱਤੀ।

ਉਨ੍ਹਾਂ ਦੱਸਿਆ ਕਿ ਦੋ ਹੋਰ ਜ਼ਖ਼ਮੀ ਵਿਅਕਤੀ ਉਨ੍ਹਾਂ ਨੂੰ ਨੇੜਲੀ ਇਮਾਰਤ ਵਿਚ ਮਿਲੇ ਤੇ ਚੌਥੇ ਵਿਅਕਤੀ ਨੂੰ ਗਿੱਟੇ ਉੱਤੇ ਸੱਟ ਲੱਗੀ ਸੀ। ਹੈੱਡਕੁਆਰਟਰਜ਼ ਵਿਚ ਹਜ਼ਾਰ ਤੋਂ ਵੱਧ ਇੰਜੀਨੀਅਰ ਤੇ ਹੋਰ ਕਰਮਚਾਰੀ ਹਨ। ਵ੍ਹਾਈਟ ਹਾਊਸ ਵਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਇਸ ਬਾਰੇ ਇਤਲਾਹ ਦੇ ਦਿੱਤੀ ਗਈ ਹੈ ਤੇ ਅਧਿਕਾਰੀਆਂ ਵਲੋਂ ਮਾਮਲੇ ਦੀ ਨਿਗਰਾਨੀ ਰੱਖੀ ਜਾ ਰਹੀ ਹੈ।

## ਖੇਡ ਮੈਦਾਨਾਂ ਨੇੜੇ 30 ਕਿਲੋਮੀਟਰ ਪ੍ਰਤੀ ਘੰਟੇ ਦੀ ਹੋਵੇਗੀ ਰਫ਼ਤਾਰ

**ਐਡਮਿੰਟਨ (ਨਦਬ)**: 2017 ਦੇ ਅੰਤਲੇ ਦਿਨਾਂ ਤੋਂ ਸ਼ਹਿਰ ਵਿਚ ਪਲੇਗਰਾਊਂਡ ਜ਼ੋਨ ਦੇ ਨੇੜੇ ਤੇੜੇ 30 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਸਾਈਨ ਬੋਰਡ ਲਗਾਏ ਜਾ ਰਹੇ ਹਨ। ਸ਼ਹਿਰ ਦੇ ਟ੍ਰੈਫਿਕ ਸੁਰੱਖਿਆ ਦੇ ਬੁਲਾਰੇ ਗੈਰੀ ਡਿਕ ਦਾ ਕਹਿਣਾ ਹੈ ਕਿ ਅਸੀਂ ਚਾਹੁੰਦੇ ਹਾਂ ਕਿ ਟਿਕਟਾਂ ਸ਼ੁਰੂ ਹੋਣ ਤੋਂ ਪਹਿਲਾਂ ਲੋਕ ਸਾਈਨ ਬੋਰਡਾਂ ਦੇ ਆਦੀ ਹੋ ਜਾਣ। ਤਕਨੀਕੀ ਤੌਰ 'ਤੇ ਸਾਈਨ ਬੋਰਡਾਂ ਦੀ ਪਾਲਣਾ ਕਰਨੀ ਉਦੋਂ ਜ਼ਰੂਰੀ ਹੋ ਜਾਵੇਗੀ ਜਦੋਂ ਇਸ ਸਬੰਧੀ ਸਾਰਾ ਕੰਮ ਪੂਰਾ ਹੋ ਜਾਵੇਗਾ। ਇਸ ਸਮੇਂ ਦਰਮਿਆਨ ਡਰਾਈਵਰਾਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਨੈਤਿਕ ਤੌਰ 'ਤੇ ਸਾਈਨ ਬੋਰਡਾਂ ਦੀ ਪਾਲਣਾ ਕਰਨਗੇ। ਸਿਟੀ ਕੌਂਸਲ ਵਲੋਂ ਸਰਬ ਸੰਮਤੀ ਨਾਲ ਸਤੰਬਰ 2017 ਵਿਚ ਇਸ ਸਬੰਧੀ ਮਤਾ ਪਾਸ ਕੀਤਾ ਗਿਆ ਸੀ। ਇਹ ਯੋਜਨਾ ਸ਼ਹਿਰ ਦੇ 178 ਖੇਡ ਮੈਦਾਨਾਂ ਲਈ ਬਣਾਈ ਗਈ ਹੈ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਸਪੀਡ ਲਿਮਿਟ ਪ੍ਰਤੀ ਦਿਨ ਸਵੇਰੇ 7:30 ਤੋਂ ਰਾਤ ਨੂੰ 9 ਵਜੇ ਤੱਕ ਰਹੇਗੀ। ਐਲੀਮੈਂਟਰੀ ਅਤੇ ਜੂਨੀਅਰ ਸਕੂਲ ਘੱਟ ਸਪੀਡ ਵਾਲੇ ਜ਼ੋਨ 'ਚ ਸ਼ਾਮਲ ਹੋਣਗੇ ਜਦੋਂਕਿ ਸਿਟੀ ਹਾਈ ਸਕੂਲਾਂ ਵਿਚ ਅਜਿਹਾ ਨਹੀਂ ਹੋਵੇਗਾ।

# ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਔਰਤ ਦੀ ਦਿਸ਼ਾ ਤੇ ਦਸ਼ਾ ਬਾਰੇ ਵਿਚਾਰਾਂ



**ਐਡਮਿੰਟਨ (ਨਦਬ)** : ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਵਲੋਂ ਕੌਮਾਂਤਰੀ ਨਾਰੀ ਦਿਵਸ ਬੀਤੀ 18 ਮਾਰਚ ਨੂੰ ਆਪਣੇ ਹੀ ਕਮਿਊਨਿਟੀ ਹਾਲ ਵਿਚ ਬਾਅਦ ਦੁਪਹਿਰ ਮਨਾਇਆ ਗਿਆ। ਇਹ ਦਿਨ ਰਸਮੀ ਤੌਰ 'ਤੇ ਮਨਾਉਣ ਦੇ ਨਾਲ-ਨਾਲ ਆਪਸੀ ਵਿਚਾਰ ਵਟਾਂਦਰਾ ਵੀ ਕੀਤਾ ਗਿਆ।

ਇਸ ਸਮਾਗਮ ਵਿਚ ਹਾਜ਼ਰੀਨ ਮੈਂਬਰਾਂ ਨੇ ਔਰਤ ਦੀ ਦਿਸ਼ਾ ਤੇ ਦਸ਼ਾ ਬਾਰੇ ਵਿਸ਼ਵ ਪੱਧਰ 'ਤੇ ਹੋ ਰਹੀਆਂ ਅਪਮਾਨਜਨਕ ਘਟਨਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਇਨ੍ਹਾਂ ਦੇ ਪ੍ਰਤੀਕਰਮ ਵਿਚ ਆਪਣੇ ਸੁਝਾਉ ਵੀ ਪੇਸ਼ ਕੀਤੇ। ਨਾਰੀ ਦਿਵਸ ਦੀ ਮਹਾਨਤਾ ਦੇ ਮੱਦੇਨਜ਼ਰ ਉਨ੍ਹਾਂ ਔਰਤਾਂ ਪ੍ਰਤੀ ਹਮਦਰਦੀ ਜ਼ਾਹਰ ਕੀਤੀ ਜਿਹੜੀਆਂ ਸਮਾਜਕ ਰੁਤਬੇ ਵਿਚ ਪਿੱਛੇ ਹਨ ਜਾਂ ਮਾਨਸਕ ਤੌਰ 'ਤੇ ਇੰਨੀਆਂ ਬਲਵਾਨ ਨਹੀਂ ਕਿ ਉਹ ਆਪਣੇ ਅਸਤਿਤਵ ਦੀ ਸੁਰੱਖਿਆ ਯਕੀਨੀ ਕਰ ਸਕਣ।

ਸਾਰਥਕ ਵਿਚਾਰਾਂ ਦੇ ਨਾਲ-ਨਾਲ ਹਾਜ਼ਰ ਔਰਤਾਂ ਨੇ ਆਪਣੇ ਤਜਰਬੇ ਵੀ ਸਾਂਝੇ ਕੀਤੇ ਕਿ ਕਿਸ ਤਰ੍ਹਾਂ ਹਰ ਇਕ ਨੇ ਆਪਣੀ ਜ਼ਿੰਦਗੀ ਵਿਚ ਆਪਣੇ ਆਪ ਨੂੰ ਮਾਨਸਕ ਤੌਰ 'ਤੇ ਕਾਬਲ ਬਣਾਇਆ ਅਤੇ ਸਮੁਚੇ ਵਰਗ ਵਿਚ ਆਪਣੀ ਥਾਂ ਬਣਾਈ। ਇਹ ਤਾਂ ਹੀ ਸੰਭਵ ਹੋ ਸਕਦਾ ਜੇਕਰ ਸਮਾਜ ਵਿਚ ਔਰਤ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ ਅਤੇ ਉਨ੍ਹਾਂ ਨੂੰ ਆਪਣੀ ਉੱਨਤੀ ਲਈ ਮੌਕੇ ਪ੍ਰਦਾਨ ਹੋ ਸਕਣ। ਦੇਖਣ ਵਿਚ ਆਇਆ ਹੈ ਕਿ ਸਮਾਜਕ, ਰਾਜਨੀਤਕ ਅਤੇ ਆਰਥਕ ਸ਼ੋਸ਼ਣ ਵਿਚ ਜਿਥੇ ਤਾਕਤਹੀਣ ਮਨੁੱਖ ਦੀ ਲੁੱਟ ਖਸੁੱਟ ਕੀਤੀ ਜਾ ਰਹੀ ਹੈ ਉਥੇ ਔਰਤ ਵਰਗ ਦੀ ਹਾਲਤ ਉਸ ਤੋਂ ਵੀ ਬਹੁੱਤ ਹੀ ਨੀਵੇਂ ਪੱਧਰ ਦੀ ਹੈ। ਸਿਆਸੀ ਤੇ ਧਾਰਮਕ ਦਮਨ, ਰੂੜੀਵਾਦੀ ਸੋਚ ਅਤੇ ਸਮਾਜਕ ਨਾ-ਬਰਾਬਰੀ ਔਰਤ ਨੂੰ ਉਸ ਦੇ ਕੁਦਰਤੀ ਗੁਣਾਂ ਤੋਂ ਵਾਂਝਾ ਰੱਖਦੀ ਹੈ। ਕੁਦਰਤੀ ਗੁਣਾਂ ਨਾਲ ਲਬਰੇਜ਼ ਔਰਤ ਆਪਣੇ ਆਪ ਵਿਚ ਮਹਾਨ ਹੈ ਤੇ ਮਨੁੱਖੀ ਸਮਾਜ ਵਿਚ ਬਰਾਬਰ ਦੀ ਭਾਈਵਾਲ ਹੈ।

ਇਹ ਪ੍ਰੋਗਰਾਮ ਦੀ ਖਾਸੀਅਤ ਸੀ ਕਿ ਬਹਿਸ ਮੁਹਾਬਸੇ ਵਿਚ ਹਰ ਇਕ ਨੇ ਭਾਗ ਲਿਆ ਅਤੇ ਆਪਣੇ ਅੰਦਰਲੇ ਅਨੁਭਵ ਬਾਕੀਆਂ ਨਾਲ ਸਾਂਝੇ ਕੀਤੇ। ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਦੇ ਐਗਜੈਕਟਿਵ ਮੈਂਬਰ ਇੰਦਰਾ ਸਰੋਆ, ਜਗਜੀਤ ਕੌਰ ਦਿਉਲ, ਡਾ. ਹਰਮਨਦੀਪ ਬਰਾੜ ਅਤੇ ਸਹਿਯੋਗੀ ਅਰਵਿੰਦ ਸੇਖੋਂ ਨੇ ਪ੍ਰੋਗਰਾਮ ਨੂੰ ਸ਼ਾਨਦਾਰ ਤਰੀਕੇ ਨਾਲ ਚਲਾਇਆ।

ਸਤਿੰਦਰ ਸਮਰਾ, ਕਮਲ ਸੰਧੂ, ਰਾਣੀ ਮਾਂਗਟ, ਰਣਜੀਤ ਪਨੇਸਰ, ਰੀਆ ਅਰੋੜਾ, ਰਾਣੀ ਸਿੱਧੂ, ਜੱਸੀ ਸਿੱਧੂ, ਬਲਜੀਤ ਗਰੇਵਾਲ, ਮਨਦੀਪ ਗਿੱਲ, ਕਮਲ ਬੁੱਟਰ, ਸੁਖਮਿੰਦਰ ਔਜਲਾ, ਰਾਜਿੰਦਰ ਕਲਸੀ, ਉਪਦੇਸ਼ ਗਰੇਵਾਲ ਤੇ ਨੌਜਵਾਨ ਜਸਲੀਨ ਕੌਰ ਮਾਨ ਨੇ ਇਸ ਸਮਾਗਮ ਵਿਚ ਹਿੱਸਾ ਲਿਆ। ਨਾਰੀ ਦਿਵਸ ਦੀ ਮਹਾਨਤਾ ਨੂੰ ਸਲਾਮ ਕਰਦਿਆਂ ਭੰਗੜਾ ਫੀਵਰ ਗੁਰੱਪ ਨੇ ਫੁੱਲਾਂ ਦਾ ਗੁਲਦਸਤਾ ਵੀ ਹਾਜ਼ਰ ਮੈਂਬਰਾਂ ਨੂੰ ਭੇਟ ਕੀਤਾ।

ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਪੰਜਾਬੀ ਭਾਈਚਾਰੇ ਦੀ ਹਰਮਨ ਪਿਆਰੀ ਤੇ ਪੁਰਾਣੀ ਸੰਸਥਾ ਹੈ, ਜਿਸ ਦਾ ਮਕਸਦ ਸਭਿਆਚਾਰ, ਬੋਲੀ ਅਤੇ ਸਾਹਿਤ ਨੂੰ ਉਤਸ਼ਾਹਿਤ ਕਰਨ ਦੇ ਨਾਲ ਨਾਲ ਸਮਾਜਕ ਸਰੋਕਾਰਾਂ ਵਿਚ ਪ੍ਰਗਤੀਸ਼ਾਲੀ ਯੋਗਦਾਨ ਪਾਉਣਾ ਹੈ ਤਾਂ ਕਿ ਨਰੋਈਆਂ ਕਦਰਾਂ ਕੀਮਤਾਂ ਤੇ ਉਸਾਰੂ ਸਮਾਜ ਦੀ ਬਹਾਲੀ ਹੋ ਸਕੇ।

# ਪੰਜਾਬੀ ਲਿਖਾਰੀ ਸਭਾ ਵਲੋਂ ਸੁਟਨ ਗਾਰਨਰ ਤੇ ਕਰਨਲ ਰਤਨ ਸਿੰਘ ਦਾ ਸਨਮਾਨ



**ਕੈਲਗਰੀ (ਜੋਰਾਵਰ ਬਾਂਸਲ)** : ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਬੱਚਿਆਂ ਦਾ ਸਾਲਾਨਾ ਸਮਾਗਮ ਵਾਈਟਹੌਰਨ ਕਮਿਊਨਟੀ ਹਾਲ ਵਿਚ ਲੋਕਾਂ ਦੇ ਭਾਰੀ ਇਕਠ ਵਿਚ 'ਓ ਕੈਨੇਡਾ' ਰਾਸ਼ਟਰੀ ਗੀਤ ਨਾਲ ਸ਼ੁਰੂ ਹੋਇਆ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸਭਾ ਦੇ ਜਨਰਲ ਸਕੱਤਰ ਰਣਜੀਤ ਸਿੰਘ ਨੇ ਬਾਖੂਬੀ ਨਿਭਾਈ।

ਪ੍ਰਧਾਨਗੀ ਮੰਡਲ ਵਿਚ ਸਭਾ ਦੇ ਸਰਪ੍ਰਸਤ ਜਸਵੰਤ ਸਿੰਘ, ਪ੍ਰਧਾਨ ਬਲਜਿੰਦਰ ਸੰਘਾ, ਲੈ. ਕਰਨਲ ਰਤਨ ਸਿੰਘ ਪਰਮਾਰ ਅਤੇ ਸੁਟਨ ਗਾਰਨਰ ਸ਼ਾਮਿਲ ਸਨ। ਇਸ ਸਮਾਗਮ ਵਿਚ ਪੰਜਾਬੀ ਬੋਲਣ ਦੇ ਮੁਕਾਬਲੇ ਵਿਚ ਦੋ ਤੋਂ ਅੱਠ ਗਰੇਡ ਦੇ ਬੱਚਿਆਂ ਨੇ ਭਾਗ ਲਿਆ। ਜਿੱਥੇ 'ਕੈਲਗਰੀ ਗਿੱਧਾ ਐਂਡ ਡਾਂਸ ਅਕੈਡਮੀ' ਦੇ ਬੱਚਿਆਂ ਨੇ ਗਿੱਧੇ ਨਾਲ ਰੌਣਕ ਲਾਈ, ਉਥੇ ਹੀ 'ਪ੍ਰੋਗਰੈਸਿਵ ਕਲਚਰ ਐਸੋਸੀਏਸ਼ਨ' ਵਲੋਂ ਕੀਤੀ ਕੋਰੀਓਗ੍ਰਾਫੀ 'ਮਹਿੰਗਾ ਪਿਆ ਕਨੇਡਾ' ਨੇ ਇਥੇ ਦੀ ਜ਼ਿੰਦਗੀ ਦਾ ਕੌੜਾ ਸੱਚ ਬਿਆਨ ਕੀਤਾ।

ਸਭਾ ਦੇ ਸਰਪ੍ਰਸਤ ਜਸਵੰਤ ਸਿੰਘ ਗਿੱਲ ਵਲੋਂ ਸਭਾ ਦੀਆਂ ਪ੍ਰਾਪਤੀਆਂ ਦਾ ਵੇਰਵਾ ਸਾਂਝਾਂ ਕੀਤਾ ਗਿਆ। ਪਹਿਲਾ ਸਨਮਾਨ ਕਨੇਡੀਅਨ ਮੂਲ ਦੀ ਤੇਰ੍ਹਾਂ ਸਾਲਾਂ ਸੁਟਨ ਗਰਨਰ ਨੂੰ ਦੇ ਕੇ ਸਭਾ ਨੇ ਮਾਣ ਮਹਿਸੂਸ ਕੀਤਾ। ਕਿਉਂ ਕਿ ਉਹ 'ਆਈ ਕੈਨ ਫਾਰ ਕਿਡਸ' ਮਿਸ਼ਨ ਹੇਠ ਗਰਮੀਆਂ ਦੀਆਂ ਛੁਟੀਆਂ ਵਿਚ 30,000 ਤੋਂ 36,000 ਜ਼ਰੂਰਤਮੰਦ ਬੱਚਿਆਂ ਨੂੰ ਖਾਣਾ ਮੁਹੱਈਆ ਕਰਵਾਉਂਦੀ ਹੈ। ਇਸ ਮੌਕੇ ਉਸ ਦੇ ਮਾਤਾ ਦੀ ਮੌਜੂਦ ਸਨ। ਹਰੀਪਾਲ ਨੇ ਸੁਟਨ ਗਾਰਨਰ ਦੇ ਮਿਸ਼ਨ ਬਾਰੇ ਜਾਣਕਾਰੀ ਦਿੱਤੀ। ਸਭਾ ਵਲੋਂ ਉਸ ਨੂੰ ਸਨਮਾਨ ਚਿੰਨ੍ਹ ਭੇਟ ਕੀਤਾ ਗਿਆ। ਦੂਸਰਾ ਸਨਮਾਨ ਲੈ: ਕਰਨਲ ਰਤਨ ਸਿੰਘ ਪਰਮਾਰ ਦਾ ਕੀਤਾ ਗਿਆ। ਜਿਨ੍ਹਾਂ ਨੇ 62,65 ਤੇ ਸੰਨ 71 ਦੀ ਜੰਗ ਵਿਚ ਹਿੱਸਾ ਲਿਆ। ਦੇਸ਼ ਸੇਵਾ ਤੇ ਸਮਾਜਕ ਕੰਮਾਂ ਵਿਚ ਉਨ੍ਹਾਂ ਦਾ ਵੱਡਾ ਯੋਗਦਾਨ ਰਿਹਾ। ਉਨ੍ਹਾਂ ਨੇ ਦੋ ਕਿਤਾਬਾਂ ਵੀ ਲਿਖੀਆਂ, 1993 ਵਿਚ ਵਾਰ ਮੈਮੋਰੀਅਲ ਵਿਚ ਪਹਿਲੇ ਸਿੱਖ ਵਜੋਂ ਬੁਲਾਰੇ ਰਹੇ। ਪਹਿਲਾਂ ਸਭਾ ਦੇ ਮੀਤ ਪ੍ਰਧਾਨ ਗੁਰਬਚਨ ਬਰਾੜ ਨੇ ਉਨ੍ਹਾਂ ਦੀਆਂ ਪ੍ਰਾਪਤੀਆ ਬਾਰੇ ਚਾਨਣਾ ਪਾਇਆ। ਮੁਕਾਬਲੇ ਵਿਚ ਬੱਚਿਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਜਿਨ੍ਹਾਂ ਨੇ ਗੀਤ, ਕਵਿਤਾਵਾਂ ਤੇ ਧਾਰਮਕ ਸ਼ਬਦਾਂ ਨਾਲ ਹਾਜ਼ਰੀ ਲਵਾਈ। ਸਭਾ ਵਲੋਂ ਮੁਕਾਬਲੇ ਵਿਚ ਭਾਗ ਲੈਣ ਵਾਲੇ ਬੱਚਿਆਂ ਨੂੰ ਮੈਡਲ ਤੇ ਸਰਟੀਫਿਕੇਟ ਦਿੱਤੇ ਗਏ।

ਪਹਿਲੇ ਭਾਗ ਦੋ, ਤਿੰਨ ਤੇ ਚਾਰ ਗਰੇਡ ਦੇ ਬੱਚਿਆਂ ਲਈ ਜੱਜ ਵਜੋਂ ਸੁਰਿੰਦਰ ਗੀਤ, ਨਵ ਰੰਧਾਵਾ ਤੇ ਨਵਨੀਤ ਕੌਰ ਸਦਿਉੜਾ। ਦੂਸਰੇ ਭਾਗ ਦੇ ਮੁਕਾਬਲੇ ਪੰਜ ਤੇ ਛੇ ਗਰੇਡ ਲਈ ਸੁਖਦੇਵ ਸਿੰਘ, ਪ੍ਰਸ਼ੋਤਮ ਭਾਰਦਵਾਜ ਤੇ ਦਿਲਵਰ ਸਿੰਘ ਸਮਰਾ ਤੇ ਤੀਸਰੇ ਭਾਗ ਸੱਤ ਤੇ ਅੱਠ ਗਰੇਡ ਲਈ ਸੁਰਿੰਦਰ ਗੀਤ, ਹਰਕੀਰਤ ਧਾਲੀਵਾਲ ਤੇ ਦਿਲਾਵਰ ਸਿੰਘ ਸਮਰਾ ਨੇ ਜ਼ਿੰਮੇਵਾਰੀ ਨਿਭਾਈ।

ਪਹਿਲੇ ਭਾਗ ਵਿਚੋਂ ਸਲੋਨੀ ਗੌਤਮ ਪਹਿਲੇ, ਪੁਨੀਤ ਕੌਰ ਢੱਡਾ ਦੂਸਰੇ ਤੇ ਕੀਰਤ ਕੌਰ ਧਾਰਨੀ ਤੀਜਾ ਦਰਜਾ ਪ੍ਰਾਪਤ ਕੀਤਾ। ਦੂਸਰੇ ਭਾਗ ਵਿਚੋਂ ਪ੍ਰਭਰੂਪ ਸਿੰਘ ਮਾਂਗਟ ਪਹਿਲਾ, ਅਨੂਪ ਕੌਰ ਦੂਸਰੇ ਤੇ ਰਣਸ਼ੇਰ ਭੱਟੀ ਤੀਸਰੇ ਦਰਜੇ 'ਤੇ ਰਹੇ ਅਤੇ ਤੀਸਰੇ ਭਾਗ ਵਿਚ ਪ੍ਰਭਲੀਨ ਕੌਰ ਗਰੇਵਾਲ ਪਹਿਲੇ, ਸਾਗਰ ਸਿੰਘ ਸਿੱਧੂ ਦੂਸਰੇ ਅਤੇ ਗੁਰਤਾਜ ਸਿੰਘ ਲਿੱਟ ਤੀਸਰੇ ਦਰਜੇ 'ਤੇ ਰਹੇ। ਜੇਤੂ ਬੱਚਿਆਂ ਨੂੰ ਟਰਾਫੀਆਂ ਨਾਲ ਸਨਮਾਨਿਆ ਗਿਆ। ਸਭਾ ਦੇ ਮੈਂਬਰ ਮਹਿੰਦਰ ਪਾਲ ਨੇ ਕਿਤਾਬਾਂ ਦੇ ਸਟਾਲ ਦੀ ਜ਼ਿੰਮੇਵਾਰੀ ਨਿਭਾਈ ਤੇ ਸਟੇਜ ਤੋਂ ਚੰਗੀਆ ਕਿਤਾਬਾਂ ਪੜ੍ਹਨ ਦਾ ਸੁਨੇਹਾ ਦਿੱਤਾ। ਜਨਰਲ ਸਕੱਤਰ ਰਣਜੀਤ ਸਿੰਘ ਨੇ ਸਾਰੇ ਮੀਡੀਏ ਤੇ ਹਾਜ਼ਰ ਨਾਮਵਰ ਸ਼ਖ਼ਸੀਅਤਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਇਸ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਯੋਗਦਾਨ ਪਾਇਆ।

ਅਖ਼ੀਰ ਵਿਚ ਪ੍ਰਧਾਨ ਬਲਜਿੰਦਰ ਸੰਘਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ। ਇਸ ਮੌਕੇ ਚਾਹ ਪਾਣੀ ਤੇ ਸਨੈਕਸ ਦਾ ਪੂਰਾ ਪ੍ਰਬੰਧ ਸਭਾ ਵਲੋਂ ਕੀਤਾ ਗਿਆ ਤੇ 'ਆਈ ਕੈਨ ਫਾਰ ਕਿਡਸ' ਸੰਸਥਾ ਵਲੋਂ ਫੂਡ ਡੋਨੇਸ਼ਨ ਦਾ ਉਪਰਾਲਾ ਵੀ ਕੀਤਾ ਗਿਆ। ਪੰਜਾਬੀ ਲਿਖਾਰੀ ਸਭਾ ਕੈਲਗਰੀ ਵਲੋਂ ਕਰਵਾਇਆ ਇਹ ਸਮਾਗਮ ਸਫਲਤਾ ਦੀਆਂ ਨਵੀਆਂ ਪੈੜਾਂ ਸਿਰਜ ਗਿਆ। ਸਭਾ ਦੀ ਅਗਲੀ ਮੀਟਿੰਗ 21 ਅਪ੍ਰੈਲ, ਦਿਨ ਐਤਵਾਰ ਨੂੰ ਠੀਕ ਦੋ ਵਜੇ ਕੋਸੋ ਹਾਲ ਵਿਚ ਹੋਏਗੀ।

# ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮਾਸਿਕ ਮੀਟਿੰਗ ਕੌਮੀ ਸ਼ਹੀਦਾਂ ਨੂੰ ਸਮਰਪਤ

**ਕੈਲਗਰੀ (ਇਕਬਾਲ ਖ਼ਾਨ)** : ਅਰਪਨ ਲਿਖਾਰੀ ਸਭਾ ਕੈਲਗਰੀ ਦੀ ਮੀਟਿੰਗ ਸਤਪਾਲ ਕੌਰ ਬੱਲ ਦੀ ਪ੍ਰਧਾਨਗੀ ਹੇਠ ਹੋਈ। ਜਨਰਲ ਸਕੱਤਰ ਇਕਬਾਲ ਖ਼ਾਨ ਨੇ ਆਏ ਹੋਏ ਸਾਹਿਤਕਾਰਾਂ, ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਆਖਿਆਂ।

ਇਕਬਾਲ ਖ਼ਾਨ ਨੇ ਦੱਸਿਆ ਕਿ ਮੀਟਿੰਗ ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੇ ਸ਼ਹੀਦੀ ਦਿਵਸ ਅਤੇ ਕੌਮਾਂਤਰੀ ਇਸਤਰੀ ਦਿਵਸ ਨੂੰ ਸਮਰਪਤ ਕੀਤੀ ਗਈ। ਮੀਟਿੰਗ ਦਾ ਆਗਾਜ਼ ਡਾ. ਜੋਗਾ ਸਿੰਘ ਸਿਹੋਤਾ ਨੇ ਆਪਣੀ ਬਲੰਦ ਆਵਾਜ਼ ਨਾਲ 'ਇਸ਼ਕ ਆਖਦਾ ਏ ਤੇਰਾ...' ਪੇਸ਼ ਕਰਕੇ ਮਾਹੌਲ ਨੂੰ ਬਦਲਿਆ। ਦੁੱਖਾਂ ਸੁੱਖਾਂ ਦੀ ਗੱਲ ਕਰਦਿਆਂ ਉਨ੍ਹਾਂ ਨੇ ਫ਼ਿਲਮੀ ਦੁਨੀਆ ਦੀ ਕਲਾਕਾਰ ਸ਼੍ਰੀ ਦੇਵੀ ਅਤੇ ਸੂਫ਼ੀ ਗਾਇਕ ਪਿਆਰੇ ਲਾਲ ਹੋਰਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਲੰਬੇ ਸਮੇਂ ਤੋਂ ਸੂਫ਼ੀ ਗਾਇਕੀ ਨੂੰ ਦੇਣ ਅਤੇ ਵਧੀਆ ਗਾਇਕੀ ਦੀ ਗੱਲ ਸਰੋਤਿਆਂ ਨਾਲ ਸਾਂਝੀ ਕੀਤੀ। ਜਸਬੀਰ ਸਿੰਘ ਸਿਹੋਤਾ ਨੇ ਕਨੇਡੀਅਨ ਸਿੱਖਿਆ ਪ੍ਰਬੰਧ ਤੇ ਭਾਰਤੀ ਸਿੱਖਿਆ ਪ੍ਰਬੰਧ ਦੀ ਤੁਲਨਾ ਕਰਦਿਆਂ ਭਾਰਤ ਵਿਚ ਬੱਚਿਆਂ ਨੂੰ ਫ਼ੇਲ੍ਹ ਕਰਨ ਦੇ ਮਾੜੇ ਪ੍ਰਭਾਵ ਅਤੇ ਕਨੇਡਾ ਵਿਚ ਫ਼ੇਲ੍ਹ ਨਾ ਕਰਨ ਬਾਰੇ ਗੱਲਬਾਤ ਕੀਤੀ। ਨਾਲ ਹੀ ਰਾਮ ਰਣਧੀਰ ਸਿੰਘ ਚਾਹਲ ਦੇ ਜੀਵਨ ਬਾਰੇ ਸਰੋਤਿਆਂ ਨਾਲ ਜਾਣਕਾਰੀ ਸਾਂਝੀ ਕੀਤੀ।

ਸਤਪਾਲ ਕੌਰ ਬੱਲ ਨੇ ਇਸਤਰੀ ਦਿਵਸ ਬਾਰੇ ਆਖਿਆ ਕਿ ਇਸਤਰੀ ਸਮਾਜ ਦੀ ਸਿਰਜਕ ਹੈ, ਪਰ ਇਸਤਰੀ ਪੁਰਸ਼ ਇਕ-ਦੂਜੇ ਦੇ ਪੂਰਕ ਹੋ ਕੇ ਸੰਤੁਲਤ ਸਮਾਜ ਦੀ ਸਿਰਜਣਾ ਕਰ ਸਕਦੇ ਹਨ। ਉਨ੍ਹਾਂ ਹੋਰ ਆਖਿਆ ਕਿ ਔਰਤ ਪੜ੍ਹੀ, ਸਾਰਾ ਖ਼ਾਨਦਾਨ ਪੜ੍ਹਿਆ ਦੇ ਕਥਨ ਨੂੰ ਸਿੱਧ ਕਰਨ ਲਈ ਔਰਤ ਨੂੰ ਮੌਜੂਦਾ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸਸ਼ਕਤ ਹੋਣ ਦੀ ਲੋੜ ਹੈ। ਇਸਤਰੀ ਦਿਵਸ ਦੀ ਇਤਿਹਾਸਕ ਮਹਾਨਤਾ ਦੀ ਗੱਲ ਕਰਦਿਆਂ ਆਖਿਆ ਕਿ ਔਰਤਾਂ ਨੂੰ ਆਪਣਾ ਮੂਲ ਪਛਾਨਣ ਦੀ ਲੋੜ ਹੈ।

PAKISTANI & EAST AFRICAN MENU

BEEF RIB, MOGO,
MISHKAKI, CHOPS,
CHAPPALI KABAB,
SEEKH KABAB

Shafi Tandoori Grill

Party Hall Available

Catering in Town or Out of Town

Tuesday Closed

ASK For

780 462 3556

3444-93 Street, NW, Edmonton AB T6E 6A4, Fax : 780 462 3575, Toll Free : 1 866 362 3556



# ਲੋਕਾਂ ਦਾ ਆਰਥਕ ਸ਼ੋਸ਼ਣ ਕਰ ਰਹੇ ਪਾਖੰਡੀ ਬਾਬਿਆਂ ਖ਼ਿਲਾਫ਼ ਕਾਰਵਾਈ ਕਰਨ ਦੀ ਮੰਗ

**ਕੈਲਗਰੀ (ਨਦਬ)** : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਤੋਂ ਮਾਸਟਰ ਭਜਨ ਸਿੰਘ ਅਤੇ ਸਿੱਖ ਵਿਰਸਾ ਮੈਗਜ਼ੀਨ ਤੋਂ ਹਰਚਰਨ ਸਿੰਘ ਪਰਹਾਰ ਵਲੋਂ ਮਨਿਸਟਰ ਆਫ ਹਿਊਮਨ ਸਰਵਿਸ ਅਲ਼ਬਰਟਾ, ਮਿ. ਇਰਫਾਨ ਸਬੀਰ ਨੂੰ ਪਾਖੰਡੀ ਬਾਬਿਆਂ, ਜੋਤਸ਼ੀਆਂ, ਪੀਰਾਂ, ਠੱਗਾਂ ਆਦਿ ਬਾਰੇ ਸਰਕਾਰ ਨੂੰ ਕਨੂੰਨ ਬਣਾ ਕੇ ਕਾਰਵਾਈ ਕਰਨ ਬਾਰੇ ਮੰਗ ਪੱਤਰ ਦਿੱਤਾ ਗਿਆ ਤਾਂ ਕਿ ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਣ ਵਾਲੇ ਇਨ੍ਹਾਂ ਲੁਟੇਰਿਆਂ ਤੋਂ ਲੋਕਾਈ ਨੂੰ ਬਚਾਇਆ ਜਾ ਸਕੇ।

ਇਹ ਮੰਗ ਪੱਤਰ ਅਲਬਰਟਾ ਦੀ ਪ੍ਰੀਮੀਅਰ ਰੇਚਲ ਨੌਟਲੇ ਦੇ ਕੈਲਗਰੀ ਆਫਿਸ ਮੈਕਡੂਗਲ ਸੈਂਟਰ ਵਿਚ ਦਿੱਤਾ ਗਿਆ। ਇਸ ਮੌਕੇ ਇਹ ਮੈਮੋਰੰਡਮ ਪ੍ਰੀਮੀਅਰ ਤੇ ਹੋਰ ਕਈ ਵਿਧਾਇਕਾਂ ਅਤੇ ਮੰਤਰੀਆਂ ਨੂੰ ਵੀ ਦਿੱਤਾ ਗਿਆ। ਬਹੁਤ ਜਲਦੀ ਇਹ ਮੈਮੋਰੰਡਮ ਕਨੇਡਾ ਭਰ ਦੇ ਫੈਡਰਲ ਮੰਤਰੀਆਂ ਤੇ ਸੰਸਦ ਮੈਂਬਰਾਂ ਨੂੰ ਵੀ ਭੇਜਿਆ ਜਾ ਰਿਹਾ ਹੈ।

ਪਾਖੰਡੀਆਂ ਖ਼ਿਲਾਫ਼ ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਮਾਸਟਰ ਭਜਨ ਸਿੰਘ ਨੇ ਦੱਸਿਆ ਕਿ ਕਿਵੇਂ ਪਾਖੰਡੀ ਲੋਕ ਇੰਡੀਆ ਜਾਂ ਹੋਰ ਥਾਵਾਂ ਤੋਂ ਆ ਕੇ ਕਮਜ਼ੋਰ ਮਾਨਸਿਕਤਾ ਵਾਲੇ ਭੋਲੇ-ਭਾਲੇ ਲੋਕਾਂ ਨੂੰ ਵਹਿਮਾਂ, ਭਰਮਾਂ, ਪਾਖੰਡਾਂ ਵਿਚ ਪਾ ਕੇ ਲੁੱਟਦੇ ਹਨ। ਵਿਜ਼ਟਰ ਵੀਜ਼ੇ ’ਤੇ ਆ ਕੇ ਇਹ ਲੋਕ ਲੱਖਾਂ ਡਾਲਰ ਬਣਾ ਕੇ ਰਫੂ ਚੱਕਰ ਹੋ ਜਾਂਦੇ ਹਨ ਤੇ ਜਦੋਂ ਲੋਕ ਇਨ੍ਹਾਂ ਦੀ ਸ਼ਿਕਾਇਤ ਪੁਲੀਸ ਕੋਲ ਕਰਦੇ ਹਨ ਤਾਂ ਪੁਲੀਸ ਕੋਈ ਕਾਰਵਾਈ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿੰਦੀ ਹੈ ਕਿ ਕਨੇਡਾ ਵਿਚ ਇਨ੍ਹਾਂ ਲੋਕਾਂ ਖ਼ਿਲਾਫ਼ ਕਾਰਵਾਈ ਕਰਨ ਲਈ ਕੋਈ ਪੁਖਤਾ ਕਨੂੰਨ ਨਹੀਂ ਹੈ। ਜਿਸ ਦਾ ਲਾਭ ਉਠਾ ਕੇ ਇਹ ਲੁਟੇਰੇ ਸਾਲਾਂ ਤੋਂ ਬੜੀ ਚਲਾਕੀ ਨਾਲ ਠੱਗੀਆਂ ਮਾਰ ਰਹੇ ਹਨ ਤੇ ਇਨ੍ਹਾਂ ਨੂੰ ਰੋਕਣ ਟੋਕਣ ਵਾਲਾ ਕੋਈ ਨਹੀਂ ਹੈ। ਮੀਡੀਏ ਦਾ ਕੁਝ ਹਿੱਸਾ ਵੀ ਅਜਿਹੇ ਪਾਖੰਡੀਆਂ ਨੂੰ ਸ਼ਹਿ ਦੇ ਰਿਹਾ ਹੈ, ਜਿਸ ਨਾਲ ਇਨ੍ਹਾਂ ਦਾ ਠੱਗੀ ਦਾ ਬਿਜ਼ਨਸ ਬੇਰੋਕ ਜਾਰੀ ਹੈ।

ਮੰਗ ਪੱਤਰ ਬਾਰੇ ਹੋਰ ਵਿਸਥਾਰ ਵਿਚ ਜਾਣਕਾਰੀ ਦਿੰਦੇ ਹੋਏ, ਹਰਚਰਨ ਸਿੰਘ ਪਰਹਾਰ ਨੇ ਕਿਹਾ ਕਿ ਅਸੀਂ ਸੂਬਾਈ ਤੇ ਫੈਡਰਲ ਸਰਕਾਰ ਤੋਂ ਮੰਗ ਕਰ ਰਹੇ ਹਾਂ ਕਿ ਵਿਜ਼ਟਰ ਵੀਜ਼ੇ ’ਤੇ ਆ ਕੇ ਕੰਮ ਕਰਨ ਵਾਲੇ ਅਜਿਹੇ ਲੋਕਾਂ ’ਤੇ ਕਾਰਵਾਈ ਕਰਨ ਲਈ ਸਖ਼ਤ ਕਨੂੰਨ ਬਣਾਏ ਜਾਣ ਅਤੇ ਇਨ੍ਹਾਂ ਦੀ ਇਨਕਮ ਨੂੰ ਵੀ ਟੈਕਸ ਅਧੀਨ ਲਿਆਂਦਾ ਜਾਵੇ। ਉਨ੍ਹਾਂ ਅੱਗੇ ਹੋਰ ਦੱਸਿਆ ਕਿ ਸਰਕਾਰਾਂ ਨੂੰ ਸਕੂਲੀ ਪੜ੍ਹਾਈ ਵਿਚ ਤਬਦੀਲੀ ਕਰਨੀ ਚਾਹੀਦੀ ਹੈ ਤਾਂ ਕਿ ਬੱਚਿਆਂ ਦਾ ਜੀਵਨ ਪ੍ਰਤੀ ਨਜ਼ਰੀਆ ਵਿਗਿਆਨਕ ਬਣ ਸਕੇ।

# ‘ਸ਼ੇਮਡ’ ਕਿਤਾਬ ਦੀ ਲੇਖਿਕਾ ਸਰਬਜੀਤ ਕੌਰ ਅਠਵਾਲ ਦਾ ਸਨਮਾਨ



**ਕੈਲਗਰੀ (ਨਦਬ)** : ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਅਦਾਰਾ ਸਿੱਖ ਵਿਰਸਾ ਵਲੋਂ ਸਾਂਝੇ ਤੌਰ ’ਤੇ ਕਰਵਾਏ ਗਏ ਸਮਾਗਮ ਵਿਚ ਇੰਗਲੈਂਡ ਤੋਂ ਅੰਗਰੇਜ਼ੀ ਕਿਤਾਬ ‘ਸ਼ੇਮਡ’ (ਪੰਜਾਬੀ ਰੂਪਾਂਤਰ: ਬੇਇੱਜ਼ਤ) ਦੀ ਲੇਖਿਕਾ ਸਰਬਜੀਤ ਕੌਰ ਅਠਵਾਲ ਨੇ ਬੜੇ ਭਾਵੁਕ ਅੰਦਾਜ਼ ਵਿਚ ਆਪਣੀ ਜੀਵਨ ਕਹਾਣੀ ਦੱਸੀ ਕਿ ਕਿਵੇਂ ਉਸ ਦੀ ਜਠਾਣੀ ਨੂੰ ਉਸ ਦੀ ਸੱਸ ਤੇ ਜੇਠ ਵਲੋਂ ਇੰਗਲੈਂਡ ਤੋਂ ਪੰਜਾਬ ਲਿਜਾ ਕੇ ਅਣਖ ਦੇ ਨਾਮ ’ਤੇ ਕਤਲ ਕਰਵਾ ਕੇ ਲਾਸ਼ ਵੀ ਖੁਰਦ ਬੁਰਦ ਕਰ ਦਿੱਤੀ ਸੀ ਤੇ ਸਰਬਜੀਤ ਵਲੋਂ ਕੋਰਟ ਵਿਚ ਆਪਣੀ ਜਠਾਣੀ ਦੀ ਦੇ ਹੱਕ ਵਿਚ ਗਵਾਹੀ ਦੇਣ ਕਾਰਨ ਉਸ ਦੇ ਪਤੀ ਵਲੋਂ ਵੀ ਛੱਡ ਦਿੱਤਾ ਗਿਆ ਸੀ।

ਇਸ ਮੌਕੇ ਸਰਬਜੀਤ ਅਠਵਾਲ ਨੂੰ ਦੋਨੋਂ ਅਦਾਰਿਆਂ ਵਲੋਂ ਭਰਵੇਂ ਇਕੱਠ ਵਿਚ ਵਿਸ਼ੇਸ਼ ਪਲੈਕ ਨਾਲ ਸਨਮਾਨਤ ਕੀਤਾ ਗਿਆ ਅਤੇ ਦਰਸ਼ਕਾਂ ਵਲੋਂ ਸਰਬਜੀਤ ਅਠਵਾਲ ਨੂੰ ਖੜ੍ਹੇ ਹੋ ਕੇ ਸਨਮਾਨ ਦਿੱਤਾ ਗਿਆ। ਇਸੇ ਕਿਤਾਬ ‘ਬੇਇੱਜ਼ਤ’ ਦੇ ਪੰਜਾਬੀ ਰੁਪਾਂਤਰਕਾਰ ਤੇ ਉਘੇ ਲੇਖਕ ਸੁੱਖਵੰਤ ਹੁੰਦਲ ਨੇ ਕਿਤਾਬ ਬਾਰੇ ਬੋਲਦੇ ਹੋਏ, ਪੰਜਾਬੀ ਸਮਾਜ ਵਿਚ ਔਰਤਾਂ ਖ਼ਿਲਾਫ਼ ਹਿੰਸਾ ਬਾਰੇ ਵਿਚਾਰ ਸਾਂਝੇ ਕੀਤੇ। ਕੈਲਗਰੀ ਤੋਂ ਲੇਖਕ ਹਰੀਪਾਲ ਵਲੋਂ ਕਿਤਾਬ ’ਤੇ ਪਰਚਾ ਪੜ੍ਹਿਆ ਗਿਆ।

ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਪ੍ਰਧਾਨ ਜੀਤਇੰਦਰਪਾਲ ਵਲੋਂ ਸਭ ਨੂੰ ਜੀ ਆਇਆਂ ਆਖਿਆ ਅਤੇ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਵਲੋਂ ਸਭ ਦਾ ਧੰਨਵਾਦ ਕੀਤਾ ਗਿਆ ਅਤੇ ਜਾਣਕਾਰੀ ਦਿੱਤੀ ਕਿ ਦੋਨਾਂ ਅਦਾਰਿਆਂ ਵਲੋਂ ਪਿਛਲੇ ਸਮੇਂ ਤੋਂ ਲੋਕਾਂ ਨੂੰ ਵਹਿਮਾਂ, ਭਰਮਾਂ ’ਚ ਪਾ ਕੇ ਲੁੱਟ ਰਹੇ ਜੋਤਸ਼ੀਆਂ, ਪੰਡਿਤਾਂ, ਪੀਰਾਂ, ਬਾਬਿਆਂ ਅਤੇ ਪੰਜਾਬੀ ਗਾਇਕਾਂ ਵਲੋਂ ਲੱਚਰ, ਅਸ਼ਲੀਲ, ਨਸ਼ਿਆਂ, ਹਥਿਆਰਾਂ, ਔਰਤਾਂ ਵਿਰੋਧੀ ਗਾਇਕੀ ਖ਼ਿਲਾਫ਼ ਮੁਹਿੰਮ ਜਾਰੀ ਹੈ, ਇਸ ਮੌਕੇ ਲੋਕਾਂ ਨੂੰ ਇਸ ਮੁਹਿੰਮ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ, ਜਿਸ ਨੂੰ ਦਰਸ਼ਕਾਂ ਨੇ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ।

ਸਾਰੇ ਪ੍ਰੋਗਰਾਮ ਦੀ ਖਾਸ ਖਿੱਚ ਦਾ ਕੇਂਦਰ ਇਸ ਮੌਕੇ ਪ੍ਰੌਗਰੈਸਿਵ ਕਲਾ ਮੰਚ ਦੇ ਕਲਾਕਾਰਾਂ ਵਲੋਂ ਇਸੇ ਕਿਤਾਬ ਦੇ ਆਧਾਰ ’ਤੇ ਪੇਸ਼ ਕੀਤਾ ਗਿਆ ਡਰਾਮਾ ਸੀ, ਜਿਸ ਨੇ ਸਭ ਦਰਸ਼ਕਾਂ ਦੇ ਲੂੰ ਕੰਢੇ ਖੜ੍ਹੇ ਕਰ ਦਿੱਤੇ ਤੇ ਅਨੇਕਾਂ ਦਰਸ਼ਕਾਂ ਦੀਆਂ ਅੱਖਾਂ ਵਿਚ ਹੰਝੂ ਸਨ।

ਮਾਸਟਰ ਭਜਨ ਸਿੰਘ ਵਲੋਂ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਈ। ਉਨ੍ਹਾਂ ਅਪ੍ਰੈਲ 21 ਤੇ 22 ਨੂੰ ਗਰੀਨ ਪਲਾਜ਼ਾ ਵਿਚ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਵਲੋਂ ਪੁਸਤਕ ਮੇਲਾ ਲਗਾਉਣ ਦਾ ਐਲਾਨ ਕੀਤਾ ਗਿਆ, ਜਿਥੋਂ ਪਾਠਕ ਹਰ ਤਰ੍ਹਾਂ ਦੀਆਂ ਕਿਤਾਬਾਂ ਖਰੀਦ ਸਕਣਗੇ।

# ਅਲਬਰਟਾ ਵਿਚ ਪਗੜੀਧਾਰੀ ਸਿੱਖਾਂ ਨੂੰ ਹੈਲਮਟ ਪਾਉਣ ਤੋਂ ਮਿਲੀ ਰਾਹਤ

**ਅਲਬਰਟਾ (ਨਦਬ)**: ਅਲਬਰਟਾ ਵਿਚ ਰਹਿਣ ਵਾਲੇ ਪਗੜੀਧਾਰੀ ਸਿੱਖਾਂ ਨੂੰ 12 ਅਪ੍ਰੈਲ ਤੋਂ ਹੈਲਮਟ ਪਾਏ ਬਿਨਾਂ ਮੋਟਰਸਾਈਕਲ ਚਲਾਉਣ ਦੀ ਇਜਾਜ਼ਤ ਮਿਲ ਜਾਵੇਗੀ।

ਪ੍ਰੋਵਿੰਸ਼ੀਅਲ ਸਰਕਾਰ ਵਲੋਂ ਇਹ ਐਲਾਨ ਕੀਤਾ ਗਿਆ ਹੈ। ਟਰਾਂਸਪੋਰਟੇਸ਼ਨ ਮੰਤਰੀ ਬ੍ਰਾਇਨ ਮੇਸਨ ਦੇ ਹੁਕਮਾਂ ਅਨੁਸਾਰ ਟਰੈਫਿਕ ਸੇਫਟੀ ਐਕਟ ਵਿਚ ਸੋਧ ਕੀਤੇ ਜਾਣ ਤੋਂ ਬਾਅਦ ਹੀ ਸਿੱਖਾਂ ਨੂੰ ਇਹ ਖਾਸ ਛੋਟ ਦਿੱਤੀ ਗਈ ਹੈ। ਇੱਥੇ ਦੱਸਣਾ ਬਣਦਾ ਹੈ ਕਿ ਮੈਨੀਟੋਬਾ ਤੇ ਬ੍ਰਿਟਿਸ਼ ਕੋਲੰਬੀਆ ਵਿਚ ਤਾਂ ਪਹਿਲਾਂ ਹੀ ਇਸ ਤਰ੍ਹਾਂ ਦੀ ਛੋਟ ਹੈ। ਮੇਸਨ ਨੇ ਆਖਿਆ ਕਿ ਇਹ ਛੋਟ ਸਿੱਖ ਕਮਿਊਨਿਟੀ ਵਲੋਂ ਉਨ੍ਹਾਂ ਦੇ ਸਿਵਲ ਤੇ ਧਾਰਮਕ ਅਧਿਕਾਰਾਂ ਨੂੰ ਧਿਆਨ ਵਿਚ ਰੱਖਦਿਆਂ ਕੀਤੀ ਗਈ ਬੇਨਤੀ ਤੋਂ ਬਾਅਦ ਹੀ ਮਨਜ਼ੂਰ ਕੀਤੀ ਗਈ।



ਮੇਸਨ ਨੇ ਆਖਿਆ ਕਿ ਸਾਨੂੰ ਇਹ ਲੱਗਦਾ ਹੈ ਕਿ ਜਿਹੜੇ ਲੋਕ ਹੈਲਮਟ ਦੀ ਥਾਂ ਉੱਤੇ ਪੱਗਾਂ ਬੰਨ੍ਹਣਗੇ, ਉਨ੍ਹਾਂ ਦੀ ਗਿਣਤੀ ਕਾਫੀ ਘੱਟ ਹੋਵੇਗੀ। ਇਸ ਲਈ ਅਸੀਂ ਇਹੋ ਫੈਸਲਾ ਕੀਤਾ ਕਿ ਅਜਿਹੀ ਇਜਾਜ਼ਤ ਦੇ ਦਿੱਤੀ ਜਾਣੀ ਚਾਹੀਦੀ ਹੈ। ਮੇਸਨ ਨੇ ਆਖਿਆ ਕਿ ਪ੍ਰੋਵਿੰਸ ਦੇ ਸਿੱਖ ਭਾਈਚਾਰੇ ਵਲੋਂ ਪਿਛਲੇ 30 ਸਾਲਾਂ ਤੋਂ ਇਸ ਛੋਟ ਦੀ ਮੰਗ ਕੀਤੀ ਜਾ ਰਹੀ ਹੈ। ਇਹ ਛੋਟ 18 ਸਾਲ ਤੋਂ ਵੱਧ ਉਮਰ ਦੇ ਸਿੱਖ ਧਰਮ ਨਾਲ ਸਬੰਧ ਰੱਖਣ ਵਾਲੇ ਡਰਾਈਵਰਾਂ ਤੇ ਪੈਸੈਂਜਰਾ ਨੂੰ ਹੀ ਦਿੱਤੀ ਗਈ ਹੈ।

ਐਡਮਿੰਟਨ ਦੇ ਸਿੱਖ ਮੋਟਰਸਾਈਕਲ ਕਲੱਬ ਦੇ ਗੁਰਪ੍ਰੀਤ ਪੰਧੇਰ ਨੇ ਫੇਸਬੁੱਕ ਉੱਤੇ ਇਕ ਬਿਆਨ ਵਿਚ ਆਖਿਆ ਕਿ ਕਾਨੂੰਨ ਵਿਚ ਕੀਤੀ ਗਈ ਇਹ ਤਬਦੀਲੀ ਇਤਿਹਾਸਕ ਹੈ ਤੇ ਅਲਬਰਟਾ ਦੇ ਸਿੱਖਾਂ ਲਈ ਇਹ ਮੀਲ ਪੱਥਰ ਹੋਣ ਦੇ ਨਾਲ ਨਾਲ ਯਾਦਗਾਰੀ ਦਿਹਾੜਾ ਵੀ ਰਹੇਗਾ। ਇਸ ਤਬਦੀਲੀ ਦੇ ਗੁਲਵੰਤ ਗਿੱਲ ਲਈ ਕਾਫੀ ਮਾਇਨੇ ਹਨ, ਹੁਣ ਉਹ ਮੋਟਰਸਾਈਕਲ ਚਲਾ ਸਕੇਗਾ। ਦੋ ਸਾਲ ਪਹਿਲਾਂ ਐਡਮਿੰਟਨ ਦੇ ਗੁਲਵੰਤ ਨੇ ਮੋਟਰਸਾਈਕਲ ਲਾਇਸੈਂਸ ਲਿਆ ਸੀ ਪਰ ਮੋਟਰਸਾਈਕਲ ਚਲਾਉਣ ਲਈ ਉਸ ਨੂੰ ਪੱਗ ਉਤਾਰ ਕੇ ਹੈਲਮਟ ਪਾਉਣੀ ਪੈਣੀ ਸੀ ਇਸ ਲਈ ਉਹ ਮੋਟਰਸਾਈਕਲ ਨਹੀਂ ਸੀ ਚਲਾ ਪਾਇਆ। ‘ਦ ਸਿੱਖ ਮੋਟਰਸਾਈਕਲ ਕਲੱਬ ਆਫ ਐਡਮਿੰਟਨ’ ਨੇ ਇਸ ਮੁੱਦੇ ਨੂੰ ਉਠਾਉਣ ਦੀ ਪੇਸ਼ਕਦਮੀ ਕਰਨ ਲਈ ਐਡਮਿੰਟਨ ਐਲਸਲੀ ਤੋਂ ਐਨਡੀਪੀ ਐਮਐਲਏ ਰੌਡ ਲੌਇਲਾ ਦਾ ਧੰਨਵਾਦ ਕੀਤਾ।

New Location of
K.P. ACCOUNTING & TAX SERVICES
SAVE YOUR TAX
FOR FAST REFUND USE E-FILES
■ INDIVIDUAL TAX RETURNS
■ INCORPORATION OF COMPANIES
■ PAYROLL, T4 SLIPS
■ CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ
Ph. : 780-469-2677 Fax : 780-469-2026
9218 34 Ave in Plaza 34

Kapil Sharma

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਮੋਦੀ ਲਈ ਸੌਖਾ ਨਹੀਂ 2019

ਲੰਘੀ 2 ਅਪ੍ਰੈਲ ਨੂੰ ਦਲਿਤ ਜਥੇਬੰਦੀਆਂ ਦੇ ਸੱਦੇ 'ਤੇ ਕੀਤੇ ਗਏ ਭਾਰਤ ਬੰਦ ਦੀ ਸਫਲਤਾ ਨੇ ਸਤਾਧਾਰੀ ਭਾਰਤੀ ਜਨਤਾ ਪਾਰਟੀ ਨੂੰ ਘਬਰਾਹਟ ਵਿਚ ਪਾ ਦਿੱਤਾ ਹੈ। ਇਸ ਬੰਦ ਨੂੰ ਭਾਰਤੀ ਜਨਤਾ ਪਾਰਟੀ ਤੋਂ ਬਿਨਾਂ ਲਗਭਗ ਸਾਰੀਆਂ ਹੀ ਪਾਰਟੀਆਂ ਦੀ ਹਮਾਇਤ ਨੇ ਇਹ ਪ੍ਰਮਾਣਤ ਕੀਤਾ ਹੈ ਕਿ ਮੌਜੂਦਾ ਨਰਿੰਦਰ ਮੋਦੀ ਦੀ ਸਰਕਾਰ ਦੇ ਵਿਰੋਧ ਵਿਚ 2019 ਦੀਆਂ ਲੋਕ ਸਭਾ ਚੋਣਾਂ ਤੱਕ ਵਿਸ਼ਾਲ ਸਾਂਝਾ ਪਲੇਟਫਾਰਮ ਉਸਰਣ ਦੀਆਂ ਸੰਭਾਵਨਾਵਾਂ ਪ੍ਰਬਲ ਹਨ।

ਇਸੇ ਸੰਭਾਵਨਾ ਕਾਰਨ ਭਾਰਤੀ ਜਨਤਾ ਪਾਰਟੀ ਨੂੰ ਚਿੰਤਾ ਸਤਾਉਣ ਲੱਗੀ ਹੈ ਕਿ ਭਾਰਤ ਦਾ ਦਲਿਤ ਭਾਈਚਾਰਾ ਅਤੇ ਘੱਟ ਗਿਣਤੀਆਂ ਦਾ ਵੱਡਾ ਹਿਸਾ ਜੇ ਉਹਦੇ ਖ਼ਿਲਾਫ਼ ਭੁਗਤ ਗਿਆ ਤਾਂ ਉਹਦਾ ਮੁੜ ਸਤਾ ਵਿਚ ਆਉਣ ਦਾ ਸੁਪਨਾ ਚਕਨਾਚੂਰ ਹੋ ਜਾਵੇਗਾ। ਕਿਸੇ ਵੇਲੇ ਦਲਿਤ ਵੋਟ ਬੈਂਕ ਦੇ ਲਗਭਗ 90 ਫ਼ੀਸਦੀ ਹਿੱਸੇ 'ਤੇ ਕਾਂਗਰਸ ਪਾਰਟੀ ਦਾ ਕਬਜ਼ਾ ਹੋਇਆ ਕਰਦਾ ਸੀ ਪਰ ਪਿਛਲੇ 30 ਕੁ ਸਾਲਾਂ ਤੋਂ ਰੁਝਾਨ ਬਦਲਣੇ ਸ਼ੁਰੂ ਹੋਏ ਤੇ ਫੇਰ ਜਦੋਂ ਕਾਂਸੀ ਰਾਮ ਦਾ ਉਦੈ ਹੋਇਆ ਤਾਂ ਦਲਿਤ ਵੋਟ ਦਾ ਵੱਡਾ ਹਿੱਸਾ ਕਾਂਗਰਸ ਕੋਲੋਂ ਖਿਸਕ ਕੇ ਉਨ੍ਹਾਂ ਕੋਲ ਚਲਾ ਗਿਆ। ਉਸ ਦੇ ਨਾਲ ਹੀ ਵੱਖ ਵੱਖ ਖੇਤਰੀ ਪਾਰਟੀਆਂ ਦੇ ਉਭਾਰ ਨੇ ਕਾਂਗਰਸ ਦੇ ਘੱਟ ਗਿਣਤੀਆਂ ਅਤੇ ਪੱਛੜੇ ਵਰਗਾਂ ਦੇ ਵੋਟ ਬੈਂਕ ਵਿਚ ਵੀ ਸੰਨ੍ਹ ਲਾ ਦਿੱਤੀ ਹੈ। ਉਧਰ ਭਾਰਤੀ ਜਨਤਾ ਪਾਰਟੀ ਨੇ ਇਹ ਜਾਣਦਿਆਂ ਕਿ ਮੁਸਲਿਮ ਅਤੇ ਦਲਿਤ ਵੋਟ ਦਾ ਵੱਡਾ ਹਿੱਸਾ ਉਸ ਕੋਲ ਕਦੇ ਨਹੀਂ ਆਏਗਾ, ਉਸ ਨੇ ਹਿੰਦੂ ਵੋਟ ਉਪਰ ਫੋਕਸ ਕਰਨਾ ਸ਼ੁਰੂ ਕੀਤਾ ਅਤੇ ਭਾਰਤ ਵਿਚ ਜਾਤੀ ਅਤੇ ਧਰਮ ਦੀ ਤਿੱਖੀ ਵੰਡ ਦੀ ਸਿਆਸਤ ਸ਼ੁਰੂ ਕੀਤੀ, ਜਿਸ ਦੇ ਸਿੱਟੇ ਵਜੋਂ ਅਯੁਧਿਆ ਵਾਪਰਿਆ। ਇਥੋਂ ਤੱਕ ਆਉਂਦਿਆਂ ਭਾਰਤੀ ਜਨਤਾ ਪਾਰਟੀ ਨੂੰ ਕਦੇ ਵੀ 15 ਫ਼ੀਸਦੀ ਮੁਸਲਿਮ ਵੋਟ ਵਿਚੋਂ ਕੁਝ ਵੀ ਨਹੀਂ ਸੀ ਮਿਲਿਆ ਪਰ ਦਲਿਤ ਵੋਟ ਦਾ 12 ਤੋਂ 14 ਫ਼ੀਸਦੀ ਹਿੱਸਾ ਉਸ ਕੋਲ ਫੇਰ ਵੀ ਜਾਂਦਾ ਰਿਹਾ।

ਨਰਿੰਦਰ ਮੋਦੀ ਦੇ ਭਾਰਤੀ ਜਨਤਾ ਪਾਰਟੀ ਵਲੋਂ ਪ੍ਰਧਾਨ ਮੰਤਰੀ ਦੇ ਉਮੀਦਰਵਾਰ ਬਣਦਿਆਂ ਹੀ ਦਲਿਤ ਵੋਟ ਦਾ ਅੰਕੜਾ ਤਬਦੀਲ ਹੋਣਾ ਸ਼ੁਰੂ ਹੋਇਆ ਤੇ 2014 ਵਿਚ ਭਾਰਤੀ ਜਨਤਾ ਪਾਰਟੀ ਨੂੰ 24 ਫ਼ੀਸਦੀ ਦਲਿਤ ਵੋਟ ਮਿਲੀ ਜਦਕਿ ਕਾਂਗਰਸ ਪਾਰਟੀ 19 ਫ਼ੀਸਦੀ ਅਤੇ ਬਹੁਜਨ ਸਮਾਜ ਪਾਰਟੀ 14 ਫ਼ੀਸਦੀ ਤੱਕ ਹੀ ਸਿਮਟ ਗਈਆਂ। ਇਨ੍ਹਾਂ ਪ੍ਰਸਥਿਤੀਆਂ ਦੇ ਚਲਦਿਆਂ ਭਾਰਤੀ ਜਨਤਾ ਪਾਰਟੀ ਨੂੰ ਸ਼ਾਇਦ ਇਹ ਭਰਮ ਹੋ ਗਿਆ ਸੀ ਕਿ 2019 ਨੂੰ ਉਹ ਇਸੇ ਤਰ੍ਹਾਂ ਜਿੱਤ ਕੇ ਲੈ ਜਾਣਗੇ ਪਰ ਜਿਵੇਂ ਦਾ ਭਾਰਤ ਬੰਦ ਦੇ ਦੌਰਾਨ ਇਕਜੁੱਟ ਦਲਿਤ ਉਭਾਰ ਦੇਖਣ ਨੂੰ ਮਿਲਿਆ ਹੈ ਤੇ ਜਿਵੇਂ ਕਾਂਗਰਸ ਪਾਰਟੀ ਸਮੇਤ ਲਗਭਗ ਸਾਰੀਆਂ ਖੇਤਰੀ ਪਾਰਟੀਆਂ ਨੇ ਵੀ ਭਾਰਤ ਬੰਦ ਦੌਰਾਨ ਆਪਣੇ ਪੈਂਤਰੇ ਖੇਡੇ ਹਨ, ਉਹਦੇ ਤੋਂ ਹੁਣ ਭਾਰਤੀ ਜਨਤਾ ਪਾਰਟੀ ਨੂੰ ਲੱਗ ਰਿਹਾ ਹੈ ਕਿ ਦਲਿਤ ਵੋਟ ਦਾ ਵੱਡਾ ਹਿੱਸਾ ਵਾਪਸ ਕਾਂਗਰਸ ਪਾਰਟੀ, ਬਹੁਜਨ ਸਮਾਜ ਪਾਰਟੀ ਅਤੇ ਸਮਾਜਵਾਦੀ ਪਾਰਟੀ ਨੂੰ ਚਲਾ ਜਾਵੇਗਾ। ਭਾਰਤ ਬੰਦ ਦੇ ਦੌਰਾਨ ਹੀ ਭਾਰਤੀ ਜਨਤਾ ਪਾਰਟੀ ਨੇ ਇਸੇ ਗੱਲ ਨੂੰ ਮਹਿਸੂਸ ਕਰਦਿਆਂ ਸੁਪਰੀਮ ਕੋਰਟ ਵਿਚ ਐਸ.ਸੀ.-ਐਸ.ਟੀ. ਐਕਟ ਦੇ ਆਏ ਫ਼ੈਸਲੇ ਵਿਰੁੱਧ ਰਵੀਊ ਪਟੀਸ਼ਨ ਪਾਈ ਸੀ।

ਹੁਣ ਤਾਜ਼ੀਆਂ ਰਾਜਨੀਤਕ ਪ੍ਰਸਥਿਤੀਆਂ ਦੇ ਚਲਦਿਆਂ ਇਹ ਬੜਾ ਸੌਖਾ ਸਮਝਿਆ ਜਾ ਸਕਦਾ ਹੈ ਕਿ ਭਵਿੱਖ ਵਿਚ ਜਿੱਥੇ ਦੇਸ਼ ਪੱਧਰ 'ਤੇ ਸਰਕਾਰ ਵਿਰੁੱਧ ਵੱਡਾ ਗਠਜੋੜ ਦੇਖਣ ਨੂੰ ਮਿਲਣ ਦੀ ਸੰਭਾਵਨਾ ਹੈ, ਉਥੇ ਵੱਖ ਵੱਖ ਸੂਬਿਆਂ ਵਿਚ ਵੀ ਖੇਤਰੀ ਪਾਰਟੀਆਂ ਦੇ ਗਠਜੋੜ ਸਾਹਮਣੇ ਜ਼ਰੂਰ ਆਉਣਗੇ ਜਿਹਦੀ ਪਹਿਲੀ ਝਲਕ ਇਕ-ਦੂਜੇ ਦੇ ਧੁਰ ਵਿਰੋਧੀ ਰਹੇ ਸਮਾਜਵਾਦੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੇ ਗਠਜੋੜ ਦੇ ਰੂਪ ਵਿਚ ਦੇਖਣ ਨੂੰ ਮਿਲੀ ਹੈ। ਇਸ ਗਠਜੋੜ ਨੇ ਬੇਹੱਦ ਉਤਸ਼ਾਹਪੂਰਨ ਨਤੀਜੇ ਵੀ ਦਿੱਤੇ ਹਨ ਅਤੇ ਉਤਰ ਪ੍ਰਦੇਸ਼ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਗੋਡਣੀਆਂ ਲਵਾ ਦਿੱਤੀਆਂ ਹਨ। ਜੇਕਰ ਇਹ ਗਠਜੋੜ 2019 ਤੱਕ ਵੀ ਇਵੇਂ ਹੀ ਨਿਭ ਜਾਂਦਾ ਹੈ ਅਤੇ ਇਸ ਵਿਚ ਕਾਂਗਰਸ ਪਾਰਟੀ ਵੀ ਸ਼ਾਮਲ ਹੋ ਜਾਂਦੀ ਹੈ ਤਾਂ ਇਹਦੇ ਉਤਰ ਪ੍ਰਦੇਸ਼ ਦੇ ਨਾਲ-ਨਾਲ ਦੇਸ਼ ਭਰ ਦੀ ਵੋਟ ਸਿਆਸਤ 'ਤੇ ਵੀ ਵੱਡੇ ਪ੍ਰਭਾਵ ਦੇਖਣ ਨੂੰ ਮਿਲਣਗੇ। ਇਹ ਗੱਲ ਸਰਬ ਪ੍ਰਵਾਨਤ ਹੈ ਕਿ ਜਿਸ ਨੇ ਦਿੱਲੀ ਦਾ ਤਖ਼ਤ ਸਾਂਭਣਾ ਹੈ, ਉਸ ਨੂੰ ਉਤਰ ਪ੍ਰਦੇਸ਼ ਅਤੇ ਬਿਹਾਰ ਵਿਚੋਂ ਆਪਣੀ ਜਿੱਤ ਦਾ ਪ੍ਰਚਮ ਲਹਿਰਾਉਂਦਿਆਂ ਹੀ ਦਿੱਲੀ ਤੱਕ ਜਾਣਾ ਪਵੇਗਾ। ਉਤਰ ਪ੍ਰਦੇਸ਼ ਵਿਚ ਹੁਣ ਭਾਰਤੀ ਜਨਤਾ ਪਾਰਟੀ ਲਈ ਇਸ ਪ੍ਰਚਮ ਨੂੰ ਲਹਿਰਾਉਣਾ ਬੇਹੱਦ ਮੁਸ਼ਕਲ ਜਾਪਦਾ ਹੈ ਜਦਕਿ ਬਿਹਾਰ ਵਿਚ ਹਾਲੇ ਕੁਝ ਨਵੇਂ ਸਮੀਕਰਣ ਬਣਨ ਵਾਲੇ ਹਨ ਪਰ ਜ਼ਿਮਨੀ ਚੋਣ ਵਿਚ ਜਿਵੇਂ ਲਾਲੂ ਪ੍ਰਸਾਦ ਦੇ ਜੇਲ੍ਹ ਵਿਚ ਹੋਣ ਦੇ ਬਾਵਜੂਦ ਰਾਸ਼ਟਰੀ ਜਨਤਾ ਦਲ ਨੇ ਭਾਰਤੀ ਜਨਤਾ ਪਾਰਟੀ ਤੇ ਨਿਤਿਸ਼ ਕੁਮਾਰ ਦੇ ਗਠਜੋੜ ਨੂੰ ਧੂੜ ਚਟਾਈ ਹੈ, ਉਸ ਤੋਂ ਰਾਮ ਵਿਲਾਸ ਪਾਸਵਾਨ ਵਰਗੇ ਐਨ.ਡੀ.ਏ. ਦੇ ਭਾਈਵਾਲ ਵੀ ਆਪਣੇ ਆਪ ਬਾਰੇ ਮੁੜ ਤੋਂ ਸੋਚਣ ਲਈ ਮਜਬੂਰ ਹੋਏ ਹਨ।

ਇਨ੍ਹਾਂ ਪ੍ਰਸਥਿਤੀਆਂ ਅਤੇ ਦੇਸ਼ ਦੇ ਹੋਰਨਾਂ ਸੂਬਿਆਂ ਦੀਆਂ ਲਗਾਤਾਰ ਬਦਲ ਰਹੀਆਂ ਪ੍ਰਸਥਿਤੀਆਂ ਭਾਰਤੀ ਜਨਤਾ ਪਾਰਟੀ ਲਈ ਹੋਰ ਚਿੰਤਾਵਾਂ ਦਾ ਸਬਬ ਬਣ ਰਹੀਆਂ ਹਨ। ਇਸ ਹਿਸਾਬ ਨਾਲ ਸੌਖਾ ਨਹੀਂ ਹੋਵੇਗਾ 2019 ਵਿਚ ਨਰਿੰਦਰ ਮੋਦੀ ਦਾ ਪਾਰ ਲੱਗਣਾ।

# ਚੋਣ ਨਤੀਜੇ ; ਕੁਝ ਲਾਜ਼ਮੀ ਸਬਕ

ਮੰਗਤ ਰਾਮ ਪਾਸਲਾ
+91-98141-82998
sangrami.lehar@gmail.com



ਤ੍ਰਿਪੁਰਾ ਅੰਦਰ 25 ਸਾਲਾਂ ਬਾਅਦ ਸੀ.ਪੀ.ਆਈ. (ਐਮ) ਦੀ ਅਗਵਾਈ ਹੇਠਲੇ ਖੱਬੇ ਮੋਰਚੇ ਦੀ ਸਰਕਾਰ ਨੂੰ ਭਾਜਪਾ ਨੇ ਹਰਾ ਕੇ ਸੱਤਾ ਸੰਭਾਲ ਲਈ ਹੈ। ਇਹ ਨਤੀਜੇ ਹੈਰਾਨਕੁਨ ਵੀ ਹਨ ਤੇ ਅਣਕਿਆਸੇ ਵੀ। ਤ੍ਰਿਪੁਰਾ ਸਰਕਾਰ ਤੇ ਸਾਬਕਾ ਮੁੱਖ ਮੰਤਰੀ ਕਾਮਰੇਡ ਮਾਨਿਕ ਸਰਕਾਰ ਦੀ ਇਮਾਨਦਾਰੀ, ਕਾਰਜਸ਼ੈਲੀ ਤੇ ਲੋਕ ਮੁਖੀ ਪਹੁੰਚ ਨੇ ਪ੍ਰਾਂਤ ਤੇ ਦੇਸ਼ ਭਰ ਵਿਚ ਵਾਹ ਵਾਹ ਖੱਟੀ ਹੈ। ਇਨ੍ਹਾਂ ਚੋਣਾਂ ਅੰਦਰ ਵੀ ਖੱਬੇ ਮੋਰਚੇ ਨੂੰ 43 ਪ੍ਰਤੀਸ਼ਤ ਤੋਂ ਵਧੇਰੇ ਹਾਸਲ ਹੋਈਆਂ ਵੋਟਾਂ ਇਸ ਦਾ ਪ੍ਰਗਟਾਵਾ ਹਨ। ਉਤਰ ਪੂਰਬੀ ਰਾਜਾਂ ਵਿਚ ਚੱਲ ਰਹੇ ਵੱਖ ਵੱਖ ਅੰਦੋਲਨਾਂ ਦੇ ਸੰਦਰਭ ਵਿਚ ਜੇਕਰ ਤ੍ਰਿਪੁਰਾ ਪ੍ਰਾਂਤ ਨੇ ਕਬਾਇਲੀ ਤੇ ਗੈਰ ਕਬਾਇਲੀ ਵਸੋਂ ਦੀ ਇਕਜੁੱਟਤਾ ਬਣਾਈ ਰੱਖੀ ਹੈ, ਤਦ ਇਸ ਦਾ ਸਿਹਰਾ ਵੀ ਇਸ ਖੱਬੇ ਪੱਖੀ ਸਰਕਾਰ ਸਿਰ ਹੀ ਬੱਝਦਾ ਹੈ। ਇਹੀ ਕਾਰਨ ਹੈ ਕਿ ਦੇਸ਼ ਦੀਆਂ ਸਮੂਹ ਖੱਬੀਆਂ, ਜਮਹੂਰੀ ਤੇ ਧਰਮ ਨਿਰਪੱਖ ਸ਼ਕਤੀਆਂ ਨੇ ਤ੍ਰਿਪੁਰਾ ਚੋਣਾਂ ਵਿਚ ਖੱਬੇ ਮੋਰਚੇ ਦੀ ਹਾਰ ਉਪਰ ਡਾਢੀ ਫਿਕਰਮੰਦੀ ਜ਼ਾਹਰ ਕੀਤੀ ਹੈ।

ਤ੍ਰਿਪੁਰਾ ਵਰਗੇ ਸਰਹੱਦੀ ਸੂਬੇ ਅੰਦਰ ਭਾਜਪਾ ਦੀ ਜਿੱਤ ਨਾਲ ਸਮੁੱਚੇ ਦੇਸ਼ ਤੇ ਖਾਸਕਰ ਇਸ ਖਿੱਤੇ ਅੰਦਰ ਸਾਡੇ ਸਮਾਜਕ ਤਾਣੇਬਾਣੇ ਤੇ ਗੁਆਂਢੀ ਦੇਸ਼ਾਂ ਨਾਲ ਸੁਖਾਵੇਂ ਸੰਬੰਧਾਂ ਪ੍ਰਤੀ ਨਵੇਂ ਮਸਲੇ ਖੜ੍ਹੇ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੋ ਗਈਆਂ ਹਨ। ਸੰਘ ਸਮਰਥਤ ਮੋਦੀ ਸਰਕਾਰ ਦੀਆਂ ਸਾਮਰਾਜੀ ਤੇ ਵੱਖਵਾਦੀ ਤਾਕਤਾਂ ਨਾਲ ਪਾਈਆਂ ਸਾਂਝਾਂ ਤੇ ਫਿਰਕੂ ਪਹੁੰਚਾਂ ਸਦਕਾ ਨਵੇਂ ਸਮਾਜਕ ਤਣਾਅ ਪੈਦਾ ਹੋਣ ਦੇ ਸ਼ੰਕੇ ਨਿਰਮੂਲ ਨਹੀਂ ਹਨ। ਸੰਘ ਪਰਿਵਾਰ ਨੇ ਤ੍ਰਿਪੁਰਾ ਦੀ ਜਿੱਤ ਤੋਂ ਬਾਅਦ ਜਿਸ ਤਰ੍ਹਾਂ ਖੱਬੇ ਫਰੰਟ ਦੇ ਕਾਰਕੁਨਾਂ ਤੇ ਦਫਤਰਾਂ ਉਪਰ ਹਮਲੇ ਆਰੰਭ ਦਿੱਤੇ ਹਨ ਤੇ ਕਾਮਰੇਡ ਲੈਨਿਨ ਦੇ ਬੁੱਤ ਨੂੰ ਬੁਲਡੋਜ਼ਰ ਨਾਲ ਤਬਾਹ ਕਰ ਦਿੱਤਾ ਹੈ, ਉਹ ਸੰਘ ਦੀ ਫਾਸ਼ੀਵਾਦੀ ਮਨੋਵਿਰਤੀ ਤੇ ਫਿਰਕੂ ਵਿਚਾਰਧਾਰਾ ਨੂੰ ਰੂਪਮਾਨ ਕਰਦਾ ਹੈ। 'ਹਿਟਲਰੀ' ਅੰਦਾਜ਼ ਵਿਚ ਭਾਜਪਾ ਆਗੂ ਕਹਿ ਰਹੇ ਹਨ ਕਿ "ਮਾਰਕਸ ਤੇ ਲੈਨਿਨ ਦੀ ਭਾਰਤ ਅੰਦਰ ਕੋਈ ਜਗ੍ਹਾ ਨਹੀਂ ਹੈ।" ਇਹ ਅਤਿ ਚਿੰਤਾਜਨਕ ਵਰਤਾਰਾ ਹੈ।

ਬਿਨਾਂ ਸ਼ੱਕ ਭਾਜਪਾ ਨੇ ਤ੍ਰਿਪੁਰਾ ਵਿਧਾਨ ਸਭਾ ਚੋਣਾਂ ਜਿੱਤਣ ਲਈ ਹਰ ਅਨੈਤਿਕ ਢੰਗ ਵਰਤਿਆ ਹੈ। ਦੇਸ਼ ਭਰ ਤੋਂ ਸੰਘ ਕਾਡਰ ਨੂੰ ਤ੍ਰਿਪੁਰਾ ਅੰਦਰ ਮਹੀਨਿਆਂ ਬੱਧੀ ਤੈਨਾਤ ਕੀਤਾ ਗਿਆ ਤੇ ਪ੍ਰਚਾਰ ਸਾਧਨਾਂ ਰਾਹੀਂ ਕੂੜ ਪ੍ਰਚਾਰ ਤੇ ਧਨ ਦੀ ਵਰਤੋਂ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਚੋਣ ਮੁਹਿੰਮ ਦੌਰਾਨ ਧੋਖੇ ਤੇ ਛਲਾਵੇ ਭਰੇ ਲੋਕ ਲੁਭਾਉਣੇ ਨਾਅਰੇ ਦੇ ਕੇ ਨੌਜਵਾਨ ਪੀੜ੍ਹੀ ਦੇ ਚੋਖੇ ਹਿੱਸੇ ਨੂੰ ਗੁੰਮਰਾਹ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਨੈਤਿਕਤਾ ਦੀਆਂ ਸਾਰੀਆਂ ਹੱਦਾਂ ਹੀ ਪਾਰ ਕਰ ਦਿੱਤੀਆਂ। ਵੱਖਰੇ ਤ੍ਰਿਪੁਰਾ ਦੀ ਮੰਗ ਕਰਨ ਵਾਲੀ ਪਾਰਟੀ (ਆਈ.ਪੀ.ਐਫ.ਟੀ.) ਨਾਲ ਸਮਝੌਤਾ ਕਰਕੇ ਭਾਜਪਾ ਨੇ ਸਿੱਧ ਕਰ ਦਿੱਤਾ ਹੈ ਕਿ ਚੋਣ ਜਿੱਤਣ ਤੇ ਸੰਘ ਪਰਿਵਾਰ ਦਾ ਫਿਰਕੂ ਏਜੰਡਾ ਲਾਗੂ ਕਰਨ ਲਈ ਉਸ ਵਾਸਤੇ 'ਦੇਸ਼ ਭਗਤੀ', 'ਦੇਸ਼ ਦੀ ਏਕਤਾ ਤੇ ਅਖੰਡਤਾ', 'ਅੱਤਵਾਦ ਦੇ ਖਤਰੇ' ਦੀ ਦੁਹਾਈ ਇਕ ਪਾਖੰਡ ਤੇ ਜੁਮਲੇ ਤੋਂ ਜ਼ਿਆਦਾ ਹੋਰ ਕੁਝ ਵੀ ਨਹੀਂ ਹੈ!

ਸਾਡੇ ਕਮਿਊਨਿਸਟਾਂ ਦੇ ਸੋਚਣ ਲਈ ਵੀ ਤ੍ਰਿਪੁਰਾ ਵਿਚ ਖੱਬੇ ਪੱਖੀਆਂ ਦੀ ਹਾਰ ਨੇ ਕਈ ਸਿਧਾਂਤਕ ਤੇ ਅਮਲੀ ਸਵਾਲ ਖੜ੍ਹੇ ਕਰ ਦਿੱਤੇ ਹਨ, ਜੋ ਗੰਭੀਰ ਚਿੰਤਨ ਦੀ ਮੰਗ ਕਰਦੇ ਹਨ। ਸਾਰੀਆਂ ਸੁਹਿਰਦ ਕੋਸ਼ਿਸ਼ਾਂ ਤੇ ਕਾਰਵਾਈਆਂ ਦੇ ਬਾਵਜੂਦ ਇਕ ਸਰਮਾਏਦਾਰ-ਜਗੀਰਦਾਰ ਜਮਾਤਾਂ ਦੇ ਰਾਜ ਅੰਦਰ ਕੋਈ ਕਮਿਊਨਿਸਟ ਪਾਰਟੀ ਕਿਸ ਹੱਦ ਤੱਕ ਲੋਕਾਂ ਦੀਆਂ ਆਸ਼ਾਵਾਂ ਤੇ ਉਮੰਗਾਂ ਨੂੰ ਪੂਰਾ ਕਰ ਸਕਦੀ ਹੈ ਤਾਂ ਕਿ ਉਹ ਹਰ ਨਵੇਂ ਪਲ ਲੋਕਾਂ ਦਾ ਵਧੇਰੇ ਤੋਂ ਵਧੇਰੇ ਸਮਰਥਨ ਹਾਸਲ ਕਰਦੀ ਜਾਵੇ? ਇਹ ਸਵਾਲ ਠੋਸ ਜਵਾਬ ਮੰਗਦਾ ਹੈ। ਜਿਸ ਸੰਵਿਧਾਨ ਦੇ ਮੂਲ ਸਿਧਾਂਤਾਂ ਵਿਚ ਕਿਸੇ ਵੀ ਢੰਗ ਨਾਲ ਪੂੰਜੀ ਇਕੱਤਰ ਕਰਨ, ਕੁਦਰਤੀ ਪੈਦਾਵਾਰੀ ਸਾਧਨਾਂ ਉਪਰ ਕਬਜ਼ਾ ਕਰਕੇ ਕਿਰਤ ਸ਼ਕਤੀ ਨੂੰ ਲੁੱਟਣ, ਪੂਰੀ ਤਰ੍ਹਾਂ ਗਿਣ ਮਿੱਥ ਕੇ ਸਾਜ਼ਿਸ਼ੀ ਢੰਗਾਂ ਨਾਲ ਮਹਿੰਗਾਈ, ਬੇਕਾਰੀ, ਭ੍ਰਿਸ਼ਟਾਚਾਰ ਵਧਾਉਣ ਤੇ ਰਾਜ ਸ਼ਕਤੀ ਦੀ ਸਹਾਇਤਾ ਨਾਲ ਗਰੀਬਾਂ ਨੂੰ ਭੁਖਮਰੀ ਦੀ ਦਲਦਲ ਵਿਚ ਸੁੱਟ ਕੇ ਅਮੀਰ ਬਣਨ ਦੇ ਕਾਨੂੰਨੀ ਅਧਿਕਾਰ ਹਾਸਲ ਹੋਣ, ਉਥੇ ਉਸੇ ਸੰਵਿਧਾਨ ਦੇ ਅਧੀਨ ਕੰਮ ਕਰਨ ਵਾਲੀ ਕਮਿਊਨਿਸਟ ਸਰਕਾਰ ਲੋਕ ਹਿੱਤਾਂ ਨੂੰ ਸਾਹਮਣੇ ਰੱਖ ਕੇ ਆਪਣੀਆਂ ਨੀਤੀਆਂ ਲਾਗੂ ਕਰਨ ਦੇ ਕਿੰਨਾ ਕੁ ਸਮਰੱਥ ਹੋ ਸਕਦੀ ਹੈ? ਅਜਿਹੀ ਸਰਕਾਰ ਆਰਥਕ ਢਾਂਚੇ ਵਿਚ ਬੁਨਿਆਦੀ ਤਬਦੀਲੀਆਂ ਕਰਕੇ ਆਪਣੇ ਸਾਰੇ ਲੋਕ ਪੱਖੀ ਚੋਣ ਵਾਅਦੇ ਪੂਰੇ ਕਰਨ ਲਈ ਸੰਵਿਧਾਨਕ ਲਛਮਣ ਰੇਖਾਵਾਂ ਨਹੀਂ ਉਲੰਘ ਸਕਦੀ। ਤ੍ਰਿਪੁਰਾ ਵਿਚ ਇਹ ਕਮਜ਼ੋਰੀ ਬਿਨਾਂ ਸ਼ੱਕ ਮਹਿਸੂਸ ਹੁੰਦੀ ਹੈ। ਕਮਿਊਨਿਸਟਾਂ ਨੂੰ ਇਸ ਸੱਚ ਨੂੰ ਆਮ ਲੋਕਾਂ ਸਾਹਮਣੇ ਸਪਸ਼ਟ ਰੂਪ ਵਿਚ ਰੱਖਣ ਦੀ ਲੋੜ ਲਗਾਤਾਰ ਬਣੀ ਰਹਿੰਦੀ ਹੈ। ਕਮਿਊਨਿਸਟ ਪਾਰਟੀਆਂ ਅੰਦਰ ਇਹ ਘਾਟ ਇਕੱਲੇ ਤ੍ਰਿਪੁਰਾ ਵਿਚ ਹੀ ਨਹੀਂ, ਬਲਕਿ ਦੂਸਰੇ ਥਾਵਾਂ ਉਪਰ ਵੀ ਹੈ, ਜਿੱਥੇ ਉਹ ਸਿੱਧੇ ਜਾਂ ਵਿੰਗੇ ਢੰਗ ਨਾਲ ਸੱਤਾ ਅੰਦਰ ਭਾਗੀਦਾਰ ਹਨ। ਇਸ ਲਈ ਜੇਕਰ ਤ੍ਰਿਪੁਰਾ ਵਰਗੇ ਕਿਸੇ ਭਵਿੱਖੀ ਦੁਖਾਂਤ ਤੋਂ ਬਚਾਅ ਕਰਨਾ ਹੈ, ਤਾਂ ਕਿਸੇ ਪ੍ਰਾਂਤ ਵਿਚ ਹਾਕਮ ਧਿਰ ਬਣਨ ਤੋਂ ਬਾਅਦ ਵੀ ਕਮਿਊਨਿਸਟਾਂ ਨੂੰ ਕੇਂਦਰ ਸਰਕਾਰ ਦੀਆਂ ਆਰਥਕ ਨੀਤੀਆਂ ਤੇ ਸਮੁੱਚੇ ਪੂੰਜੀਵਾਦੀ ਪ੍ਰਬੰਧ ਵਿਰੁੱਧ ਜਨਤਕ ਸੰਘਰਸ਼ ਜਾਰੀ ਹੀ ਨਹੀਂ, ਬਲਕਿ ਜ਼ਿਆਦਾ ਜ਼ੋਰ ਨਾਲ ਲੜਨੇ ਹੋਣਗੇ।

ਸੋਵੀਅਤ ਰੂਸ ਤੇ ਦੂਸਰੇ ਪੂਰਬੀ ਯੂਰਪ ਦੇ ਦੇਸ਼ਾਂ ਅੰਦਰ ਵੀ ਇਨਕਲਾਬੀ ਤਬਦੀਲੀ ਤੋਂ ਬਾਅਦ ਜਨ ਸਮੂਹਾਂ ਨੂੰ ਜਗੀਰੂ-ਪੂੰਜੀਵਾਦੀ ਪ੍ਰਭਾਵਾਂ ਤੋਂ ਮੁਕਤ ਕਰਨ ਲਈ ਰਾਜਨੀਤਕ ਤੇ ਸਿਧਾਂਤਕ ਲੜਾਈ ਨਿਰੰਤਰ ਜਾਰੀ ਰੱਖਣ ਤੋਂ ਪਾਸਾ ਵੱਟਿਆ ਗਿਆ। ਜਾਂ ਆਖ ਲਓ ਕਿ ਆਮ ਆਦਮੀ ਨੂੰ ਸਮਾਜਵਾਦੀ ਮਨੁੱਖ ਬਣਾਉਣ ਵੱਲ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ। ਜਿਸ ਦੇ ਨਤੀਜੇ ਵਜੋਂ ਸੋਵੀਅਤ ਯੂਨੀਅਨ ਤੇ ਪੂਰਬੀ ਯੂਰਪ ਦੇ ਦੇਸ਼ਾਂ ਅੰਦਰ ਸਮਾਜਵਾਦੀ ਪ੍ਰਬੰਧ ਢਹਿ ਢੇਰੀ ਹੋ ਗਿਆ, ਕਿਉਂਕਿ ਉਥੋਂ ਦੇ ਲੋਕ ਬਹੁਤ ਸਾਰੇ ਆਰਥਕ ਤੇ ਸਮਾਜਕ ਲਾਭਾਂ ਦੇ ਬਾਵਜੂਦ ਇਸ ਪ੍ਰਬੰਧ ਨੂੰ ਦੁਸ਼ਮਣ ਧਿਰਾਂ ਤੋਂ ਬਚਾਉਣ ਲਈ ਰਾਜਨੀਤਕ ਤੇ ਵਿਚਾਰਧਾਰਕ ਤੌਰ 'ਤੇ ਪ੍ਰਪੱਕ ਨਹੀਂ ਸਨ। ਤ੍ਰਿਪੁਰਾ, ਪੱਛਮੀ ਬੰਗਾਲ, ਕੇਰਲਾ ਪ੍ਰਾਂਤਾਂ ਅੰਦਰ ਖੱਬੇ ਪੱਖੀ ਸਰਕਾਰਾਂ ਕਾਇਮ ਹੋਣ 'ਤੇ ਵੀ ਇਸ ਦਿਸ਼ਾ ਵਿਚ ਘੋਰ ਅਣਗਹਿਲੀ ਵਰਤੀ ਗਈ। ਜਿਹੜੇ ਨਵੇਂ ਲੋਕ ਖੱਬੇ ਪੱਖੀ ਸ਼ਾਸਨ ਦੇ ਦੌਰਾਨ ਕਮਿਊਨਿਸਟ ਸਫ਼ਾਂ ਵਿਚ ਸ਼ਾਮਲ ਹੋਏ, ਉਹ ਸਿਧਾਂਤਕ ਪੱਖ ਤੋਂ ਪੂੰਜੀਵਾਦੀ ਪ੍ਰਬੰਧ ਅੰਦਰਲੀਆਂ ਜਨਮਜਾਤ ਕਮਜ਼ੋਰੀਆਂ ਤੇ ਬੁਰਾਈਆਂ ਤੋਂ ਅਣਜਾਣ ਵੀ ਹਨ ਅਤੇ ਉਨ੍ਹਾਂ ਨੇ ਖੱਬੇ ਪੱਖੀਆਂ ਦੇ ਕਾਰਜਕਾਲ ਅੰਦਰ ਸਰਕਾਰ ਤੇ ਪਾਰਟੀਆਂ ਦੀਆਂ ਕਮਜ਼ੋਰੀਆਂ ਨੂੰ ਵੀ ਨੇੜੇ ਹੋ ਕੇ ਤੱਕਿਆ ਹੈ। ਇਸ ਲਈ ਉਹ ਇਸ ਸਰਕਾਰ ਦੀਆਂ ਨੀਤੀਆਂ ਤੋਂ ਮਨਚਾਹੀਆਂ ਆਸਾਂ ਦੀ ਪੂਰਤੀ ਨਾ ਹੋਣ ਕਰਕੇ ਉਪਜੀ ਨਿਰਾਸ਼ਾ ਕਾਰਨ ਭਾਜਪਾ ਦੇ ਖੇਮੇ ਵਿਚ ਚਲੇ ਗਏ। 25 ਸਾਲਾਂ ਦੇ ਲੰਮੇ ਕਾਰਜ ਦੌਰਾਨ ਸਰਕਾਰੀ ਲਾਭ ਲੈਣ ਜਾਂ ਹੋਰ ਕਈ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਵੀ ਕੁਝ ਲੋਕ ਕਮਿਊਨਿਸਟ ਸਫ਼ਾਂ ਵਿਚ ਸ਼ਾਮਲ ਹੋ ਜਾਂਦੇ ਹਨ।

ਇਹ ਇਕ ਅਤਿ ਦੁਖਦਾਈ ਘਟਨਾਚੱਕਰ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਕਾਂਗਰਸ ਵਰਗੀ ਧਰਮ ਨਿਰਪੱਖ ਅਖਵਾਉਣ ਵਾਲੀ ਪਾਰਟੀ ਦੇ ਜਨ ਆਧਾਰ ਵਿਚ ਪਿਛਾਖੜੀ ਵਿਚਾਰਧਾਰਾ ਕਿੰਨੀ ਡੂੰਘੀ ਧਸੀ ਹੋਈ ਹੈ ਕਿ ਭਾਜਪਾ ਜਿਹੀ ਫਿਰਕਾਪ੍ਰਸਤ ਪਾਰਟੀ ਨਾਲ ਜੁੜਨ ਵਿਚ ਵੀ ਉਨ੍ਹਾਂ ਨੂੰ ਕੋਈ ਸੰਕੋਚ ਜਾਂ ਝਿਜਕ ਨਹੀਂ ਹੈ। ਜਨ ਸਮੂਹਾਂ ਦੀ ਇਹ ਵਿਚਾਰਧਾਰਕ ਕਚਿਆਈ ਦੇ ਧਰਾਤਲ ਉਪਰ ਖਲੋ ਕੇ ਕਮਿਊਨਿਸਟਾਂ ਨੇ ਸਮਾਜਕ ਪਰਿਵਰਤਨ ਦੇ ਆਸ਼ੇ ਲਈ ਸੰਘਰਸ਼ ਵਿੱਢਣਾ ਹੈ ਤੇ ਜਿੱਤ ਹਾਸਲ ਕਰਨੀ ਹੈ। ਆਪਣੇ ਕਾਰਜ ਕਾਲ ਅਧੀਨ ਕਮਿਊਨਿਸਟ ਆਗੂ ਤੇ ਪਾਰਟੀ ਕਾਡਰ ਵੀ ਕੁਝ ਹੱਦ ਤੱਕ ਸਰਮਾਏਦਾਰੀ ਰਾਜ ਪ੍ਰਬੰਧ ਅੰਦਰ ਪਨਪਦੀਆਂ ਭ੍ਰਿਸ਼ਟਾਚਾਰ, ਸਵਾਰਥ ਸਿੱਧੀ, ਹਉਮੈਂ-ਹੰਕਾਰ ਤੇ ਨਿੱਜੀ ਹਿੱਤਾਂ ਨੂੰ ਪ੍ਰਮੁੱਖਤਾ ਦੇਣ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਸਕਦਾ ਹੈ।

☛ ਬਾਕੀ ਸਫ਼ਾ 41 'ਤੇ

ਸੰਪਾਦਕੀ ਬੋਰਡ: ਨਵਤੇਜ, ਦਲਬੀਰ ਸਾਂਗਿਆਣ, ਕਮਲ ਦੁਸਾਂਝ, ਰਾਮਾ ਕਾਂਤ ਡਾਵਰ
ਸਲਾਹਕਾਰ ਬੋਰਡ: ਡਾ. ਕਰਮਜੀਤ ਸਿੰਘ (ਹੁਸ਼ਿਆਰਪੁਰ)
ਪ੍ਰੋ. ਰਾਕੇਸ਼ ਰਮਨ (ਲੁਧਿਆਣਾ)
ਸੁਲੱਖਣ ਸਰਹੱਦੀ (ਗੁਰਦਾਸਪੁਰ)
ਜਸਵੀਰ ਦਿਓਲ (ਐਡਮਿੰਟਨ)
ਕਿਰਤਮੀਤ ਕੁਹਾੜ (ਐਡਮਿੰਟਨ)
ਜੈਸੀ ਸਿੰਘ (ਕੈਲਗਰੀ)
ਮੋਹਿੰਦਰ ਸਿੰਘ ਕੰਡਾ (ਫਰਿਜ਼ਨੋ ਪ੍ਰਤੀਨਿਧ)
ਜਗਤਾਰ ਸਾਲਮ (ਵਿਸ਼ੇਸ਼ ਪ੍ਰਤੀਨਿਧ)

2nd Floor, 3448 – 93 Street NW,
Edmonton T6E 6A4,
Alberta (Canada)
Phone : 780 465 9118
Fax: 780 465 0661
Email: info@nawidunia.com
http://www.facebook.com/NawiDunia

*Editorial Board : Navtej, Dalbir Sangione, Kamal Dosanjh, Rama Kant Dawar*
*Advisory Board : Dr. Karamjeet Singh (Hushiarpur)*
*Prof. Rakesh Raman (Ludhiana)*
*Sulakhan Sarhadi (Gurdaspur)*
*Jasvir Deol (Edmonton)*
*Kirtmeet Kohar (Edmonton)*
*Jessie Singh (Calgary)*
*Mohinder Singh Kanda (Fresno Representative)*
*Jagtar Saalam (Special Correspondent)*

ਲੇਖਕਾਂ ਦੀਆਂ ਰਚਨਾਵਾਂ ਅਤੇ ਇਸ਼ਤਿਹਾਰਾਂ 'ਚ ਵਪਾਰਕ ਅਦਾਰਿਆਂ ਵਲੋਂ ਕੀਤੇ ਦਾਅਵਿਆਂ ਨਾਲ 'ਨਵੀਂ ਦੁਨੀਆ' ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤ੍ਰਿਪੁਰਾ ਵਿਚ ਹਿੰਸਾ ਦਾ ਨੰਗਾ ਨਾਚ ਜਮਹੂਰੀਅਤ ਲਈ ਵੱਡਾ ਖਤਰਾ

ਮੱਖਣ ਕੁਹਾੜ
+91-95013-65522
makhansinghkohar@gmail.com



3 ਮਾਰਚ 2018 ਨੂੰ ਤ੍ਰਿਪੁਰਾ ਦਾ ਨਤੀਜਾ ਆਉਂਦੇ ਹੀ ਭਾਰਤੀ ਜਨਤਾ ਪਾਰਟੀ ਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.) ਦੀਆਂ ਵਾਛਾਂ ਖਿੜ ਗਈਆਂ। ਉਨ੍ਹਾਂ ਨੂੰ ਜਿਵੇਂ ਆਪਣਾ ਅਸਲ ਮਕਸਦ ਪੂਰਾ ਹੁੰਦਾ ਦਿਸਣ ਲੱਗਾ। ਧੁਰ ਦੱਖਣਪੰਥੀ-ਕੱਟੜਪੰਥੀ ਤਾਕਤਾਂ ਦੀ ਇਸ ਜਿੱਤ ’ਤੇ ਉਨ੍ਹਾਂ ਖੂਬ ਖੁਸ਼ੀ ਮਨਾਈ। ਉਸ ਦਾ ਵਿਸ਼ੇਸ਼ ਬ੍ਰਿਗੇਡ ਐਨਾ ਚਾਂਬਲ ਗਿਆ ਕਿ ਉਨ੍ਹਾਂ ਨੇ ਮਹਾਨ ਇਨਕਲਾਬੀ ਯੋਧੇ ਕਾਮਰੇਡ ਵਲਾਦੀਮੀਰ ਲੈਨਿਨ ਦੇ ਦੋ ਥਾਵਾਂ ’ਤੇ ਸਥਾਪਤ ਬੁੱਤ ਜੇ.ਸੀ.ਬੀ. ਮਸ਼ੀਨ ਨਾਲ ਤੋੜ ਦਿੱਤੇ। ਇਥੇ ਹੀ ਬੱਸ ਨਹੀਂ, ਉਨ੍ਹਾਂ ਸੀ.ਪੀ.ਆਈ. (ਐਮ.) ਦੇ ਵਰਕਰਾਂ ’ਤੇ ਹਮਲੇ ਕੀਤੇ। ਉਨ੍ਹਾਂ ਦੇ ਦਫ਼ਤਰ ਸਾੜ ਦਿੱਤੇ। ਘਰਾਂ ਨੂੰ ਅੱਗ ਲਾ ਦਿੱਤੀ। ਹੈਰਾਨੀ ਦੀ ਗੱਲ ਤਾਂ ਇਹ ਕਿ ਭਾਜਪਾ/ਆਰ.ਐਸ.ਐਸ. ਦੇ ਇਨ੍ਹਾਂ ਭਗਵੇਂ ਬ੍ਰਿਗੇਡ ਦੇ ਖੇਤਰੀ ਤੇ ਰਾਸ਼ਟਰੀ ਆਗੂਆਂ ਨੇ ਇਸ ਹਿੰਸਕ ਕਾਰੇ ਨੂੰ ਨਿੰਦਣ ਦੀ ਬਜਾਏ ਸਗੋਂ ਹੋਰ ਉਕਸਾਇਆ। ਲੈਨਿਨ ਨੂੰ ਬਾਹਰਲੀ ਵਿਚਾਰਧਾਰਾ ਦਾ ਆਗੂ ਅਤੇ ਹਿੰਸਾਵਾਦੀ ਕਿਹਾ ਗਿਆ। ਤ੍ਰਿਪੁਰਾ ਦੇ ਗਵਰਨਰ ਨੇ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਇਸ ਨੂੰ ‘ਲੋਕਾਂ ਦਾ ਸੁਭਾਵਕ ਗੁੱਸਾ’ ਦੱਸ ਕੇ ਤੇ ‘ਨਵੀਂ ਸਰਕਾਰ ਪੁਰਾਣੀ ਸਰਕਾਰ ਦੇ ਫ਼ੈਸਲੇ ਬਦਲ ਸਕਦੀ ਹੈ’, ਕਹਿ ਕੇ ਹੋਰ ਉਕਸਾਇਆ। ਇਥੇ ਇਹ ਦੱਸਣਾ ਵੀ ਵਾਜਬ ਹੋਵੇਗਾ ਕਿ ਭਾਜਪਾ, ਆਈ.ਪੀ.ਐਫ.ਟੀ. ਗਠਜੋੜ ਅਤੇ ਸੀ.ਪੀ.ਐਮ. ਵਿਚ ਕੇਵਲ 0.3% (43%-42.7%) ਦਾ ਹੀ ਫਰਕ ਹੈ।

ਰਾਸ਼ਟਰੀ ਆਗੂ ਐਚ. ਰਾਜਾ ਤੇ ਸੁਬਰਾਮਨੀਅਮ ਸਵਾਮੀ ਤੱਕ ਇਸ ਨੂੰ ਵਾਜਬ ਆਖਣ ਲੱਗੇ। ਸਿੱਟੇ ਵਜੋਂ ਆਰ.ਐਸ.ਐਸ./ਭਾਜਪਾ ਦੇ ਇਸ ਹਿੰਸਕ ਬ੍ਰਿਗੇਡ ਨੇ ਦੱਖਣੀ ਭਾਰਤ ਦੇ ਦ੍ਰਾਵਿੜ ਨੇਤਾ, ਦਲਿਤ ਆਗੂ ਅਤੇ ਬ੍ਰਾਹਮਣਵਾਦੀ ਸਾਮਰਾਜ ਵਿਰੁੱਧ ਲੜਾਈ ਦੇਣ ਵਾਲੇ ਲੋਕ ਨਾਇਕ ਈ.ਵੀ. ਰਾਮਾਸਵਾਮੀ, ਜਿਨ੍ਹਾਂ ਨੂੰ ਪੇਰੀਅਰ ਦੇ ਨਾਮ ਨਾਲ ਵਧੇਰੇ ਜਾਣਿਆ ਜਾਂਦਾ ਹੈ, ਦਾ ਬੁੱਤ ਵੀ ਤੋੜ ਦਿਤਾ। ਮੇਰਠ (ਯੂ.ਪੀ.) ਵਿਚ ਭਾਰਤ ਦੇ ਸੰਵਿਧਾਨ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਦੇ ਬੁੱਤ ਨੂੰ ਤੋੜਿਆ ਗਿਆ। ਇਥੋਂ ਤਕ ਕਿ ਕੇਰਲ ’ਚ ਮਹਾਤਮਾ ਗਾਂਧੀ ਦੇ ਬੁੱਤ ਦੀ ਵੀ ਭੰਨਤੋੜ ਕੀਤੀ। ਉਧਰ ਕਲਕੱਤਾ ’ਚ ਜਨਸੰਘ ਸੰਸਥਾਪਕ ਸ਼ਿਆਮਾ ਪ੍ਰਸਾਦ ਮੁਖਰਜੀ ਦਾ ਬੁੱਤ ਵੀ ਜਦ ਇਸ ਮੁਹਿਮ ਦੀ ਲਪੇਟ ਵਿਚ ਆ ਗਿਆ। ਅੱਗ ਸਾਰੇ ਦੇਸ਼ ਵਿਚ ਫੈਲਦੀ ਗਈ ਅਤੇ ਗੱਲ ਹੱਥੋਂ ਨਿਕਲਦੀ ਵੇਖ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਰਾਜਨਾਥ ਨੂੰ ਚੁੱਪ ਤੋੜਨੀ ਪਈ ਅਤੇ ਇਸ ਵਰਤਾਰੇ ਨੂੰ ਰੋਕਣ ਲਈ ਕਹਿਣਾ ਪਿਆ। ਪਰ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ।

ਅਸਲ ਵਿਚ ਇਹ ਹੋਣਾ ਹੀ ਸੀ। ਆਰ.ਐਸ.ਐਸ. ਦੀ ਬਿੱਲੀ ਜਲਦੀ ਥੈਲੇ ਤੋਂ ਬਾਹਰ ਆ ਗਈ ਹੈ। ਜੋ ਅੱਗ ਅੰਦਰੇ ਅੰਦਰ ਧੁੱਖ ਰਹੀ ਸੀ, ਉਹ ਭਾਂਬੜ ਬਣਨ ਲੱਗੀ ਹੈ। ਦੇਸ਼ ਦੇ ਸਮੁੱਚੀ ਬੁੱਧੀਜੀਵੀ ਵਰਗ ਲਈ ਇਹ ਸੋਚਣ ਦੀ ਘੜੀ ਹੈ।

ਆਰ.ਐਸ.ਐਸ. ਹੀ ਇਸ ਸਾਰੇ ਕੁਝ ਦੀ ਸੂਤਰਧਾਰ ਹੈ। ਭਾਜਪਾ ਦੀ ਵੀ ਅਤੇ 2014 ਤੋਂ ਭਾਜਪਾ ਦੀ ਸਰਕਾਰ ਬਣਨ ਤੋਂ ਬਾਅਦ ਚੱਲ ਰਹੇ ਸਮੁੱਚੇ ਵਰਤਾਰੇ ਦੀ ਵੀ। ਇਹ ਇਕ ਹਕੀਕਤ ਹੈ ਕਿ ਆਰ.ਐਸ.ਐਸ. ਨੇ ਆਜ਼ਾਦੀ ਦੀ ਲੜਾਈ ਵਿਚ ਕਦੇ ਕੋਈ ਨਾਮਾਤਰ ਹਿੱਸਾ ਵੀ ਨਹੀਂ ਸੀ ਲਿਆ। ਅੰਗਰੇਜ਼ਾਂ ਨੂੰ ਦੇਸ਼ ’ਚੋਂ ਬਾਹਰ ਕੱਢਣ ਦੇ ਉਹ ਅਸਲ ਵਿਚ ਵਿਰੁੱਧ ਸੀ। ਉਹ ਚਾਹੁੰਦੀ ਸੀ ਉਦੋਂ ਹੀ ਦੇਸ਼ ਆਜ਼ਾਦ ਹੋਵੇ ਜਦ ਆਰ.ਐਸ.ਐਸ. ਖੁਦ ਰਾਜ ਭਾਗ ਸਾਂਭਣ ਦੇ ਯੋਗ ਹੋ ਜਾਵੇ। ਸੰਵਿਧਾਨ ਬਣਨ ਸਮੇਂ ਆਰ.ਐਸ.ਐਸ. ਦੇ ਤਤਕਾਲੀ ਮੁਖੀ ਗੁਰੂ ਗੋਵਲਕਰ ਨੇ ਤਾਂ ਮਤਾ ਵੀ ਲਿਆਂਦਾ ਸੀ ਕਿ ਭਾਰਤੀ ਸੰਵਿਧਾਨ ਮਨੂੰ ਸਿਮਰਤੀ ’ਤੇ ਆਧਾਰਤ ਹੋਣਾ ਚਾਹੀਦਾ ਹੈ। ਅਟਲ ਬਿਹਾਰੀ ਵਾਜਪਾਈ ਨੇ ਅੰਗਰੇਜ਼ਾਂ ਤੋਂ ਸਜ਼ਾ ਮਿਲਣ ’ਤੇ ਅਤੇ ਅੰਡੇਮਾਨ ਦੀ ਸੈਲੂਲਰ ਜੇਲ੍ਹ ’ਚੋਂ ਵੀਰ ਸਾਵਰਕਰ ਵਲੋਂ ਅੰਗਰੇਜ਼ ਸਾਮਰਾਜ ਕੋਲੋਂ ਵਿਰੋਧ ਕਰਨ ’ਤੇ ਲਿਖਤੀ ਮੁਆਫੀ ਮੰਗਣ ਦਾ ‘ਦੇਸ਼ ਸੇਵਾ’ ਦਾ ਕਾਰਨਾਮਾ ਇਤਿਹਾਸ ਵਿਚ ਦਰਜ ਹੈ। ਆਰ.ਐਸ.ਐਸ. ਦੇ ਹੀ ਇਕ ਆਗੂ ਨਾਥੂ ਰਾਮ ਗੌਡਸੇ ਨੇ ਹਿੰਦੂ, ਮੁਸਲਿਮ, ਸਿੱਖ, ਇਸਾਈ ਤੇ ਦਲਿਤ ਭਾਈਚਾਰੇ ਦੀ ਏਕਤਾ ਦੇ ਮੁਦਈ ਮਹਾਤਮਾ ਗਾਂਧੀ ਦਾ ਕਤਲ ਕੀਤਾ ਸੀ। ਇਹ ਆਰ.ਐਸ.ਐਸ. ਹੀ ਸੀ, ਜਿਸ ਨੇ ਇਸ ਤਰ੍ਹਾਂ ਦਾ ਫਿਰਕੂ ਮਾਹੌਲ ਬਣਾਇਆ ਕਿ ਮੁਹੰਮਦ ਅਲੀ ਜਿਨਾਹ ਸਮੇਤ ਮੁਸਲਮਾਨਾਂ ਨੂੰ ਵੱਖਰਾ ਦੇਸ਼ (ਪਾਕਿਸਤਾਨ) ਬਣਾਉਣ ਲਈ ਮਜਬੂਰ ਹੋਣਾ ਪਿਆ। ਪਾਕਿਸਤਾਨ ਬਣਨ ਸਮੇਂ ਜੋ ਕਤਲੋ ਗਾਰਤ ਹੋਈ, ਉਸ ਦਾ ਕਾਰਨ ਵੀ ਉਸ ਸਮੇਂ ਹਿੰਦੂ-ਮੁਸਲਿਮ ਭਾਈਚਾਰੇ ਵਿਚਕਾਰ ਫੈਲਾਈ ਜਾ ਚੁੱਕੀ ਅਤਿ ਨਫ਼ਰਤ ਦਾ ਮਾਹੌਲ ਹੀ ਸੀ। ਆਰ.ਐਸ.ਐਸ. ਜਿਸ ਨੇ ਪਹਿਲਾਂ ਜਨ ਸੰਘ ਬਣਾਈ, ਫਿਰ ਭਾਰਤੀ ਜਨਤਾ ਪਾਰਟੀ ’ਤੇ ਲਗਾਤਾਰ ਨਫ਼ਰਤ ਦੀ ਰਾਜਨੀਤੀ ਕਰਕੇ ਲੋਕਾਂ ਨੂੰ ਆਪਸ ਵਿਚ ਧਰਮਾਂ, ਜਾਤਾਂ, ਮਜ਼ਹਬਾਂ ਦੇ ਨਾਮ ’ਤੇ ਵੰਡ ਕੇ 2014 ਵਿਚ ਪੂਰਨ ਬਹੁਮਤ ਨਾਲ ਸੱਤਾ ਹਾਸਲ ਕੀਤੀ ਅਤੇ 2002 ਗੁਜਰਾਤ ਵਿਚ ‘ਫਿਰਕੂ’ ਦੰਗਿਆਂ ਦੌਰਾਨ ਮੁਸਲਮਾਨਾਂ ਦੇ ਹੋਏ ਘਾਣ ਸਮੇਂ ਮੁੱਖ ਮੰਤਰੀ ਰਹੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਇਆ। ਇਸੇ ਨਫ਼ਰਤ ਦੀ ਰਾਜਨੀਤੀ ਤਹਿਤ ਹੀ ਬਾਬਰੀ ਮਸਜਿਦ ਢਾਹੀ ਗਈ ਸੀ ਤੇ ਰਾਮ ਮੰਦਰ ਬਣਾਉਣ ਨੂੰ ਮੁੱਖ ਉਦੇਸ਼ ਦਸਿਆ ਗਿਆ। ਉੜੀਸਾ ਵਿਚ ਇਕ ਪਾਦਰੀ ਨੂੰ ਇਸੇ ਨੀਤੀ ਤਹਿਤ ਹੀ ਜ਼ਿੰਦਾ ਸਾੜਿਆ ਗਿਆ। ਇਸੇ ਹੀ ਨੀਤੀ ਤਹਿਤ ਦੇਸ਼ ਭਰ ਵਿਚ ਗਊ ਰਖਿਆ ਦੇ ਨਾਮ ’ਤੇ ਥਾਂ-ਥਾਂ ਕਤਲ ਕਰਵਾਏ। ਤਰਕਸ਼ੀਲ ਤੇ ਲੋਕਪੱਖੀ ਲੇਖਕਾਂ - ਕੁਲਬਰਗੀ, ਪਨਸਾਰੇ, ਦਬੋਲਕਰ ਤੇ ਲੋਕਪੱਖੀ ਪੱਤਰਕਾਰ ਗੌਰੀ ਲੰਕੇਸ਼ ਵਰਗਿਆਂ ਨੂੰ ਮਰਵਾ ਦਿੱਤਾ ਗਿਆ। ਗਊ ਮਾਸ ਰੱਖਣ ਦੇ ਸ਼ੱਕ ਵਿਚ ਦਾਦਰੀ (ਯੂ.ਪੀ.) ਦੇ ਬਾਸ਼ਿੰਦੇ ਮੁਹੰਮਦ ਅਖਲਾਕ ਨੂੰ ‘ਭੀੜ’ ਤੋਂ ਮਰਵਾਇਆ। ਥਾਂ-ਥਾਂ ਭੀੜਾਂ ਤੋਂ ਕਹਿਰ ਵਰਤਾਇਆ ਤੇ ‘ਭੀੜ ਤੰਤਰ’ ਦਾ ਨਵਾਂ ਵਰਤਾਰਾ ਸ਼ੁਰੂ ਕੀਤਾ। ਸਰਜੀਕਲ ਸਟ੍ਰਾਈਕ, ਅਖਾਉਤੀ ਰਾਸ਼ਟਰਵਾਦ, ਭਾਰਤ ਮਾਤਾ ਦੀ ਜੈ, ਵੰਦੇ ਮਾਤਰਮ, ਮੰਦਰਵਾਦ ਨੂੰ ਉਭਾਰਨਾ, ਮਿਥਿਹਾਸ ਨੂੰ ਵਿਗਿਆਨ ਤੋਂ ਉੱਪਰ ਦੱਸਣਾ, ਬਾ-ਤਰਕ ਗੱਲ ਕਰਨ ਕਾਰਨ ਗੁਰਮਿਹਰ ਕੌਰ, ਕਨ੍ਹਈਆ ਕੁਮਾਰ, ਰੋਹਿਤ ਵੇਮੁਲਾ ਵਰਗਿਆਂ ਪ੍ਰਤੀ ਨਫ਼ਰਤੀ ਭਾਸ਼ਾ ਵਰਤਣਾ, ਗਊ ਰੱਖਿਆ ਨੂੰ ਸਭ ਤੋਂ ਪਹਿਲ ਆਦਿ ਮਸਲੇ ਉਭਾਰੇ ਗਏ।



ਆਰ.ਐਸ.ਐਸ., ਭਾਜਪਾ ਦੇ ‘ਮੋਦੀ ਰਾਜ’ ਰਾਹੀਂ ਭਾਰਤ ਵਿਚ ਹਿੰਦੂ ਰਾਜ ਸਥਾਪਤ ਕਰਨਾ ਚਾਹੁੰਦੀ ਹੈ। ਇਸ ਦੀਆਂ ਨੀਤੀਆਂ ਸਾਮਰਾਜ ਪੱਖੀ ਹਨ। ਹਿੰਦੋਸਤਾਨ ਵਿਚ ਲੋਕਰਾਜ ਰਹੇ, ਇਸ ਦੀ ਉਸ ਨੂੰ ਜ਼ਰੂਰਤ ਨਹੀਂ ਹੈ। ਲੋਕ ਰਾਜ ਦੇ ਓਹਲੇ ਹਿੰਦੂਰਾਜ ਦੀ ਤਾਨਾਸ਼ਾਹੀ ਕਾਇਮ ਕਰਨਾ ਉਸ ਦਾ ਉਦੇਸ਼ ਹੈ। ਹਿੰਦੋਸਤਾਨ ਦੀ ਅਜਾਰੇਦਾਰ ਸ਼੍ਰੇਣੀ (ਕਾਰਪੋਰੇਟ ਸੈਕਟਰ) ਨੂੰ ਹੋਰ ਅਮੀਰ ਕਰਕੇ ਉਸ ਰਾਹੀਂ ਆਪਣਾ ਰਾਜ ਕਾਇਮ ਰੱਖਣਾ ਉਸ ਦੀ ਵਿਉਂਤਬੰਦੀ ਦਾ ਹਿੱਸਾ ਹੈ। ਭਾਰਤ ਵਿਚ ਆਜ਼ਾਦੀ ਤੋਂ ਬਾਅਦ ਰਾਜ ਚਾਹੇ ਕਿਸੇ ਵੀ ਪਾਰਟੀ ਨੇ ਕੀਤਾ, ਸਭ ਦੀ ਚਾਲਕ ਸ਼ਕਤੀ ਭਾਰਤੀ ਦੀ ਇਹ ਅਜਾਰੇਦਾਰ ਘਰਾਣਿਆਂ ਦੀ ਲਾਬੀ ਹੀ ਹੈ। ਇਨ੍ਹਾਂ ਸਰਕਾਰਾਂ ਦਾ ਕਾਰਜ ਇਸ ਅਮੀਰ ਸ਼੍ਰੇਣੀ ਦੇ ਹਿੱਤਾਂ ਦੀ ਰਾਖੀ ਕਰਨਾ ਤੇ ਉਨ੍ਹਾਂ ਦੀਆਂ ਜਾਇਦਾਦਾਂ ਹੋਰ ਵਧਾਉਣਾ ਹੀ ਹੈ। ਉਹ ਸ਼੍ਰੇਣੀ ਜਿਸ ਵੀ ਸਰਮਾਏਦਾਰ ਪਾਰਟੀ ਨੂੰ ਸਮੇਂ ਤੇ ਹਾਲਤਾਂ ਅਨੁਸਾਰ ਜਿਸ ਨੂੰ ਵਧੇਰੇ ਆਪਣੇ ਹਿੱਤ ਵਿਚ ਸਮਝਦੀ ਹੈ, ਉਸ ਨੂੰ ਲੋਕ ਰਾਜ ਦੀਆਂ ਵੋਟਾਂ ਦਾ ਪਰਪੰਚ ਰਚਾ ਕੇ ਸੱਤਾ ਸੌਂਪ ਦਿਤੀ ਜਾਂਦੀ ਹੈ। ਇਹ ਵੀ ਸੱਚ ਹੈ ਕਿ ਇਸ ਲਾਬੀ ਵਿਚ ਆਪਸੀ ਵਿਰੋਧ ਵੀ ਹੈ। ਉਂਜ ਸਭ ਵੋਟਾਂ ਵੇਲੇ ਲੋਕ ਰਾਜ ਨੂੰ ਪ੍ਰਭਾਵਤ ਕਰਦੇ ਹਨ। ਇਸ ਸਮੇਂ ਇਸ ਲਾਬੀ ਦੇ ਅਡਾਨੀਆਂ, ਅੰਬਾਨੀਆਂ ਨੂੰ ਭਾਜਪਾ ਦਾ ਮੋਦੀ ਰਾਜ ਸਭ ਤੋਂ ਢੁੱਕਵਾਂ ਲੱਗ ਰਿਹਾ ਹੈ। ਇਸ ਦੇ 4 ਸਾਲਾ ਰਾਜ ਦੌਰਾਨ ਉਨ੍ਹਾਂ ਦੀਆਂ ਜਾਇਦਾਦਾਂ ਵਿਚ ਜਿਸ ਤੇਜ਼ੀ ਨਾਲ ਵਾਧਾ ਹੋਇਆ ਹੈ, ਉਸ ਤੇਜ਼ੀ ਨਾਲ ਪਹਿਲਾਂ ਕਦੇ ਨਹੀਂ ਹੋਇਆ। ਇਹ ਲਾਬੀ ਆਰ.ਐਸ.ਐਸ. ਦੀ ਨਫ਼ਰਤ ਦੀ ਰਾਜਨੀਤੀ ਨੂੰ ਆਪਣੇ ਵਡੇਰੇ ਹਿੱਤਾਂ ਲਈ ਸਹਿਣ ਕਰ ਰਹੀ ਹੈ। ਇਸ ਲਾਬੀ ਨੇ ਬਹੁਰਾਸ਼ਟਰੀ ਕਾਰਪੋਰੇਟ ਜਗਤ ਨਾਲ ਪੀਡੀ ਸਾਂਝ ਬਣਾ ਲਈ ਹੈ। ਇੰਜ ਹੁਣ ਰਾਜ ਕਰ ਰਹੀ ਪੂੰਜੀਪਤੀ ਜਮਾਤ ਅਤੇ ਉਸ ਦੀ ਰਖੇਲ ਭਾਜਪਾ ਨੂੰ ਸਾਮਰਾਜਵਾਦੀ ਮੁਲਕਾਂ ਨਾਲ ਕੋਈ ਵਿਰੋਧ ਨਹੀਂ ਹੈ। ਸਗੋਂ ਪਛਤਾਵਾ ਹੈ ਕਿ 1947 ਵਿਚ ਉਨ੍ਹਾਂ ਨੂੰ ਕਿਉਂ ਕਢਿਆ ਗਿਆ। ਉਹ ਚਾਹੁੰਦੇ ਨੇ ਬੱਸ ‘ਰਾਜ’ ਸਾਡਾ ਰਹੇ, ਨੀਤੀਆਂ ਦੇਸੀ-ਵਿਦੇਸ਼ੀ ਧਨਾਡਾਂ ਦੀਆਂ ਹੀ ਰਹਿਣ। ਏਸੇ ਕਰਕੇ ਲੈਨਿਨ ਵਲੋਂ ਰੂਸੀ ਕ੍ਰਾਂਤੀ ਲਿਆ ਕੇ ਸਾਮਰਾਜ ਦੀ ਵਿਰੋਧਤਾ, ਫਾਸ਼ੀਵਾਦ ਦੀ ਵਿਰੋਧਤਾ, ਅਮੀਰ ਸ਼੍ਰੇਣੀ ਦੀ ਵਿਰੋਧਤਾ ਤੇ ਜਾਤੀ ਵਖਰੇਵੇਂ ਅਤੇ ਧਾਰਮਕ ਕੱਟੜਤਾ ਦੀ ਵਿਰੋਧਤਾ ਅਤੇ ਉਸ ਦੀ ਧਰਮ ਨਿਰਲੇਪ ਤੇ ਗਰੀਬੀ ਦੇ ਖਾਤਮੇ ਦੀ ਨੀਤੀ ਨਾਲ ਆਰ.ਐਸ.ਐਸ. ਨੂੰ ਸਖ਼ਤ ਨਫ਼ਰਤ ਹੈ। ਲੈਨਿਨ ਨੇ 1917 ’ਚ ਮਾਰਕਸਵਾਦ ਦੇ ਵਿਗਿਆਨਕ ਫਲਸਫੇ ਨੂੰ ਲਾਗੂ ਕਰਕੇ ਰੂਸੀ ਕ੍ਰਾਂਤੀ ਲਿਆਂਦੀ। ਇਸ ਕ੍ਰਾਂਤੀ ਨੇ ਸਾਮਰਾਜਵਾਦ ਦੀ ਨੀਂਦ ਹਰਾਮ ਕਰ ਦਿੱਤੀ। ਜਰਮਨ ਦੇ ਹਿਟਲਰ ਸ਼ਾਹੀ ਦੇ ਫਾਸ਼ੀ ਰੁਝਾਨ ਦਾ ਖ਼ਾਤਮਾ ਕੀਤਾ। ਇਹ ਸਾਬਤ ਕਰ ਦਿੱਤਾ ਕਿ ਸਾਮਰਾਜ ਦਾ ਅੰਤ ਲਾਜ਼ਮੀ ਹੈ ਅਤੇ ਇਸ ਦਾ ਇਕੋ ਇਕ ਬਦਲ ਸਮਾਜਵਾਦ ਹੀ ਹੈ। ਇਹ ਵੀ ਸਾਬਤ ਕਰ ਦਿੱਤਾ ਕਿ ਦੱਬੀ-ਕੁਚਲੀ ਗਰੀਬ ਸ਼੍ਰੇਣੀ ਇਕਮੁੱਠ ਹੋ ਕੇ ਇਨਕਲਾਬ ਕਰਕੇ ਅਮੀਰ ਸ਼੍ਰੇਣੀ ਤੋਂ ਰਾਜ ਸੱਤਾ ਖੋਹ ਕੇ ਆਪਣਾ ਰਾਜ ਸਥਾਪਤ ਕਰ ਸਕਦੀ ਹੈ ਅਤੇ ਇਹ ਅਟੱਲ ਹੈ। ਇਸ ਉਤਸ਼ਾਹ ਨਾਲ ਪੂਰਬੀ ਯੂਰਪ ਦੇ ਅਨੇਕਾਂ ਦੇਸ਼, ਚੀਨ, ਵੀਅਤਨਾਮ, ਲਾਊਸ ਸਮੇਤ ਦੁਨੀਆ ਦੇ ਇਕ ਤਿਹਾਈ ਦੇਸ਼ਾਂ ਵਿਚ ਇਨਕਲਾਬ ਆਏ। ਸਮਾਜਵਾਦੀ ਪ੍ਰਬੰਧ ਸਥਾਪਤ ਹੋਇਆ। ਕਿੰਨੇ ਹੋਰ ਮੁਲਕ ਆਜ਼ਾਦ ਹੋਏ, ਭਾਰਤੀ ਲੋਕਾਂ ਨੇ ਵੀ ਲੈਨਿਨ ਦਾ ਪ੍ਰਭਾਵ ਕਬੂਲਿਆ ਤੇ ਮਾਰਕਸਵਾਦੀ ਫਲਸਫਾ ਲਾਗੂ ਕਰਦਿਆਂ ਸਮਾਜਵਾਦੀ ਪ੍ਰਬੰਧ ਸਥਾਪਤ ਕਰਨ ਦਾ ਯਤਨ ਕੀਤਾ। ਗ਼ਦਰੀ ਬਾਬਿਆਂ, ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ, ਕਰਤਾਰ ਸਿੰਘ ਸਰਾਭਾ ਤੇ ਹਜ਼ਾਰਾਂ ਹੋਰ ਇਨਕਲਾਬੀਆਂ ਵਲੋਂ ਇਕ ਲਹਿਰ ਉਸਾਰੇ ਜਾਣ ਕਾਰਨ ਹੀ ਅਨੇਕਾਂ ਕੁਰਬਾਨੀਆਂ ਨਾਲ ਦੇਸ਼ ਆਜ਼ਾਦ ਹੋ ਸਕਿਆ। ਸਮਾਜਵਾਦ ਤੋਂ ਪ੍ਰਭਾਵਤ ਲਹਿਰ ਉੱਸਰੀ ਹੋਣ ਕਾਰਨ ਹੀ ਸੰਵਿਧਾਨ ਵਿਚ ‘ਸਮਾਜਵਾਦ’ ਦਾ ਸ਼ਬਦ ਭੂਮਿਕਾ ਵਿਚ ਦਰਜ ਕਰਨਾ ਪਿਆ। ਲੈਨਿਨ ਅੱਜ ਵੀ ਦੁਨੀਆ ਭਰ ਦੇ ਮਜ਼ਦੂਰਾਂ, ਕਿਸਾਨਾਂ ਤੇ ਹਰ ਗਰੀਬ ਵਰਗ ਲਈ ਚਾਨਣ ਮੁਨਾਰਾ ਹੈ, ਇਕ ਆਦਰਸ਼ ਹੈ।

ਭਾਰਤ ਦੇ ਲੋਕ ਤਾਂ ਸਮਾਜਵਾਦ ਚਾਹੁੰਦੇ ਹਨ; ਗਰੀਬਾਂ ਦਾ ਰਾਜ, ਜਿਥੇ ਸਭ ਬਰਾਬਰ ਹੋਣ। ਪਰ ਆਰ.ਐਸ.ਐਸ. ਦਾ ਨਿਸ਼ਾਨਾ ਸਾਮਰਾਜ ਪੱਖੀ ਤੇ ਧਰਮਾਂ-ਜਾਤਾਂ ਦੀ ਰਾਜਨੀਤੀ ਕਰਨ ਕਰਕੇ ਸਭ ਤੋਂ ਤਿੱਖਾ ਵਿਰੋਧ ਸਮਾਜਵਾਦ ਦੀ ਹਮਾਇਤੀ ਕਮਿਊਨਿਸਟ ਵਿਚਾਰਧਾਰਾ ਦੇ ਲੋਕਾਂ ਨਾਲ ਹੈ, ਕਿਉਂਕਿ ਇਹ ਵਿਚਾਰਧਾਰਾ ਸਾਮਰਾਜ ਦੀ ਵਿਰੋਧੀ ਅਤੇ ਧਰਮ ਨਿਰਪੱਖਤਾ ਤੇ ਗਰੀਬ ਦੀ ਹਮਾਇਤੀ ਹੈ। ਇਸ ਕਰਕੇ ਹੀ ਉਨ੍ਹਾਂ ਨੇ ਲੈਨਿਨ ਦੇ ਬੁੱਤਾਂ ਨੂੰ ਤੋੜਨ ਦੀ ਪਹਿਲ ਕੀਤੀ ਹੈ। ਇਸ ਨੀਤੀ ਤਹਿਤ ਹੀ ਉਨ੍ਹਾਂ ਦੇ ਮੁਖੀ ਮੋਹਨ ਭਾਰਗਵ ਇਹ ਦਾਅਵਾ ਕਰਦੇ ਹਨ ਕਿ ਉਹ ਆਪਣੀ ਫ਼ੌਜ ਭਾਰਤੀ ਫ਼ੌਜ ਤੋਂ ਵੀ ਵੱਡੀ ਤੇ ਕੁਝ ਦਿਨਾਂ ਵਿਚ ਹੀ ਤਿਆਰ ਕਰਨ ਦੇ ਸਮਰੱਥ ਹਨ। ਉਹ ਭਾਰਤ ਵਿਚ ਹਿੰਦੂ ਰਾਜ ਸਥਾਪਤ ਕਰਕੇ ਮੁਸਲਮਾਨਾਂ ਨੂੰ ਹਿੰਦੂ ਸੰਸਕ੍ਰਿਤੀ ਮੁਤਾਬਕ ਢਲਣਾ ਜਾਂ ਦੇਸ਼ੋਂ ਬਾਹਰ ਭੇਜਣਾ ਲੋਚਦੇ ਹਨ। ਲੈਨਿਨ ਦੀ ਵਿਚਾਰਧਾਰਾ ਬਾਹਰ ਦੀ ਵਿਚਾਰਧਾਰਾ ਕਹਿ ਕੇ ਭੰਡਣਾ ਉਨ੍ਹਾਂ ਦਾ ਇਕ ਬਹਾਨਾ ਹੈ। ਉਹ ਆਪਣੀ ਹਿੰਦੂ ਵਿਚਾਰਧਾਰਾ ਦਾ ਤਾਂ ਦੁਨੀਆ ਭਰ ਵਿਚ ਪਸਾਰ ਕਰਨਾ ਲੋਚਦੇ ਹਨ, ਆਪਣੇ ‘ਯੋਗਾ’ ਨੂੰ ਅੰਤਰਰਾਸ਼ਟਰੀ ਦਿਵਸ ਵਜੋਂ ਪੇਸ਼ ਕਰਦੇ ਹਨ, ਆਪਣੇ ਬੁੱਤ ਬਾਹਰਲੇ ਦੇਸ਼ਾਂ ’ਚ ਲਵਾ ਕੇ ਖੁਸ਼ ਹੋਣਗੇ, ਪਰ ਕਾ. ਲੈਨਿਨ, ਜਿਸ ਨੂੰ ਦੁਨੀਆ ਦੇ ਅਰਬਾਂ ਲੋਕ ਪਸੰਦ ਕਰਦੇ ਹਨ, ਉਸ ਦਾ ਬੁੱਤ ਵੀ ਬਰਦਾਸ਼ਤ ਕਰਨ ਨੂੰ ਤਿਆਰ ਨਹੀਂ ਹਨ। ਆਪਣੇ ਮਿਥਿਹਾਸ ਨੂੰ ਹੀ ਵਿਗਿਆਨ ਅਤੇ ਇਤਿਹਾਸ ਦਰਸਾ ਕੇ ਨਿਊਟਨ, ਡਾਰਵਿਨ ਤੇ ਹੋਰ ਵਿਗਿਆਨੀਆਂ ਦੇ ਸਿਧਾਂਤਾਂ ਨੂੰ ਨਕਾਰਦੇ ਹਨ। ‘ਜੋ ਪੁਰਾਤਨ ਗ੍ਰੰਥਾਂ ਵਿਚ ਹੈ, ਉਹੀ ਆਖਰੀ ਸੱਚ ਹੈ’ ਮਨਾਉਣਾ ਚਾਹੁੰਦੇ ਹਨ। ਉਹ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਹੋਰੀਂ ਤੇ ਹੋਰ ਗ਼ਦਰੀ ਬਾਬੇ ਵੀ ਆਰ.ਐਸ.ਐਸ. ਰਾਜ ਮੁਤਾਬਕ ਅਤਵਾਦੀ ‘ਸ਼ਹੀਦ’ ਨਹੀਂ ਹਨ।। ਭਗਤ ਸਿੰਘ, ਜੋ ਫਾਂਸੀ ਵੇਲੇ ਵੀ ਲੈਨਿਨ ਦੀ ਕਿਤਾਬ ਪੜ੍ਹ ਰਿਹਾ ਸੀ, ਬਾਰੇ ਉਹ ਕੀ ਕਹਿਣਗੇ?

ਉਨ੍ਹਾਂ ਦਾ ਦੂਜਾ ਵਿਰੋਧ ਹਰ ਉਸ ਸੋਚ ਨਾਲ ਹੈ, ਜੋ ‘ਮਨੂਵਾਦ’ ਦਾ ਵਿਰੋਧ ਕਰਦੀ ਹੈ। ਉਹ ਬ੍ਰਾਹਮਣੀਵਾਦੀ ਪ੍ਰਬੰਧ ਫਿਰ ਤੋਂ ਸਥਾਪਤ ਕਰਨਾ ਲੋਚਦੇ ਹਨ। ਉਹ ਮੁਸਲਮਾਨਾਂ ਦੇ ਕੱਟੜ ਵਿਰੋਧੀ ਹਨ, ਦਲਿਤਾਂ ਤੇ ਔਰਤਾਂ ਨੂੰ ਪੈਰ ਦੀ ਜੁੱਤੀ ਬਣਾ ਕੇ ਰੱਖਣਾ ਚਾਹੁੰਦੇ ਹਨ। ਚਾਰੇ ਵਰਨਾਂ ਵਾਲੀ ਪ੍ਰਥਾ, ਜਿਸ ਵਿਚ ਬ੍ਰਾਹਮਣ ਸਭ ਤੋਂ ਉੱਪਰ ਤੇ ਰਾਜ ਭਾਗ ਦੇ ਸੰਚਾਲਕ ਹੁੰਦੇ ਹਨ, ਲਾਗੂ ਕਰਨ ਦੇ ਦ੍ਰਿੜ ਹਮਾਇਤੀ ਹਨ। ਇਸੇ ਕਰਕੇ ਹੀ ਤ੍ਰਿਪੁਰਾ ’ਚ ਚੋਣ ਜਿੱਤ ਕੇ ਲੈਨਿਨ ਦੇ ਨਾਲ-ਨਾਲ ਹੀ ਜੋ ਅੰਦਰੇ ਅੰਦਰ ਨਫ਼ਰਤ ਫੈਲਾਈ ਸੀ, ਉਸ ਦੇ ਇਸ਼ਾਰੇ ’ਤੇ ਤਾਮਿਲਨਾਡੂ ਵਿਚ ਪੇਰੀਅਰ ਅਤੇ ਮੇਰਠ, ਕੇਰਲਾ ਤੇ ਹੋਰ ਕਈ ਥਾਈਂ ਡਾ. ਭੀਮ ਰਾਓ ਅੰਬੇਦਕਰ ਦੇ ਬੁੱਤਾਂ ਨੂੰ ਨਿਸ਼ਾਨਾ ਬਣਾਇਆ ਗਿਆ। ਆਰ.ਐਸ.ਐਸ. ਧਰਮ ਦਾ ਹੱਥਕੰਡਾ ਵਰਤ ਕੇ ਭਾਜਪਾ ਦੇ ਰਾਜ ਨੂੰ 2019 ਚੋਣਾਂ ’ਚ ਹੋਰ ਮਜ਼ਬੂਤ ਕਰਕੇ, ਰਾਜ ਸਭਾ ਵਿਚ ਪੂਰਨ ਬਹੁਮਤ ਸਥਾਪਤ ਕਰਕੇ ਸਰਕਾਰੀ ਤੇ ਆਪਣੇ ਨਿੱਜੀ ਆਤੰਕੀ ਬ੍ਰਿਗੇਡਾਂ ਦੀਆਂ ‘ਡਾਂਗਾਂ’ ਦੇ ਜ਼ੋਰ ’ਤੇ ਆਪਣਾ ਹਿੰਦੂਰਾਜ ਸਥਾਪਤ ਕਰਨ ਦਾ ਮਕਸਦ ਪੂਰਾ ਕਰਨ ਦੇ ਯਤਨ ਵਿਚ ਹੈ। ਉਹ ਇਸ ਮਕਸਦ ਲਈ ਹਰ ਹੀਲਾ ਵਰਤਣਗੇ। ਜੇ ਇਸ ਨੂੰ ਠੱਲ ਨਾ ਪਾਈ ਗਈ ਤਾਂ ਦੇਸ਼ ਹਿੰਦੂ ਰਾਸ਼ਟਰ ਤਾਂ ਬਣੇਗਾ ਹੀ, ਇਥੇ ‘ਮਨੂੰ ਸਿਮਰਤੀ’ ਕਾਨੂੰਨ ਪੁਨਰ ਸਥਾਪਤ ਹੋਵੇਗਾ। ਭਾਰਤ ਦਾ ਹਸ਼ਰ ਅਫ਼ਗਾਨਿਸਤਾਨ, ਇਰਾਕ ਤੇ ਸੀਰੀਆ ਤੋਂ ਵੀ ਬੁਰਾ ਹੋਵੇਗਾ।

ਲੋੜ ਹੈ ਦੇਸ਼ ਦੇ ਸਭ ਲੋਕ ਜੋ ਅੰਦਰੇ ਅੰਦਰ ਲੈਨਿਨ, ਅੰਬੇਦਕਰ ਤੇ ਪੇਰੀਅਰ ਦੇ ਬੁੱਤ ਤੋੜਨ ਉੱਪਰ ਖ਼ਫ਼ਾ ਹਨ, ਉਹ ਬਾਹਰ ਆਉਣ, ਇਕਮੁੱਠ ਹੋਣ ਤੇ ਆਰ.ਐਸ.ਐਸ. ਦੇ ਮਨਸੂਬਿਆਂ ਤੋਂ ਲੋਕਾਂ ਨੂੰ ਸੁਚੇਤ ਕਰਕੇ ਪੂਰੀ ਦ੍ਰਿੜਤਾ ਨਾਲ ਇਸ ਵਰਤਾਰੇ ਨੂੰ ਇਕ ਮਜ਼ਬੂਤ ਟੱਕਰ ਦੇਣ।




ਤੁਹਾਨੂੰ ਅਤੇ ਤੁਹਾਡੇ ਪਰਿਵਾਰ ਲਈ ਇਹ ਵਿਸਾਖੀ ਪਿਆਰ, ਖੁਸ਼ੀ, ਸ਼ਾਂਤੀ ਅਤੇ ਆਨੰਦ ਨਾਲ ਭਰੀ ਹੋਵੇ ਜੀ। ਵਿਸਾਖੀ ਦੀਆਂ ਲੱਖ-ਲੱਖ ਵਧਾਈਆਂ।

Please contact my office if you have any questions:
Phone: (780) 466-3737
Email: Edmonton.Millcreek@assembly.ab.ca
Address: 5125 - 55 Avenue NW Edmonton, AB T6B 3V1

# ਪੂਰੇ ਭਾਰਤ ਵਿਚ ਦਲਿਤਾਂ ਦਾ ਉਠ ਖੜ੍ਹੇ ਹੋਣਾ

ਸੁਧੀਰ ਜੈਨ

ਦਲਿਤਾਂ ਨੇ ਭਾਰਤ ਬੰਦ ਦੀ ਅਪੀਲ ਕੀਤੀ ਸੀ। ਸਰਕਾਰ ਨੂੰ ਲੱਗ ਰਿਹਾ ਹੋਵੇਗਾ ਕਿ ਇਕ ਸੰਕੇਤਕ ਵਿਰੋਧ ਪ੍ਰਦਰਸ਼ਨ ਮਗਰੋਂ ਅੰਦੋਲਨ ਖ਼ਤਮ ਹੋ ਜਾਵੇਗਾ। ਪਰ ਇਹ ਤਾਂ ਪੂਰੇ ਦੇਸ਼ ਵਿਚ ਸਨਸਨੀਖੇਜ਼ ਢੰਗ ਨਾਲ ਉਠ ਖੜ੍ਹਿਆ ਹੋਇਆ।

ਪਹਿਲੀ ਵਾਰ ਹੋਇਆ ਹੈ ਕਿ ਸਰਕਾਰ ਇਸ ਦੀ ਗੰਭੀਰਤਾ ਦਾ ਪਹਿਲਾਂ ਤੋਂ ਅੰਦਾਜ਼ਾ ਲਾਉਣ ਵਿਚ ਨਾਕਾਮ ਰਹੀ। ਮੀਡੀਆ ਵੀ ਅੰਦੋਲਨ ਤੋਂ ਇਕ ਦਿਨ ਪਹਿਲਾਂ ਤੱਕ ਕੋਈ ਖ਼ਬਰ ਕੱਢ ਕੇ ਨਹੀਂ ਲਿਆ ਸਕਿਆ ਕਿ ਇਹ ਅੰਦੋਲਨ ਕਿੰਨੇ ਵੱਡੇ ਪੱਧਰ 'ਤੇ ਹੋਣ ਜਾ ਰਿਹਾ ਹੈ। 2 ਅਪ੍ਰੈਲ ਨੂੰ ਸਵੇਰ ਤੋਂ ਹੀ ਦੇਸ਼ ਭਰ ਵਿਚ ਥਾਂ-ਥਾਂ ਦਲਿਤਾਂ ਦੀ ਵੱਡੀ ਭੀੜ ਜਮ੍ਹਾ ਹੋਣ ਲੱਗੀ। ਦੁਪਹਿਰ ਹੁੰਦੇ ਹੁੰਦੇ ਦੇਸ਼ ਦੇ ਅੱਧੇ ਤੋਂ ਵੱਧ ਸੂਬਿਆਂ ਵਿਚ ਪੁਲੀਸ ਨੂੰ ਪ੍ਰਦਰਸ਼ਨਕਾਰੀਆਂ 'ਤੇ ਡਾਂਗਾਂ ਵਰ੍ਹਾਉਣੀਆਂ ਪਈਆਂ। ਸੂਬਾ ਸਰਕਾਰਾਂ ਨੇ ਕੋਸ਼ਿਸ਼ ਕੀਤੀ ਕਿ ਡਰਾ-ਧਮਕਾ ਕੇ ਪ੍ਰਦਰਸ਼ਨਕਾਰੀਆਂ ਨੂੰ ਵਾਪਸ ਘਰ ਭੇਜ ਦਿੱਤਾ ਜਾਵੇ। ਪਰ ਉਤਰ ਪ੍ਰਦੇਸ਼, ਰਾਜਸਥਾਨ, ਮੱਧ ਪ੍ਰਦੇਸ਼, ਹਰਿਆਣਾ, ਪੰਜਾਬ, ਬਿਹਾਰ, ਝਾਰਖੰਡ ਵਰਗੇ ਕਈ ਸੂਬਿਆਂ ਵਿਚ ਇਹ ਪ੍ਰਦਰਸ਼ਨਕਾਰੀ ਭੈਅ-ਭੀਤ ਹੋਣ ਦੀ ਬਜਾਏ ਉਤੇਜਤ ਹੋ ਗਏ। ਇਨ੍ਹਾਂ ਪ੍ਰਦਰਸ਼ਨਕਾਰੀਆਂ ਨਾਲ ਨਜਿੱਠਣ ਲਈ ਸਰਕਾਰਾਂ ਦੀ ਪੁਲੀਸ ਤੋਂ ਇਲਾਵਾ ਦੂਸਰੇ ਸੱਤਾ ਸਮਰਥਕ ਸਮੂਹਾਂ ਵਲੋਂ ਵੀ ਜ਼ੋਰ ਲਾਉਣ ਦੀ ਕੋਸ਼ਿਸ਼ ਜ਼ਰੂਰ ਹੋਈ ਹੋਵੇਗੀ। ਆਮ ਤੌਰ 'ਤੇ ਅਜਿਹੀ ਹਾਲਤ ਵਿਚ ਹੀ ਇਸ ਤਰ੍ਹਾਂ ਦੀ ਵਿਸਫੋਟਕ ਸਥਿਤੀ ਬਣਦੀ ਹੈ। ਖ਼ੈਰ, ਵਿਰੋਧ ਦੇ ਪ੍ਰਤੀਰੋਧ ਦੀਆਂ ਇਹ ਗੱਲਾਂ ਏਨੀ ਜਲਦੀ ਬਾਹਰ ਨਿਕਲ ਕੇ ਨਹੀਂ ਆਉਂਦੀਆਂ। ਇਸ ਦਾ ਪਤਾ ਬਾਅਦ ਵਿਚ ਹੀ ਚੱਲੇਗਾ। ਪਰ ਕੇਂਦਰ ਸਰਕਾਰ ਵਿਚ ਜੋ ਦਲਿਤ ਨੇਤਾ ਹਿੱਸੇਦਾਰ ਹਨ, ਉਨ੍ਹਾਂ ਦੇ ਚਿਹਰੇ ਦੀਆਂ ਹਵਾਈਆਂ ਉਡੀਆਂ ਹੋਈਆਂ ਹਨ। ਉਨ੍ਹਾਂ ਦੀ ਬੇਚਾਰਗੀ ਦੇਖ ਕੇ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਸਿਆਸੀ ਤੌਰ 'ਤੇ ਇਸ ਅੰਦੋਲਨ ਨੇ ਸਰਕਾਰ ਲਈ ਕਿੰਨਾ ਵੱਡਾ ਸੰਕਟ ਖੜ੍ਹਾ ਕਰ ਦਿੱਤਾ ਹੈ।



**ਖ਼ਤਰੇ ਦਾ ਅੰਦਾਜ਼ਾ ਨਹੀਂ ਲਗਾ ਸਕੀ ਸਰਕਾਰ** : ਦਲਿਤਾਂ ਦਾ ਇਹ ਪ੍ਰਦਰਸ਼ਨ ਆਪਣੀ ਤਰ੍ਹਾਂ ਦਾ ਪਹਿਲਾ ਅੰਦੋਲਨ ਹੈ। ਇਹ ਉਹੀ ਵਰਗ ਹੈ ਜਿਸ ਨੂੰ ਆਰਥਕ, ਸਮਾਜਕ ਅਤੇ ਸਿਆਸੀ ਤੌਰ 'ਤੇ ਸਭ ਤੋਂ ਕਮਜ਼ੋਰ ਸਮਝਿਆ ਜਾਂਦਾ ਹੈ। ਰਾਸ਼ਟਰੀ ਪੱਧਰ 'ਤੇ ਆਪਣੀ ਰਹਿਨੁਮਾਈ ਲਈ ਇਹ ਵਰਗ ਆਪਣਾ ਕੋਈ ਇਕ ਨੇਤਾ ਨਹੀਂ ਬਣਾ ਸਕਿਆ। ਚੋਣ ਸਿਆਸਤ ਵਿਚ ਦਲਿਤ ਜਨਆਧਾਰ ਦੀ ਹਿੱਸੇਦਾਰੀ ਲਈ ਸਥਾਨਕ ਪੱਧਰ 'ਤੇ ਹੀ ਇਨ੍ਹਾਂ ਨੂੰ ਜਥੇਬੰਦ ਕਰਨ ਦੀਆਂ ਕੋਸ਼ਿਸ਼ਾਂ ਹੋ ਸਕੀਆਂ ਹਨ। ਇਸ ਲਈ ਦਲਿਤਾਂ ਦੀ ਅਗਵਾਈ ਵੀ ਬਿਖਰੀ ਹੋਈ ਹੈ। ਕਿਸੇ ਵੀ ਸਰਕਾਰ ਦੇ ਨਿਸ਼ਚਿੰਤ ਰਹਿਣ ਲਈ ਏਨਾ ਕਾਫ਼ੀ ਹੈ ਕਿ ਭਾਈਚਾਰਕ ਪੱਧਰ 'ਤੇ ਦੇਸ਼ ਦੇ ਸਭ ਤੋਂ ਵੱਡੇ ਵਰਗ ਭਾਵ ਦਲਿਤਾਂ ਕੋਲ ਆਪਣਾ ਕੋਈ ਇਕ ਨੇਤਾ ਨਹੀਂ ਹੈ। ਸ਼ਾਇਦ ਇਸ ਲਈ ਅੰਦਾਜ਼ਾ ਨਹੀਂ ਲੱਗ ਸਕਿਆ ਕਿ ਇਨ੍ਹਾਂ ਦਾ ਵਿਰੋਧ ਪ੍ਰਦਰਸ਼ਨ ਦੇਸ਼ ਦੇ ਪੱਧਰ 'ਤੇ ਏਨਾ ਵੱਡਾ ਰੂਪ ਲੈ ਲਵੇਗਾ। ਅਤੇ ਜਦੋਂ ਅੰਦਾਜ਼ਾ ਹੀ ਨਹੀਂ ਸੀ ਤਾਂ ਅੰਦੋਲਨ ਨਾਲ ਸਿੱਝਣ ਦੀਆਂ ਤਿਆਰੀਆਂ ਦੀ ਗੱਲ ਤਾਂ ਕਿਸੇ ਦੇ ਦਿਮਾਗ਼ ਵਿਚ ਆਉਣ ਦਾ ਸਵਾਲ ਹੀ ਨਹੀਂ ਸੀ।

**ਕੀ ਸਿਰਫ਼ ਐਸ.ਸੀ./ਐਸ.ਟੀ. ਐਕਟ ਹੀ ਸੀ ਕਾਰਨ** : ਬੇਸ਼ੱਕ ਐਸ.ਟੀ. ਐਸ.ਸੀ. ਐਕਟ ਵਿਚ ਬਦਲਾਅ ਹੀ ਇਸ ਅੰਦੋਲਨ ਦਾ ਫ਼ੌਰੀ ਤੌਰ 'ਤੇ ਸਭ ਤੋਂ ਵੱਡਾ ਕਾਰਨ ਦਿਖਾਈ ਦੇ ਰਿਹਾ ਹੈ। ਪਰ ਕੀ ਏਨੇ ਵੱਡੇ ਅੰਦੋਲਨ ਪਿਛੇ ਇਹ ਇਕੋ-ਇਕ ਕਾਰਨ ਹੋ ਸਕਦਾ ਹੈ? ਦਲਿਤਾਂ 'ਤੇ ਜ਼ੁਲਮ ਰੋਕਣ ਲਈ ਕਾਨੂੰਨ ਵਿਚ ਨਰਮੀ ਦੀ ਗੱਲ ਹਾਲੇ ਸ਼ੁਰੂ ਹੀ ਹੋਈ ਸੀ। ਅਤੇ ਇਹ ਵੀ ਸਿਰਫ਼ ਕਾਨੂੰਨ ਉਪਾਅ ਨਾਲ। ਤੁਰੰਤ ਹੀ ਇਸ ਦਾ ਵਿਰੋਧ ਸਿਆਸੀ ਤੌਰ 'ਤੇ ਹੋ ਸਕਦਾ ਸੀ। ਇਸ ਨਾਲ ਦਲਿਤ ਥੋੜ੍ਹੀ ਦੇਰ ਲਈ ਨਿਸ਼ਚਿੰਤ ਹੋ ਜਾਂਦੇ। ਪਰ ਮੌਜੂਦਾ ਸਰਕਾਰ ਵਲੋਂ ਇਹ ਕਦਮ ਚੁੱਕਣ ਵਿਚ ਦੇਰ ਹੋ ਗਈ। ਇਸ ਦੇਰੀ ਨੇ ਦਲਿਤਾਂ ਦੀ ਦੁਵਿਧਾ ਬਿਲਕੁਲ ਹੀ ਖ਼ਤਮ ਕਰ ਦਿੱਤੀ ਹੋਵੇਗੀ ਅਤੇ ਉਹ ਸੜਕਾਂ 'ਤੇ ਉਤਰ ਪਏ। ਪਰ ਗੱਲ ਏਨੀ ਹੀ ਨਹੀਂ ਹੈ। ਕੁਝ ਸਮੇਂ ਤੋਂ ਹਿੰਦੂ ਤਿੱਥਾਂ ਅਤੇ ਤਿਓਹਾਰਾਂ 'ਤੇ ਸਿਆਸੀ ਮਿਜਾਜ਼ ਦੇ ਹਿੰਦੂ ਵਰਕਰ ਜਿਸ ਤਰ੍ਹਾਂ ਨਾਲ ਆਪਣੀ ਦਬੰਗਈ ਵਧਾਉਂਦੇ ਜਾ ਰਹੇ ਸਨ, ਉਸ ਨਾਲ ਵੀ ਦਲਿਤ ਸਮਾਜ ਦਾ ਭੈਅ-ਭੀਤ ਹੋਣਾ ਸੁਭਾਵਕ ਹੀ ਸੀ। ਮਸਲਨ ਦੇਸ਼ ਵਿਚ ਇਸ ਵਾਰ ਰਾਮ ਨਉਮੀ ਦਾ ਕੁਝ ਜ਼ਿਆਦਾ ਹੀ ਜੋਸ਼ੀਲੇ ਅੰਦਾਜ਼ ਵਿਚ ਮਨਾਇਆ ਜਾਣਾ ਘੱਟ-ਗਿਣਤੀਆਂ ਤੋਂ ਇਲਾਵਾ ਦਲਿਤਾਂ ਦੇ ਭੈਅ ਦਾ ਵੀ ਸਬਬ ਬਣਿਆ ਹੋਵੇਗਾ। ਦਲਿਤਾਂ ਵਿਚ ਹੀਣਤਾ ਦਾ ਅਹਿਸਾਸ ਬਣਾਏ ਰੱਖਣ ਲਈ ਉਨ੍ਹਾਂ 'ਤੇ ਜ਼ੁਲਮ ਹੁੰਦੇ ਰਹਿਣ ਦੀਆਂ ਘਟਨਾਵਾਂ ਦਲਿਤਾਂ ਨੂੰ ਵਿਰੋਧ ਪ੍ਰਗਟਾਉਣ ਲਈ ਮਜਬੂਰ ਕਰਦੀਆਂ ਰਹਿੰਦੀਆਂ ਹੋਣਗੀਆਂ। ਇਸ ਦੌਰਾਨ ਦਲਿਤ ਐਕਟ ਵਿਚ ਬਦਲਾਅ ਦੀ ਗੱਲ ਤੁਰ ਪਈ। ਸਰਕਾਰ ਵਲੋਂ ਪੁਨਰਵਿਚਾਰ ਦੀ ਪਟੀਸ਼ਨ ਵਿਚ ਦੇਰੀ ਕੀਤੇ ਜਾਣ ਨੇ ਪਿਛਲੇ ਤਮਾਮ ਕਾਰਨਾਂ ਨਾਲ ਮਿਲ ਕੇ ਏਨੇ ਪ੍ਰਚੰਡ ਅੰਦੋਲਨ ਦਾ ਕਾਰਕ ਬਣਾ ਦਿੱਤਾ।

**ਅੰਦੋਲਨ ਹਿੰਸਕ ਹੋਣ ਦਾ ਪ੍ਰਚਾਰ ਕਦੋਂ ਸ਼ੁਰੂ ਹੋਇਆ** : ਭਾਰਤ ਬੰਦ ਦੇ ਦਿਨ ਦੁਪਹਿਰ ਤੱਕ ਮੀਡੀਆ ਵਿਚ ਕਈ ਸੂਬਿਆਂ ਦੇ ਕਈ ਸ਼ਹਿਰਾਂ-ਕਸਬਿਆਂ ਵਿਚ ਦਲਿਤਾਂ ਦੀ ਵੱਡੀ ਭੀੜ ਦੇ ਦ੍ਰਿਸ਼ ਦਿਖਾਏ ਜਾ ਰਹੇ ਸਨ। ਏਨੀ ਭੀੜ ਦੀ ਕਲਪਨਾ ਉਨ੍ਹਾਂ ਸੂਬਿਆਂ ਦੀ ਪੁਲੀਸ ਨੇ ਕੀਤੀ ਨਹੀਂ ਸੀ। ਇਸ ਸਮੇਂ ਜ਼ਿਆਦਾਤਰ ਸੂਬਿਆਂ ਵਿਚ ਕੇਂਦਰ ਵਿਚ ਸੱਤਾਧਿਰ ਪਾਰਟੀ ਭਾਜਪਾ ਦਾ ਹੀ ਸ਼ਾਸਨ ਹੈ। ਇਹ ਸਮਝਣ ਵਿਚ ਕਿਸੇ ਨੂੰ ਮੁਸ਼ਕਲ ਨਹੀਂ ਆਉਣੀ ਚਾਹੀਦੀ ਕਿ ਉਨ੍ਹਾਂ ਸੂਬਿਆਂ ਦੇ ਪ੍ਰਸ਼ਾਸਨ ਅੱਗੇ ਪਹਿਲਾ ਟੀਚਾ ਇਹੀ ਬਣਿਆ ਕਿ ਭੀੜ ਨੂੰ ਖਿੰਡਾਇਆ ਕਿਵੇਂ ਜਾਵੇ ਅਤੇ ਸਰਕਾਰ ਵਿਰੋਧੀ ਇਸ ਭਾਰਤ ਬੰਦ ਨੂੰ ਕਿਸੇ ਤਰ੍ਹਾਂ ਖ਼ਤਮ ਕਰਵਾਇਆ ਜਾਵੇ। ਸੋ, ਇਕ ਘੰਟੇ ਦੇ ਅੰਦਰ ਹੀ ਪੁਲੀਸ ਦੀਆਂ ਡਾਂਗਾਂ ਦੇ ਦ੍ਰਿਸ਼ ਆਉਣ ਲੱਗੇ। ਕਈ ਥਾਂ ਪੁਲੀਸ ਨੇ ਫਾਇਰਿੰਗ ਕੀਤੀ। ਇਕ-ਦੋ ਥਾਵਾਂ 'ਤੇ ਰਿਵਾਲਵਰ ਲਹਿਰਾਉਣ ਦੀਆਂ ਘਟਨਾਵਾਂ ਦਿਖਾਈਆਂ ਜਾਣ ਲੱਗੀਆਂ। (ਬਾਕੀ ਸਫਾ 41 'ਤੇ)

# ਸੰਸਦ ਵਿਚ ਮੋਦੀ ਦੀ ਤਲਖ਼ੀ, ਗ਼ਲਤੀ ਤੇ ਤਾਨੇ

ਪ੍ਰਿਯਦਰਸ਼ਨ

ਪ੍ਰਧਾਨ ਮੰਤਰੀ ਅਕਸਰ ਜਿਸ ਸੰਸਦੀ ਅਤੇ ਸੰਵਿਧਾਨਕ ਗੌਰਵ ਦੀ ਗੱਲ ਕਰਦੇ ਹਨ, ਕੀ ਉਹ ਰਾਸ਼ਟਰਪਤੀ ਦੇ ਭਾਸ਼ਣ ਦਾ ਜਵਾਬ ਦਿੰਦਿਆਂ ਹੋਇਆਂ ਉਨ੍ਹਾਂ ਦੇ ਭਾਸ਼ਣ ਵਿਚ ਸੀ? ਇਹ ਠੀਕ ਹੈ ਕਿ ਸੰਸਦ ਮੈਂਬਰਾਂ ਦਾ ਇਕ ਸਮੂਹ ਉਨ੍ਹਾਂ ਦੇ ਭਾਸ਼ਣ ਵਿਚਾਲੇ ਵੀ ਹੰਗਾਮਾ ਕਰ ਰਿਹਾ ਸੀ, ਪਰ ਕੀ ਇਹ ਉਚਿਤ ਸੀ ਕਿ ਇਸ ਹੰਗਾਮੇ ਨਾਲ ਏਨੇ ਵਿਆਕੁਲ ਹੋ ਜਾਣ ਕਿ ਆਪਣੇ ਪੂਰੇ ਭਾਸ਼ਣ ਨੂੰ ਤਲਖ਼ ਸਿਆਸੀ ਭਾਸ਼ਣ ਵਿਚ ਹੀ ਨਹੀਂ, ਲਗਭਗ ਇਕ ਪ੍ਰਤੀਸ਼ੋਧ ਕਾਰਵਾਈ ਵਿਚ ਬਦਲ ਦੇਣ?

ਧਿਆਨ ਨਾਲ ਦੇਖੀਏ ਤਾਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਦਨ ਵਿਚ ਅਜਿਹੀਆਂ ਗੱਲਾਂ ਕਹੀਆਂ, ਜਿਨ੍ਹਾਂ ਨੂੰ ਜੇ ਕੋਈ ਦੂਸਰਾ ਕਹਿੰਦਾ ਤਾਂ ਕਾਂਗਰਸ ਸ਼ਾਇਦ ਸੰਸਦ ਚੱਲਣ ਨਾ ਦਿੰਦੀ। ਇਸ ਲਿਹਾਜ਼ ਨਾਲ ਕਾਂਗਰਸ ਨੇ ਸ਼ਾਲੀਨਤਾ ਦਿਖਾਈ। ਪ੍ਰਧਾਨ ਮੰਤਰੀ ਨੇ ਭਾਰਤ ਵੰਡ ਲਈ ਕਾਂਗਰਸ ਨੂੰ ਜ਼ਿੰਮੇਵਾਰ ਠਹਿਰਾਇਆ। ਇਤਿਹਾਸਕ ਤੌਰ 'ਤੇ ਉਸ ਸਮੇਂ ਦੀ ਸਭ ਤੋਂ ਵੱਡੀ ਤੇ ਦੇਸ਼ ਦੀ ਪ੍ਰਤੀਨਿਧ ਪਾਰਟੀ ਹੋਣ ਦੇ ਨਾਤੇ ਕਾਂਗਰਸ ਵੰਡ ਦੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੀ-ਵੰਡ ਦੇ ਗੁਨਾਹਗਾਰਾਂ ਨੂੰ ਲੈ ਕੇ ਜੋ ਕਿਤਾਬਾਂ ਲਿਖੀਆਂ ਗਈਆਂ ਹਨ, ਉਨ੍ਹਾਂ ਵਿਚ ਕਾਂਗਰਸੀ ਨੇਤਾਵਾਂ ਨੂੰ ਬਖ਼ਸ਼ਿਆ ਨਹੀਂ ਗਿਆ ਹੈ। ਵੰਡ ਅਤੇ ਦੰਗਿਆਂ ਤੋਂ ਗਾਂਧੀ ਏਨੇ ਦੁਖੀ ਸਨ ਕਿ ਆਜ਼ਾਦੀ ਦੇ ਦਿਨ ਉਨ੍ਹਾਂ ਨੇ ਦਿੱਲੀ ਵਿਚ ਰਹਿਣਾ ਕਬੂਲ ਨਹੀਂ ਕੀਤਾ ਸੀ। ਪਰ ਪ੍ਰਧਾਨ ਮੰਤਰੀ ਕਿਸ ਕਾਂਗਰਸ ਦੀ ਗੱਲ ਕਰ ਰਹੇ ਹਨ? ਕੀ ਉਹ ਪਟੇਲ ਉਸ ਕਾਂਗਰਸ ਵਿਚ ਸ਼ਾਮਲ ਨਹੀਂ ਸਨ, ਜਿਸ ਨੇ ਵੰਡ ਦਾ ਪ੍ਰਤਸਤਾਵ ਮੰਨਿਆ? ਅਤੇ ਉਨ੍ਹੀਂ ਦਿਨੀਂ ਸ਼ਿਆਮਾ ਪ੍ਰਸਾਦ ਮੁਖਰਜੀ ਕਿੱਥੇ ਸਨ?

1951 ਵਿਚ ਜਨਸੰਘ ਦੀ ਸਥਾਪਨਾ ਤੋਂ ਪਹਿਲਾਂ ਉਹ ਕਾਂਗਰਸ ਵਿਚ ਸਨ ਤੇ ਨਹਿਰੂ ਮੰਤਰੀ ਮੰਡਲ ਵਿਚ ਸ਼ਾਮਲ ਸਨ। ਜ਼ਾਹਰ ਹੈ, ਵੰਡ ਦੀ ਗੁਨਾਹਗਾਰ ਜੋ ਕਾਂਗਰਸ ਸੀ, ਉਸ ਵਿਚ ਨਹਿਰੂ ਵੀ ਸਨ, ਪਟੇਲ ਵੀ ਤੇ ਸ਼ਿਆਮਾ ਪ੍ਰਸਾਦ ਮੁਖਰਜੀ ਵੀ। ਪਰ ਜਦੋਂ ਤੁਸੀਂ ਇਤਿਹਾਸ ਨੂੰ ਆਪਣੀ ਸਿਆਸੀ ਸਹੂਲਤ ਲਈ ਇਸਤੇਮਾਲ ਕਰਦੇ ਹੋ ਤਾਂ ਸਹੂਲਤਜਨਕ ਕੁਝ ਚੀਜ਼ਾਂ ਨੂੰ ਭੁੱਲ ਜਾਂਦੇ ਹੋ, ਕੁਝ ਨੂੰ ਯਾਦ ਰੱਖਦੇ ਹੋ। ਪ੍ਰਧਾਨ ਮੰਤਰੀ ਪੂਰੇ ਭਾਸ਼ਣ ਵਿਚ ਲਗਾਤਾਰ ਇਹ ਕੰਮ ਕਰਦੇ ਰਹੇ। ਕਸ਼ਮੀਰ ਨੂੰ ਲੈ ਕੇ ਉਨ੍ਹਾਂ ਨੇ ਭਾਜਪਾ ਦੀ ਉਹ ਪਿਟੀ ਹੋਈ ਧਾਰਨਾ ਹੀ ਦੁਹਰਾਈ ਹੋਈ ਕਿ ਸਰਦਾਰ ਪਟੇਲ ਹੁੰਦੇ ਤਾਂ ਪੂਰਾ ਕਸ਼ਮੀਰ ਸਾਡਾ ਹੁੰਦਾ। ਜਦਕਿ ਇਤਿਹਾਸ ਵਿਚ ਇਹ ਗੱਲ ਦਰਜ ਹੈ ਕਿ ਸਰਦਾਰ ਪਟੇਲ ਬਿਲਕੁਲ ਸ਼ੁਰੂਆਤੀ ਦਿਨਾਂ ਵਿਚ ਜਿਸ ਤਰ੍ਹਾਂ ਜੂਨਾਗੜ੍ਹ ਅਤੇ ਹੈਦਰਾਬਾਦ ਨੂੰ ਉਨ੍ਹਾਂ ਦੇ ਨਿਜਾਮਾਂ ਦੀ ਚਾਹਤ ਦੇ ਬਾਵਜੂਦ ਛੱਡਣ ਲਈ ਤਿਆਰ ਨਹੀਂ ਸਨ। ਉਸੇ ਤਰ੍ਹਾਂ ਜੰਮੂ-ਕਸ਼ਮੀਰ ਵਿਚ ਭਾਰਤ ਦੀ ਸ਼ਮੂਲੀਅਤ ਲਈ ਬਹੁਤੇ ਉਤਸੁਕ ਨਹੀਂ ਸਨ। ਇਹ ਨਹਿਰੂ ਸਨ ਜਿਨ੍ਹਾਂ ਨੇ ਆਪਣੀ ਧਰਤੀ ਦਾ ਹਵਾਲਾ ਦਿੰਦੇ ਹੋਏ ਮਾਊਂਟ ਬੈਟਨ ਨੂੰ ਅਪੀਲ ਕੀਤੀ ਕਿ ਉਹ ਸ੍ਰੀਨਗਰ ਜਾ ਕੇ ਮਹਾਰਾਜਾ ਹਰੀ ਸਿੰਘ ਨੂੰ ਮਿਲਣ। ਉਦੋਂ ਇਹ ਮੁਲਾਕਾਤ ਨਹੀਂ ਹੋ ਸਕੀ। ਬਾਅਦ ਵਿਚ ਕਬਾਇਲੀ ਹਮਲਾਵਾਰਾਂ ਦੀ ਆੜ ਵਿਚ ਪਾਕਿਸਤਾਨ ਨੇ ਜੋ ਹਮਲਾ ਕੀਤਾ, ਉਸ ਨਾਲ ਹਾਲਾਤ ਬਦਲ ਗਏ।

ਖ਼ੈਰ, ਨਹਿਰੂ ਅਤੇ ਪਟੇਲ ਨੂੰ ਆਹਮਣੇ-ਸਾਹਮਣੇ ਖੜ੍ਹਾ ਕਰਨ ਵਾਲੀ ਭਾਜਪਾ ਤੇ ਉਨ੍ਹਾਂ ਦੇ ਪ੍ਰਧਾਨ ਮੰਤਰੀ ਮੋਦੀ ਸ਼ਾਇਦ ਇਹ ਨਹੀਂ ਜਾਣਦੇ ਕਿ ਸੂਬਿਆਂ ਦੇ ਭਾਸ਼ਾਵਾਰ ਪੁਨਰਗਠਨ ਦੇ ਮਸਲੇ 'ਤੇ ਨਹਿਰੂ ਤੇ ਪਟੇਲ ਦੋਹਾਂ ਦੀ ਦੁਵਿਧਾ ਇਕੋ ਜਿਹੀ ਸੀ। ਜਿਸ ਆਂਧਰਾ ਦਾ ਉਹ ਜ਼ਿਕਰ ਕਰ ਰਹੇ ਸਨ, ਉਥੇ ਤੇਲਗੂ ਦੇ ਆਧਾਰ 'ਤੇ ਵੱਖਰੇ ਸੂਬੇ ਲਈ ਚੱਲੇ ਅੰਦੋਲਨ ਦੇ ਦੋਵੇਂ ਖ਼ਿਲਾਫ਼ ਸਨ। ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਇਕ ਵਾਰ ਧਰਮ ਦੇ ਨਾਂ 'ਤੇ ਵੰਡਿਆ ਦੇਸ਼ ਹੁਣ ਭਾਸ਼ਾਵਾਂ ਦੇ ਨਾਂ 'ਤੇ ਨਾ ਵੰਡਣ ਲੱਗੇ। ਪਰ ਆਂਧਰਾ ਪ੍ਰਦੇਸ਼ ਦੇ ਵੱਖਰੇ ਰਾਜ ਬਣਨ ਤੋਂ ਬਾਅਦ ਦੇ ਤਜਰਬੇ ਨੇ ਦੋਹਾਂ ਨੂੰ ਯਕੀਨ ਦਿਵਾਇਆ ਕਿ ਦੇਸ਼ ਭਾਸ਼ਾਵਾਂ ਦੇ ਆਧਾਰ 'ਤੇ ਵੰਡੇਗਾ ਨਹੀਂ, ਸਗੋਂ ਬੰਨ੍ਹੇਗਾ। ਕਸ਼ਮੀਰ ਜਾਂ ਆਂਧਰਾ ਦਾ ਜ਼ਿਕਰ ਇਹ ਸਮਝਣ ਵਿਚ ਵੀ ਸਹਾਇਕ ਹੋ ਸਕਦਾ ਹੈ ਕਿ ਆਜ਼ਾਦੀ ਤੇ ਬਟਵਾਰੇ ਤੋਂ ਬਾਅਦ 600 ਰਿਆਸਤਾਂ ਵਿਚ ਵੰਡੇ ਦੇਸ਼ ਨੂੰ ਜੋੜਨਾ ਅਤੇ ਉਸ ਦਾ ਸਿਆਸੀ ਨਕਸ਼ਾ ਤਿਆਰ ਕਰਨਾ ਇਕ ਸਾਂਝਾ ਯਤਨ ਸੀ, ਜਿਸ ਵਿਚ ਬਹੁਤ ਸਾਰੇ ਲੋਕ ਸ਼ਾਮਲ ਸਨ। ਇਸ ਪ੍ਰਕਿਰਿਆ ਵਿਚ ਕਈ ਵਾਰ ਨਹਿਰੂ-ਪਟੇਲ ਇਕੱਠੇ ਚੱਲੇ ਹੋਣਗੇ ਤੇ ਕਈ ਵਾਰ ਅਸਹਿਮਤ ਰਹੇ ਹੋਣਗੇ। ਦੋਹਾਂ ਦੀਆਂ ਚਿੱਠੀਆਂ ਇਸ ਦੀ ਗਵਾਹੀ ਦਿੰਦੀਆਂ ਹਨ, ਪਰ ਉਨ੍ਹਾਂ ਨੂੰ ਇਕ-ਦੂਜੇ ਦੇ ਵਿਰੋਧੀ ਵਜੋਂ ਪੇਸ਼ ਕਰਨ ਦੀ ਜੋ ਸੋਝੀ ਭਾਜਪਾਈ ਦ੍ਰਿਸ਼ਟੀ ਰਹੀ ਹੈ, ਉਸ ਨੂੰ ਸੰਸਦ ਵਿਚ ਰੱਖਣਾ ਪ੍ਰਧਾਨ ਮੰਤਰੀ ਦੀ ਮਰਿਆਦਾ ਦੇ ਅਨੁਕੂਲ ਨਹੀਂ ਸੀ।

ਖ਼ੈਰ, ਇਹ ਸੱਚ ਹੈ ਕਿ ਆਜ਼ਾਦੀ ਮਗਰੋਂ ਸੱਤਾ 'ਤੇ ਸਭ ਤੋਂ ਲੰਬੇ ਸਮੇਂ ਤੱਕ ਕਾਬਜ਼ ਕਾਂਗਰਸ ਦੇ ਗੁਨਾਹ ਘੱਟ ਨਹੀਂ ਰਹੇ ਹਨ। ਭ੍ਰਿਸ਼ਟਾਚਾਰ, ਪਰਿਵਾਰਵਾਦ ਤੇ ਤਮਾਮ ਤਰ੍ਹਾਂ ਦੀਆਂ ਜੋ ਉਣਤਾਈਆਂ ਦਿਖਾਈ ਦਿੰਦੀਆਂ ਹਨ, ਉਨ੍ਹਾਂ ਸਾਰਿਆਂ ਦੇ ਬੀਜ ਕਾਂਗਰਸ ਵਿਚ ਰਹੇ ਹਨ। ਪਰ ਇਹ ਯਾਦ ਰੱਖਣ ਦੀ ਜ਼ਰੂਰਤ ਹੈ ਕਿ ਨਹਿਰੂ ਨੇ ਇੰਦਰਾ ਗਾਂਧੀ ਨੂੰ ਪ੍ਰਧਾਨ ਮੰਤਰੀ ਨਹੀਂ ਬਣਾਇਆ ਸੀ। ਉਹ ਕਾਂਗਰਸ ਦੇ ਵੱਡੇ ਨੇਤਾਵਾਂ ਦੇ ਆਪਸੀ ਝਗੜੇ ਵਿਚ ਗੂੰਗੀ ਗੁਡੀਆ ਵਾਂਗ ਅੱਗੇ ਵਧਾਈ ਗਈ। ਇਹ ਗੂੰਗੀ ਗੁਡੀਆ ਜਦੋਂ ਬੋਲਣ ਲੱਗੀ ਤਾਂ ਉਨ੍ਹਾਂ ਹੀ ਕਾਂਗਰਸੀ ਨੇਤਾਵਾਂ ਨੇ ਉਨ੍ਹਾਂ ਨੂੰ ਕਿਨਾਰੇ ਕਰਨ ਦੀ ਕੋਸ਼ਿਸ਼ ਕੀਤੀ। ਕਾਂਗਰਸ ਟੁੱਟੀ ਤੇ ਜਥੇਬੰਦ ਕਾਂਗਰਸ ਦੂਸਰਿਆਂ ਕੋਲ ਚਲੀ ਗਈ। ਇਹ ਉਹੀ ਦੌਰ ਹੈ ਜਦੋਂ ਇੰਦਰਾ ਗਾਂਧੀ ਬੈਂਕਾਂ ਤੇ ਕੋਲਾ ਖਾਨਾਂ ਦਾ ਰਾਸ਼ਟਰੀਕਰਨ ਕਰਦੀ ਦਿਖਾਈ ਦਿੰਦੀ ਹੈ ਤੇ 1971 ਵਿਚ ਗ਼ਰੀਬੀ ਹਟਾਓ ਦੇ ਨਾਅਰੇ ਨਾਲ ਜਿੱਤ ਕੇ ਪਰਤਦੀ ਹੈ।

ਇੰਦਰਾ ਗਾਂਧੀ ਦੀ ਐਮਰਜੈਂਸੀ ਪ੍ਰਧਾਨ ਮੰਤਰੀ ਨੂੰ ਯਾਦ ਹੈ ਜਿਸ ਨੂੰ ਉਨ੍ਹਾਂ ਨੇ ਸੰਸਦ ਵਿਚ ਵੀ ਦੁਹਰਾਇਆ। ਬੇਸ਼ੱਕ ਇਹ ਭਾਰਤੀ ਲੋਕਤੰਤਰ ਦਾ ਸਭ ਤੋਂ ਕਾਲਾ ਅਧਿਆਏ ਹੈ, ਜਿਸ ਦੀ ਸਜ਼ਾ ਉਨ੍ਹਾਂ ਨੂੰ ਜਨਤਾ ਨੇ ਦਿੱਤੀ, ਪਰ ਇਸੇ ਇੰਦਰਾ ਗਾਂਧੀ ਨੂੰ ਬੰਗਲਾਦੇਸ਼ ਮੁਕਤੀ ਸੰਗਰਾਮ ਮਗਰੋਂ ਮੋਦੀ ਦੇ ਪ੍ਰਿਯ ਨੇਤਾ ਅਟਲ ਬਿਹਾਰੀ ਵਾਜਪਾਈ ਨੇ ਦੇਵੀ ਦੁਰਗਾ ਕਿਹਾ ਸੀ, ਇਹ ਉਹ ਭੁੱਲ ਗਏ। ਆਪਣੀਆਂ ਚੁਣੀਆਂ ਹੋਈਆਂ ਸਚਾਈਆਂ ਦਾ ਬਿਆਨ ਨੇਤਾਵਾਂ ਦੀ ਹੀ ਨਹੀਂ, ਕਈ ਵਾਰ ਵਿਚਾਰਧਾਰਾ ਨਾਲ ਬੰਨ੍ਹੇ ਇਤਿਹਾਸਕਾਰਾਂ ਦੀ ਫਿਤਰਤ ਵੀ ਹੁੰਦੀ ਹੈ, ਪਰ ਇਕ ਪ੍ਰਧਾਨ ਮੰਤਰੀ ਨੂੰ ਘੱਟੋ-ਘੱਟ ਸੰਸਦ ਵਿਚ ਅਜਿਹੀਆਂ ਚੁਣੀਆਂ ਹੋਈਆਂ ਸਚਾਈਆਂ ਨਹੀਂ ਰੱਖਣੀਆਂ ਚਾਹੀਦੀਆਂ। ਪ੍ਰਧਾਨ ਮੰਤਰੀ ਪੂਰੀ ਤਲਖ਼ੀ ਨਾਲ ਇਹ ਕਰਦੇ ਰਹੇ ਤੇ ਇਸ ਵਿਚ ਤੱਥ ਵੀ ਭੁੱਲ ਗਏ। 1972 ਦੇ ਸ਼ਿਮਲਾ ਸਮਝੌਤੇ ਨੂੰ ਉਨ੍ਹਾਂ ਇੰਦਰਾ ਗਾਂਧੀ ਤੇ ਬੇਨਜ਼ੀਰ ਭੁੱਟੋ ਵਿਚਾਲੇ ਦਾ ਸਮਝੌਤਾ ਕਹਿ ਦਿੱਤਾ, ਜਦਕਿ ਉਹ ਬੇਨਜ਼ੀਰ ਦੇ ਪਿਤਾ ਜ਼ੁਲਫ਼ੀਕਾਰ ਅਲੀ ਭੁੱਟੋ ਦਾ ਕੀਤਾ ਹੋਇਆ ਸਮਝੌਤਾ ਸੀ। ਇਹ ਵੱਖਰੀ ਗੱਲ ਹੈ ਕਿ ਇਸ ਗ਼ਲਤੀ ਲਈ ਕੋਈ ਉਨ੍ਹਾਂ ਨੂੰ ਉਸ ਤਰ੍ਹਾਂ ਟਰੋਲ ਨਾ ਕਰੇ ਜਿਵੇਂ ਰਾਹੁਲ ਗਾਂਧੀ ਨੂੰ ਕੀਤਾ ਜਾਂਦਾ ਹੈ। ਪ੍ਰਧਾਨ ਮੰਤਰੀ ਦੀ ਇਸ ਸਿਆਸੀ ਤਲਖ਼ੀ ਨੇ ਨਵੀਂ ਅਤੇ ਬੇਲੋੜੀ ਅਤਿ ਰਾਜ ਸਭਾ ਵਿਚ ਕੀਤੀ ਜਿੱਥੇ ਕਾਂਗਰਸ ਨੇਤਾ ਰੇਣੂਕਾ ਚੌਧਰੀ ਦੇ ਹਾਸੇ 'ਤੇ ਉਨ੍ਹਾਂ ਮਜ਼ਾਕ ਉਡਾਇਆ- ਕਿਹਾ ਕਿ ਅਜਿਹਾ ਹਾਸਾ ਰਾਮਾਇਣ ਲੜੀਵਾਰ ਖ਼ਤਮ ਹੋਣ ਤੋਂ ਬਾਅਦ ਪਹਿਲੀ ਵਾਰ ਸੁਣਿਆ। ਦੇਸ਼ ਦੀ ਇਕ ਸੰਸਦ ਮੈਂਬਰ ਲਈ ਇਸ ਤਰ੍ਹਾਂ ਦੇ ਰਾਖ਼ਸ਼ੀ ਹਾਸੇ ਦਾ ਇਸ਼ਾਰਾ ਕੀ ਪ੍ਰਧਾਨ ਮੰਤਰੀ ਨੂੰ ਸ਼ੋਭਾ ਦਿੰਦਾ ਹੈ?

# ਮਤ ਸਹਿਲ ਹਮੇ ਜਾਣੋ, ਫਿਰਤਾ ਹੈ ਫ਼ਲਕ ਬਰਸੋਂ ਤਬ ਖਾਕ ਕੇ ਪਰਦੇ ਸੇ ਇਨਸਾਨ ਨਿਕਲਤੇ ਹੈਂ

ਹਰਬੀਰ ਕੌਰ ਬੰਨੂਆਣਾ
9417434085



ਪਾਕਿਸਤਾਨ ਬਣਨ ਤੋਂ ਪਹਿਲਾਂ ਭਾਈ ਬੰਨੋ ਜਿਹੜੇ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਹੁਤ ਨੇੜਲੇ ਸੇਵਕ ਸਨ ਅਤੇ ਜਿਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਿਲਦ ਬੰਨ੍ਹਵਾਉਣ ਲਈ ਲਾਹੌਰ ਭੇਜਿਆ ਸੀ। ਇਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਜਿਲਦ ਵੀ ਬੰਨਵਾਈ ਤੇ ਇਸ ਦਾ ਉਤਾਰਾ ਵੀ ਕੀਤਾ, ਜਿਸ ਕਰਕੇ ਗੁਜਰਾਂਵਾਲਾ ਦੇ ਇਲਾਕੇ ਵਿਚ ਭਾਈ ਬੰਨੋ ਦੀ ਬੜੀ ਸਿੱਖੀ ਸੇਵਕੀ ਸੀ। ਸ. ਬਨੂੰਆਣਾ ਜੀ ਭਾਈ ਬੰਨੋ ਦੀ ਵੰਸ਼ ਵਿਚੋਂ ਸਨ ਅਤੇ ਉਨ੍ਹਾਂ ਦੇ ਗੱਦੀ ਨਾਸ਼ੀਨ ਵੀ।

ਪਾਕਿਸਤਾਨ ਬਣਨ ਤੋਂ ਬਾਅਦ ਹਾਲਾਤ ਨੇ ਪਲਟਾ ਖਾਧਾ ਤੇ ਕੋਇਲੇ ਦੀ ਭੱਠੀ ਤੋਂ ਆਪਣੇ ਕੰਮ ਦੀ ਸ਼ੁਰੂਆਤ ਕਰਕੇ ਭੁਜੰਗੀ ਸਭਾ ਜੋ ਕਿ ਸ਼੍ਰੋਮਣੀ ਅਕਾਲੀ ਦਲ ਨੇ ਬਣਾਈ ਸੀ ਵਿਚ ਸੇਵਾ ਕੀਤੀ। ਇਸ ਤੋਂ ਬਾਅਦ ਬੀ ਖਾਲਸਾ ਦਲ ਜਿਸ ਦੇ ਪ੍ਰਧਾਨ ਪ੍ਰਿੰਸੀਪਲ ਇਕਬਾਲ ਸਿੰਘ ਜੀ ਸਨ ਤੇ ਬਨੂੰਆਣਾ ਜੀ ਉਸ ਦੇ ਜਨਰਲ ਸੈਕਟਰੀ ਸੀ। ਮਾਸਟਰ ਤਾਰਾ ਸਿੰਘ ਜੀ ਨੇ ਇਨ੍ਹਾਂ ਦੀ ਵਿਦਵਤਾ ਅਤੇ ਕੰਮ ਤੋਂ ਪ੍ਰਭਾਵਤ ਹੋ ਕੇ ਆਪਣਾ ਨਿੱਜੀ ਸਕੱਤਰ ਬਣਾ ਲਿਆ। ਬੰਨੂਆਣਾ ਜੀ ਗੁਰਦੁਆਰਾ ਸਿੰਘ ਸਭਾ ਅੱਡਾ ਹੁਸ਼ਿਆਰਪੁਰ, ਜਲੰਧਰ ਦੇ ਜਨਰਲ ਸਕੱਤਰ ਰਹੇ। ਇਸ ਗੁਰਦੁਆਰੇ ਤੋਂ ਹੀ ਪੰਜਾਬੀ ਸੂਬੇ ਮੋਰਚੇ ਵਿਚ ਦਫ਼ਾ 44 ਤੋੜਣ ਕਰਕੇ ਕੈਦ ਹੋਏ। ਦੂਜੇ ਮੋਰਚੇ ਵਿਚ ਇਹ ਬਜ਼ਾਰ ਸ਼ੇਖਾਂ ਦੇ ਗੁਰਦੁਆਰੇ ਵਿਚੋਂ ਦਫਾ 44 ਤੋੜਦੇ ਹੋਏ ਗ੍ਰਿਫ਼ਤਾਰ ਹੋਏ। ਇਸ ਦੌਰਾਨ ਹੀ ਜਥੇਦਾਰ ਸੰਪੂਰਨ ਸਿੰਘ ਰਾਮਾ ਨੇ ਮਾਸਟਰ ਤਾਰਾ ਸਿੰਘ ਦੇ ਨਾਲ ਇਤਕਲਾਫ਼ ਦੀ ਵਜ੍ਹਾ ਕਰਕੇ ਆਪਣਾ ਨਵਾਂ ਅਕਾਲੀ ਦਲ ਬਣਾ ਲਿਆ। ਪੈਪਸੂ ਪਟਿਆਲਾ ਨੇ ਇਸ ਦਲ ਨੂੰ ਗੈਰ ਕਾਨੂੰਨੀ ਕਰਾਰ ਦਿੱਤਾ। ਉਸ ਵਕਤ ਬੰਨੂਆਣਾ ਜੀ ਜਥੇਦਾਰ ਰਾਮਾ ਦਾ ਅਖਬਾਰ ਜਗਤ ਸਿੰਘ ਪਲਾਹੀ ਨਾਲ ਮਿਲ ਕੇ ਪਲਾਹੀ ਤੋਂ ਛਾਪਦੇ ਰਹੇ। ਇਨ੍ਹਾਂ ਦੀਆਂ ਲਿਖਤਾਂ ਪੰਜਾਬੀ ਦੇ ਸਾਰੇ ਅਖ਼ਬਾਰ 'ਪ੍ਰਭਾਤ', 'ਅਕਾਲੀ ਪੱਤ੍ਰਿਕਾ', 'ਅਜੀਤ', 'ਨਵਾਂ ਜ਼ਮਾਨਾ' ਆਦਿ ਵਿਚ ਛਪਦੀਆਂ ਸਨ।

ਰੋਜ਼ੀ ਰੋਟੀ ਕਮਾਉਣ ਲਈ ਇਹ ਯੂਨੀਵਰਸਲ ਕਾਲਜ ਵਿਚ ਗਿਆਨੀ ਦੀ ਕਲਾਸ ਨੂੰ ਪੜ੍ਹਉਂਦੇ ਸੀ। ਸਾਧੂ ਸਿੰਘ ਹਮਦਰਦ ਇਨ੍ਹਾਂ ਨੂੰ ਅਜੀਤ ਅਖ਼ਬਾਰ ਵਿਚ ਲੈ ਗਏ। ਪਰ ਇਨ੍ਹਾਂ ਨੇ ਜਲਦੀ ਹੀ 'ਅਜੀਤ' ਦੀ ਨੌਕਰੀ ਛੱਡ ਦਿੱਤੀ। ਜਦੋਂ ਕਾਰਨ ਪੁੱਛਿਆ ਤਾਂ ਉਨ੍ਹਾਂ ਦਾ ਜੁਆਬ ਸੀ, "ਦੋਸਤੀ ਤੇ ਨੌਕਰੀ ਇਕੱਠੀਆਂ ਨਹੀਂ ਰਹਿ ਸਕਦੀਆਂ। ਮੈਂ ਦੋਸਤੀ ਤੋਂ ਨੌਕਰੀ ਤਾਂ ਕੁਰਬਾਨ ਕਰ ਸਕਦਾ ਹਾਂ ਪਰ ਨੌਕਰੀ ਦੀ ਖਾਤਰ ਦੋਸਤੀ ਦੀ ਬਲੀ ਨਹੀਂ ਦੇ ਸਕਦਾ।" ਅਜੀਤ ਤੋਂ ਬਾਅਦ ਉਹ 'ਨਵਾਂ ਜ਼ਮਾਨਾ' ਅਖ਼ਬਾਰ ਵਿਚ ਕੰਮ ਕਰਨ ਲੱਗੇ। ਸੁਰਜਨ ਜੀਰਵੀ, ਕ੍ਰਿਸ਼ਨ ਭਾਰਦਵਾਜ ਅਤੇ ਬੰਨੂਆਣਾ ਜੀ 'ਨਵਾਂ ਜ਼ਮਾਨਾ 'ਅਖ਼ਬਾਰ ਦੇ ਥੰਮ੍ਹ ਮੰਨੇ ਜਾਂਦੇ ਸਨ। ਉਸ ਸਮੇਂ ਇਹ ਕਮਿਊਨਿਸਟ ਪਾਰਟੀ ਦਾ ਅਖ਼ਬਾਰ ਸੀ ਅਤੇ ਇਸ ਦਾ ਐਡੀਟੋਰੀਅਲ ਕਾਮਰੇਡ ਸੋਹਣ ਸਿੰਘ ਜੋਸ਼, ਕਾਮਰੇਡ ਅਵਤਾਰ ਮਲਹੋਤਰਾ ਅਤੇ ਕਾਮਰੇਡ ਜਗਜੀਤ ਸਿੰਘ ਆਨੰਦ ਲਿਖਦੇ ਸਨ। ਪਾਰਟੀ ਦੇ ਪੇਪਰ ਛੱਡਣ ਤੋਂ ਬਾਅਦ 'ਨਵਾਂ ਜ਼ਮਾਨਾ' ਅਖ਼ਬਾਰ ਦੀ ਸੰਪਾਦਕੀ ਬੰਨੂਆਣਾ ਜੀ ਨੇ ਲਿਖਣੀ ਸ਼ੁਰੂ ਕਰ ਦਿੱਤੀ। ਉਹ ਸਿਰਫ਼ ਪੱਤਰਕਾਰ ਹੀ ਨਹੀਂ ਸੀ ਸਗੋਂ ਪ੍ਰੈੱਸ ਦੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਪੱਤਰਕਾਰ ਯੂਨੀਅਨਾਂ ਵਿਚ ਕੰਮ ਕਰਦੇ ਸੀ ਅਤੇ ਵੱਖ ਵੱਖ ਜਥੇਬੰਦੀਆਂ ਨੂੰ ਇਕ ਪਲੇਟਫਾਰਮ 'ਤੇ ਲਾਮਬੰਦ ਕਰਨ ਲਈ ਤਤਪਰ ਰਹਿੰਦੇ ਸਨ। ਮੈਂ ਉਸ ਵਕਤ ਟੈਲੀਕਾਮ ਮਹਿਕਮੇ ਵਿਚ ਨੌਕਰੀ ਕਰਦੀ ਸੀ ਅਤੇ ਉਨ੍ਹਾਂ ਦੀ ਪ੍ਰੇਰਣਾ ਨਾਲ ਹੀ ਮੈਂ ਟਰੇਡ ਯੂਨੀਅਨ ਵਿਚ ਆਈ ਸੀ।

ਉਨ੍ਹਾਂ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਰਿਜ਼ਨਲ ਸੈਂਟਰ ਲੱਧੇਵਾਲੀ ਵਿਚ ਸ੍ਰੀਮਤੀ ਸ. ਸ. ਮੀਸ਼ਾ ਦੀ ਮੱਦਦ ਨਾਲ ਪੱਤਰਕਾਰੀ ਵਿਭਾਗ ਸ਼ੁਰੂ ਕਰਵਾਇਆ। ਜੋ ਹੁਣ ਤਕਰੀਬਨ ਸਾਰੇ ਕਾਲਜਾਂ ਵਿਚ ਚੱਲ ਰਿਹਾ ਹੈ।

ਆਪਣਾ ਕੰਮ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਤੋਂ ਜ਼ਿਆਦਾ ਪਿਆਰਾ ਸੀ। ਪੰਜਾਬ ਦੇ ਕਾਲੇ ਦੌਰ ਵਿਚ ਪੰਜਾਬ ਦੇ ਡੀ.ਜੀ.ਪੀ. ਰਬੈਰੋ ਦੇ ਖ਼ਿਲਾਫ਼ ਇਨ੍ਹਾਂ ਦੇ ਲਿਖੇ ਇਕ ਲੇਖ ਦੀ ਲਾਈਨ ਸੰਪਾਦਕ ਨੇ ਕੱਟ ਦਿੱਤੀ। ਜਦੋਂ ਅਗਲੇ ਦਿਨ ਛਪਿਆ ਆਰਟੀਕਲ ਪੜ੍ਹਿਆ ਤਾਂ ਰੋਜ਼ੀ ਰੋਟੀ ਦੀ ਪਰਵਾਹ ਨਾ ਕਰਦੇ ਹੋਏ ਆਪਣੇ ਵਿਚਾਰਾਂ 'ਤੇ ਪਹਿਰਾ ਦਿੰਦਿਆਂ ਅਖ਼ਬਾਰ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਸੀ। ਉਨ੍ਹਾਂ ਕਦੇ ਪੱਤਰਕਾਰ ਹੋਣ ਦਾ ਨਾਜਾਇਜ਼ ਫਾਇਦਾ ਲੈਣ ਦੀ ਵੀ ਕੋਸ਼ਿਸ਼ ਨਹੀਂ ਕੀਤੀ। ਬੰਨੂਆਣਾ ਜੀ ਦੇ ਸਿਆਸੀ ਵਿਚਾਰ ਕਦੇ ਵੀ ਸਮਾਜਕ ਰਿਸ਼ਤਿਆਂ ਵਿਚ ਰੁਕਾਵਟ ਨਹੀਂ ਬਣੇ, ਇਸੇ ਕਰਕੇ ਵੱਖ ਵੱਖ ਪਾਰਟੀਆਂ ਦੇ ਰਾਜਨੀਤਕਾਂ ਨਾਲ ਉਨ੍ਹਾਂ ਦਾ ਵਧੀਆ ਮੇਲ ਮਿਲਾਪ ਸੀ ਤੇ ਉਹ ਸਭ ਨਾਲ ਵਿਚਾਰ ਵਟਾਂਦਰਾ ਕਰਦੇ ਸਨ। 'ਨਵਾਂ ਜ਼ਮਾਨਾ' ਛੱਡਣ ਤੋਂ ਬਾਅਦ ਉਨ੍ਹਾਂ ਨੇ ਆਪਣਾ ਸਾਰਾ ਧਿਆਨ ਦੇਸ਼ ਭਗਤ ਯਾਦਗਾਰ ਹਾਲ ਵਿਚ ਇਤਿਹਾਸ ਦੀ ਖੋਜ ਵਿਚ ਲਗਾ ਦਿੱਤਾ। ਸਭ ਤੋਂ ਪਹਿਲਾਂ ਇਨ੍ਹਾਂ ਨੇ 'ਗ਼ਦਰੀ ਗੂੰਜਾਂ' ਛਾਪੀਆਂ। ਉਹ ਲਾਲਾ ਹਰਦਿਆਲ ਦੀਆਂ ਲਿਖਤਾਂ ਤੋਂ ਬਹੁਤ ਪ੍ਰਭਾਵਤ ਸਨ। ਲਾਲਾ ਹਰਦਿਆਲ ਨੇ ਜਾਤ ਪਾਤ, ਬ੍ਰਾਹਮਣਵਾਦ ਅਤੇ ਔਰਤਾਂ ਬਾਰੇ ਜੋ ਲੇਖ ਲਿਖੇ ਉਹ ਸਾਰੇ ਲੇਖ ਬੰਨੂਆਣਾ ਜੀ ਨੇ 'ਨਵੇਂ ਜ਼ਮਾਨੇ ਦੇ ਨਵੇਂ ਆਦਰਸ਼' ਨਾਂ ਦੀ ਕਿਤਾਬ ਦੇ ਰੂਪ ਵਿਚ ਛਪਵਾਏ। ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਮਦਨ ਲਾਲ ਢੀਂਗਰਾ ਦੀ ਬਰਸੀ ਮਨਾਈ ਅਤੇ ਉਸ ਬਾਰੇ ਇਕ ਪੈਂਫਲਿਟ ਵੀ ਲਿਖਿਆ।

ਜਦੋਂ ਸਰਕਾਰ ਨੇ ਕਾਮਾਗਾਟਾਮਾਰੂ ਲਹਿਰ ਨੂੰ ਆਜ਼ਾਦੀ ਲਹਿਰ ਦਾ ਹਿੱਸਾ ਮੰਨਣ ਤੋਂ ਇਨਕਾਰ ਕੀਤਾ ਤਾਂ ਇਨ੍ਹਾਂ ਨੇ ਇਕ ਪੈਂਫਲਿਟ 'ਇਤਿਹਾਸ ਬੋਲਦਾ' ਹੈ ਲਿਖਿਆ, ਜਿਸ ਨੂੰ ਪੜ੍ਹ ਕੇ ਲੋਕਾਂ ਵਿਚ ਰੋਹ ਪੈਦਾ ਹੋਇਆ ਅਤੇ ਕਾਮਰੇਡ ਸਤਪਾਲ ਡਾਂਗ ਦੀ ਅਗਵਾਈ ਵਿਚ ਅੰਮ੍ਰਿਤਸਰ ਵਿਚ ਦੇਸ਼ ਭਗਤ ਯਾਦਗਾਰ ਕਮੇਟੀ ਨੇ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਦੇ ਆਉਣ 'ਤੇ ਮੁਜ਼ਾਹਰਾ ਕੀਤਾ ਤਾਂ ਬੰਨੂਆਣਾ ਜੀ ਖਾਸ ਤੌਰ 'ਤੇ ਚੰਡੀਗੜ੍ਹ ਤੋਂ ਮੁਜ਼ਾਹਰੇ ਵਿਚ ਸ਼ਾਮਲ ਹੋਣ ਲਈ ਆਏ ਅਤੇ ਆਪਣੀ ਗ੍ਰਿਫ਼ਤਾਰੀ ਵੀ ਦਿੱਤੀ। ਇਨ੍ਹਾਂ ਨੇ ਕਾਮਰੇਡ ਐਨ.ਕੇ. ਜੋਸ਼ੀ, ਕਾਮਰੇਡ ਹਰਦਿਆਲ ਅਤੇ ਹੋਰ ਸਾਥੀਆਂ ਨਾਲ ਮਿਲ ਕੇ ਹਾਲ ਅੰਦਰ ਸੈਮੀਨਾਰ ਤੇ ਸਪੋਜ਼ੀਅਮ ਆਰਗੇਨਾਈਜ਼ ਕੀਤੇ। ਜਦੋਂ ਮੇਲਾ ਗ਼ਦਰੀ ਬਾਬਿਆਂ ਦਾ ਸ਼ੁਰੂ ਹੋਇਆ ਤਾਂ ਮੇਲੇ ਦੇ ਪ੍ਰੇਰਨਾ ਸਰੋਤ ਬੰਨੂਆਣਾ ਜੀ ਸਨ। ਔਰਤਾਂ ਦੇ ਹੱਕ ਲਈ ਅਤੇ ਸਮਾਜ ਦੇ ਹਰ ਖੇਤਰ ਵਿਚ ਉਸ ਦੀ ਬਰਾਬਰਤਾ ਦੀ ਗੱਲ ਉਹ ਬੜੇ ਜੋਸ਼ ਨਾਲ ਕਰਦੇ।

ਉਨ੍ਹਾਂ ਦੀ ਪੀੜ੍ਹੀ ਦੇ ਪੱਤਰਕਾਰ ਉਨ੍ਹਾਂ ਨੂੰ ਪੱਤਰਕਾਰੀ ਦਾ 'ਬਾਬਾ ਬੋਹੜ' ਕਹਿੰਦੇ ਸਨ। ਜਦੋਂ ਜਲੰਧਰ ਵਿਚ 'ਕੇਂਦਰੀ ਪੰਜਾਬੀ ਲੇਖਕ ਸਭਾ' ਬਣੀ ਤਾਂ ਬੰਨੂਆਣਾ ਜੀ ਇਸਦੇ ਜਨਰਲ ਸਕੱਤਰ ਚੁਣੇ ਗਏ। ਇਨ੍ਹਾਂ ਨੇ ਤੇਰਾ ਸਿੰਘ ਚੰਨ ਨਾਲ ਮਿਲ ਕੇ ਪੰਜਾਬ ਵਿਚ ਬਹੁਤ ਥਾਵਾਂ 'ਤੇ ਲੇਖਕ ਸਭਾਵਾਂ ਬਣਾਈਆ। ਪੰਜਾਬੀ ਭਾਸ਼ਾ ਕਨਵੈਨਸ਼ਨ ਰਾਹੀਂ ਪੰਜਾਬੀ ਤੇ ਪੰਜਾਬੀਅਤ ਦੀ ਉਨ੍ਹਾਂ ਬਹੁਤ ਸੇਵਾ ਕੀਤੀ। ਉਨ੍ਹਾਂ ਨੇ ਪੱਤਰਕਾਰਾਂ ਦੀ ਬਹੁਤ ਪਨੀਰੀ ਤਿਆਰ ਕੀਤੀ। ਅੱਜ ਉਨ੍ਹਾਂ ਦੇ ਲਾਏ ਬੂਟੇ ਵੱਖ ਵੱਖ ਅਖ਼ਬਾਰੀ ਅਦਾਰਿਆਂ ਵਿਚ ਵੱਡੀਆਂ ਜ਼ਿੰਮੇਵਾਰੀਆਂ ਨਿਭਾ ਰਹੇ ਹਨ।

ਮਾਣ ਨਾਲ ਸਿਰ ਉਚਾ ਹੋ ਜਾਂਦਾ ਹੈ ਜਦੋਂ ਉਨ੍ਹਾਂ ਦੀ ਮੌਤ ਤੋਂ 10 ਸਾਲ ਬਾਅਦ ਵੀ ਉਨ੍ਹਾਂ ਦੇ ਪ੍ਰਸੰਸਕ ਸਤਨਾਮ ਸਿੰਘ ਮਾਣਕ (ਜਨਰਲ ਸਕੱਤਰ, ਪੰਜਾਬ ਜਗ੍ਰਿਤੀ ਮੰਚ), ਦੀਪਕ ਬਾਲੀ (ਸਕੱਤਰ ਜਾਗ੍ਰਿਤੀ ਮੰਚ), ਡਾ. ਲਖਵਿੰਦਰ ਜੌਹਲ (ਪ੍ਰਧਾਨ ਪੰਜਾਬ ਪ੍ਰੈਸ ਕਲੱਬ ਜਲੰਧਰ) ਅਤੇ ਹੋਰ ਪੱਤਰਕਾਰ ਮਿਲ ਕੇ ਉਨ੍ਹਾਂ ਦੀ ਯਾਦ ਵਿਚ ਸਮਾਗਮ ਕਰ ਰਹੇ ਹਨ ਅਤੇ ਪੱਤਰਕਾਰਾਂ ਦਾ ਸਨਮਾਨ ਕਰਦੇ ਹਨ। ਮੈਂ ਇਨ੍ਹਾਂ ਸਾਰੇ ਪੱਤਰਕਾਰ ਸਾਥੀਆਂ 'ਤੇ ਆਸ ਰੱਖਦੀ ਹਾਂ ਕਿ ਉਹ ਬੰਨੂਆਣਾ ਜੀ ਦੀ ਪੱਤਰਕਾਰਤਾ ਵਿਚ ਨਿਭਾਈ ਭੂਮਿਕਾ ਨੂੰ ਜ਼ਿੰਦਾ ਰੱਖਣਗੇ ਅਤੇ ਲੋਕਾਂ ਦੀ ਆਵਾਜ਼ ਬਣਕੇ ਕੰਮ ਕਰਨਗੇ।




Nidhi Kapoor
REALTOR® BA, ABR
COMMERCIAL & RESIDENTIAL REAL ESTATE

REALTY EXECUTIVES POLARIS

780 318 3434

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਆਪਣੀ ਪ੍ਰਾਪਰਟੀ ਦਾ ਚੰਗਾ ਮੁੱਲ ਲੈਣ ਲਈ ਕਾਲ ਕਰੋ

nidhi@nidhikapoor.ca www.nidhikapoor.ca

# 217 6608 28 AV MLS# E3399888




Bedroom : 1 + Den Condo Bathroom : 1
Special Feature: Adult 55+ Condo, on-site service of a guest room for out-of-town visitors, private bus foroutings, home care coordinator, hairdresser
Parking : 1 Titled Underground Parking
Sqft. 620 Sq.Ft
Condo Fees: $260.00

# 401 4316 139 AV NW MLS# E3405945




Bedroom : 2
Bathroom : 2
Special Feature: Top Floor Unit, Quck Access to LRT Station
Parking : 1 Titled Underground Parking
Sqft : 1002 Sq ft.
Condo Fees: $420.00

#1472 LAKEWOOD RD W MLS# E3409941



$168,900
Bedroom : 3
Bathroom : 1
Special Feature : newly renovated,walking distance to Grant MacEwan, Lakewood Transit Center,
Sqft. 1011 sq.ft
Condo Fees : $281.00

*Services available in Hindi, Punjabi & Urdu Also.* *Real Estate Service for your Success*

2.5 Acre for Sale
51151 Range Road 235, (SW)
Edmonton Close to Ellerslie Road
$ 399,900

# ਰੁਜ਼ਗਾਰ ਦੀ ਭਾਲ : ਬਣ ਸਕਦੀ ਹੈ ਵਿਸਫੋਟਕ ਸਥਿਤੀ

ਸਰਬਜੀਤ ਗਿੱਲ

ਸਿਰਫ਼ ਪੰਜਾਬ ਹੀ ਨਹੀਂ ਸਗੋਂ ਦੇਸ਼ ਦੇ ਸਾਰੇ ਰਾਜਾਂ ਦੇ ਨੌਜਵਾਨ ਰੋਜ਼ਗਾਰ ਦੀ ਭਾਲ 'ਚ ਮਾਰੇ-ਮਾਰੇ ਘੁੰਮ ਰਹੇ ਹਨ ਪਰ ਉਨ੍ਹਾਂ ਦੇ ਹੱਥ ਪੱਲੇ ਕੁੱਝ ਨਹੀਂ ਪੈ ਰਿਹਾ। ਹਾਕਮ ਧਿਰਾਂ ਵੋਟਾਂ ਵੇਲੇ ਕਰੋੜਾਂ ਨੌਕਰੀਆਂ ਦੇਣ ਦਾ ਵਾਅਦਾ ਕਰਦੀਆਂ ਹਨ ਪਰ ਹਕੀਕਤ 'ਚ ਨਤੀਜਾ ਸਿਫਰ ਹੀ ਹੁੰਦਾ ਹੈ। ਮਸਲਨ ਵਾਜਪਾਈ ਸਰਕਾਰ ਨੇ ਪ੍ਰਤੀ ਸਾਲ ਇੱਕ ਕਰੋੜ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ ਅਤੇ ਆਖਰ 'ਚ ਸਰਕਾਰ ਦੀਆਂ ਪ੍ਰਾਪਤੀਆਂ ਵਜੋਂ ਛਪਵਾਏ ਕਾਗਜ਼ਾਂ 'ਚ ਹੈਰਾਨੀਜਨਕ ਤੱਥ ਸਾਹਮਣੇ ਆਏ, ਜਿਸ 'ਚ ਉਸ ਵੇਲੇ ਕਿਹਾ ਗਿਆ ਕਿ ਉਨ੍ਹਾਂ ਨੇ ਲੱਖਾਂ ਪੀਸੀਓ ਦੇ ਕੁਨੈਕਸ਼ਨ ਦੇ ਦਿੱਤੇ, ਜਿਥੇ ਪ੍ਰਤੀ ਪੀਸੀਓ ਦੋ ਵਿਅਕਤੀਆਂ ਨੂੰ ਰੁਜ਼ਗਾਰ ਮਿਲ ਰਿਹਾ ਹੈ।

ਇਸ ਤਰ੍ਹਾਂ ਹੀ ਉਨ੍ਹਾਂ ਕਿਹਾ ਕਿ ਪ੍ਰਤੀ ਸਾਲ ਨਵੀਆਂ ਗੱਡੀਆਂ ਮਾਰਕੀਟ 'ਚ ਆ ਰਹੀਆਂ ਹਨ, ਜਿਨ੍ਹਾਂ ਨੂੰ ਬਣਾਉਣ ਅਤੇ ਹੋਰ ਸਬੰਧਤ ਕੰਮਾਂ 'ਚ ਲੱਖਾਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਦਿੱਤਾ ਗਿਆ ਹੈ। ਹਾਕਮ ਧਿਰਾਂ ਦਾਅਵੇ ਸਰਕਾਰੀ ਨੌਕਰੀਆਂ ਦੇ ਕਰਨਗੀਆਂ ਪਰ ਸੱਤਾ ਸੰਭਾਲਣ ਉਪਰੰਤ ਅਸਿੱਧੇ ਰੁਜ਼ਗਾਰ ਨੂੰ ਹੀ ਰੁਜ਼ਗਾਰ ਦਰਸਾਉਣ 'ਤੇ ਜ਼ੋਰ ਲਗਾਉਂਦੀਆਂ ਹਨ। ਇਹ ਅਸਿੱਧਾ ਰੁਜ਼ਗਾਰ ਵੀ ਜੇ ਕਿਸੇ ਦਾ ਵਾਜਬ ਗੁਜ਼ਾਰਾ ਕਰ ਰਿਹਾ ਹੋਵੇ ਤਾਂ ਵੀ ਗੁਨਾਹ ਨਹੀਂ ਹੈ। ਹੁਣ ਸਵਾਲ ਕੀਤਾ ਜਾ ਸਕਦਾ ਹੈ ਕਿ ਪੀਸੀਓ ਦੇਣ ਵੇਲੇ ਦਿੱਤੇ ਗਏ ਰੁਜ਼ਗਾਰ ਦਾ ਕੀ ਬਣਿਆ? ਇਸ ਬਾਰੇ ਕਿਸੇ ਕੋਲ ਕੋਈ ਉੱਤਰ ਨਹੀਂ ਹੈ। ਪੰਜਾਬ 'ਚ ਕੈਪਟਨ ਸਰਕਾਰ ਨੇ ਵੀ ਰੁਜ਼ਗਾਰ ਦੇਣ ਦਾ ਵਾਅਦਾ ਕੀਤਾ ਸੀ ਅਤੇ ਹੁਣ ਰੁਜ਼ਗਾਰ ਮੇਲੇ ਆਯੋਜਿਤ ਕੀਤੇ ਜਾ ਰਹੇ ਹਨ। ਇਨ੍ਹਾਂ ਰੁਜ਼ਗਾਰ ਮੇਲਿਆਂ 'ਚ ਕੰਪਨੀਆਂ ਨੂੰ ਬੁਲਾ ਕੇ ਮਾਮੂਲੀ ਕੀਮਤ 'ਤੇ ਰੁਜ਼ਗਾਰ ਦੇ ਕੇ ਖ਼ਾਨਾ ਪੂਰਤੀ ਕੀਤੀ ਜਾ ਰਹੀ ਹੈ। ਕੁੱਝ ਅਰਸਾ ਪਹਿਲਾਂ ਸਿਖਿਆ ਸੰਸਥਾਵਾਂ ਵੱਲੋਂ ਇਸ ਗੱਲ ਲਈ ਵਾਹ-ਵਾਹ ਖੱਟੀ ਜਾਂਦੀ ਰਹੀ ਸੀ ਕਿ ਫਲਾਣੀ ਕੰਪਨੀ ਨੇ ਉਨ੍ਹਾਂ ਦੇ ਇੰਨੇ ਵਿਦਿਆਰਥੀਆਂ ਨੂੰ ਲੱਖਾਂ ਰੁਪਏ ਦੇ ਪੈਕੇਜ 'ਤੇ ਨੌਕਰੀ 'ਤੇ ਰੱਖ ਲਿਆ ਹੈ। ਆਮ ਲੋਕਾਂ ਨੂੰ ਇਸ ਗੱਲ ਦੀ ਖ਼ੁਸ਼ੀ ਵੀ ਹੁੰਦੀ ਹੋਵੇਗੀ ਕਿ ਆਖਰ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਰਿਹਾ ਹੈ। ਹੁਣ ਦੇ ਰੁਜ਼ਗਾਰ ਮੇਲਿਆਂ 'ਚ 20 ਹਜ਼ਾਰ ਰੁਪਏ ਤਨਖਾਹ ਲੈਣ ਦੀ ਯੋਗਤਾ ਰੱਖਣ ਵਾਲੇ ਨੌਜਵਾਨ ਨੂੰ ਜਦੋਂ ਪੰਜ ਹਜ਼ਾਰ 'ਚ ਨੌਕਰੀ ਮਿਲਦੀ ਹੈ ਤਾਂ ਉਸ ਦੀ ਹਾਲਤ ਕੀ ਹੋਵੇਗੀ, ਇਸ ਦਾ ਅੰਦਾਜ਼ਾ ਮਾਮੂਲੀ ਸਮਝ ਰੱਖਣ ਵਾਲਾ ਵਿਅਕਤੀ ਵੀ ਲਗਾ ਸਕਦਾ ਹੈ।

ਰੁਜ਼ਗਾਰ ਦੇ ਨਾਂ ਹੇਠ ਨੌਜਵਾਨਾਂ ਨਾਲ ਠੱਗੀ ਦੀ ਦੂਜੀ ਵੰਨਗੀ ਇਹ ਹੈ ਕਿ ਨਵੀਆਂ ਨੌਕਰੀਆਂ ਠੇਕੇ ਦੇ ਅਧਾਰ 'ਤੇ ਕੱਢੀਆਂ ਜਾ ਰਹੀਆਂ ਹਨ। ਮਸਲਨ ਪੰਜਾਬ ਦਾ ਜ਼ਮੀਨੀ ਰਿਕਾਰਡ ਕੰਪਿਊਟ੍ਰੀਕ੍ਰਿਤ ਕਰਨ ਲਈ ਇੱਕ ਸੁਸਾਇਟੀ ਗਠਤ ਕਰ ਦਿੱਤੀ ਗਈ। ਇਸ ਕੰਮ ਲਈ ਕਿਸੇ ਅਖੌਤੀ ਕੰਪਨੀ ਨੂੰ ਇਹ ਕਹਿ ਕੇ ਠੇਕੇ ਦੇ ਦਿੱਤਾ ਕਿ ਅੱਗੋਂ ਇਹ ਕੰਪਨੀ ਠੇਕੇ (ਵਗਾਰ ਵਰਗੇ) 'ਤੇ ਮੁੰਡੇ/ਕੁੜੀਆਂ ਭਰਤੀ ਕਰੇਗੀ। ਇਸ ਦੀ ਮਿਸਾਲ ਸੁਵਿਧਾ ਸੈਂਟਰਾਂ ਵਰਗੇ ਅਨੇਕਾਂ ਹੋਰਨਾ ਥਾਵਾਂ 'ਤੇ ਦੇਖੀ ਜਾ ਸਕਦੀ ਹੈ, ਜਿਥੇ ਵਰਦੀਆਂ ਪਾ ਕੇ ਜਵਾਨੀ ਸੇਵਾ ਦੇ ਨਾਂ ਹੇਠ ਆਪਣੀ ਕਿਰਤ ਸ਼ਕਤੀ ਦੀ ਲੁੱਟ ਕਰਵਾ ਰਹੀ ਹੈ। ਅਜਿਹੇ ਸੈਂਟਰਾਂ 'ਚ ਜਦੋਂ ਇਹ ਨੌਜਵਾਨ ਰੁਜ਼ਗਾਰ ਬਦਲੇ ਚੰਗੀ ਤਨਖ਼ਾਹ ਦੀ ਮੰਗ ਕਰਦੇ ਹਨ ਤਾਂ ਤਲਵਾਰ ਇਨ੍ਹਾਂ ਦੇ ਸਿਰ 'ਤੇ ਲਟਕ ਰਹੀ ਹੁੰਦੀ ਹੈ। ਆਪਣੀ ਅਵਾਜ਼ ਬੁਲੰਦ ਕਰਨ ਬਦਲੇ ਇਨ੍ਹਾਂ ਦੀ ਨੌਕਰੀ ਚਲੇ ਜਾਂਦੀ ਹੈ ਅਤੇ ਇਸ ਮਾਮਲੇ 'ਚ ਸਰਕਾਰ ਇਹ ਕਹਿ ਕੇ ਆਪਣੇ ਹੱਥ ਪਿੱਛੇ ਖਿਚ ਲੈਂਦੀ ਹੈ ਕਿ ਉਨ੍ਹਾਂ ਨੇ ਅਜਿਹੇ ਨੌਜਵਾਨਾਂ ਨੂੰ ਨਿਯੁਕਤ ਹੀ ਨਹੀਂ ਕੀਤਾ।

ਰੁਜ਼ਗਾਰ ਦੇ ਨਾਂ ਹੇਠ ਇੱਕ ਹੋਰ ਵੱਡੇ ਪੱਧਰ 'ਤੇ ਠੱਗੀ ਮਾਰੀ ਜਾ ਰਹੀ ਹੈ, ਇਸ ਦਾ ਖੁਲਾਸਾ ਦੇਸ਼ ਅੰਦਰ 'ਵਿਰੋਧੀ ਧਿਰ' ਦੇ ਰੋਲ ਅਦਾ ਕਰਨ ਵਾਲੇ ਪ੍ਰਸਿੱਧ ਟੀਵੀ ਚੈਨਲ 'ਐਨਡੀਟੀਵੀ' ਨੇ ਕੀਤਾ ਹੈ। ਆਮ ਤੌਰ 'ਤੇ ਰੁਜ਼ਗਾਰ ਪ੍ਰਾਪਤ ਕਰਨ ਤੋਂ ਪਹਿਲਾ ਪੇਸ਼ ਆਉਣ ਵਾਲੀਆਂ ਔਕੜਾਂ ਦਾ ਕਿਤੇ ਵੀ ਜ਼ਿਕਰ ਨਹੀਂ ਆਉਂਦਾ। ਇਸ ਚੈਨਲ ਨੇ ਕਈ ਦਿਨ ਆਪਣੇ ਪ੍ਰਾਈਮ ਟਾਈਮ 'ਚ ਇਸ ਨੂੰ ਜਗ੍ਹਾਂ ਦਿੱਤੀ ਅਤੇ ਨਾਲ ਹੀ ਟਕੋਰਾਂ ਵੀ ਕੀਤੀਆਂ। ਇਸ ਚੈਨਲ ਮੁਤਾਬਿਕ ਦੂਜੇ ਚੈਨਲ ਹਿੰਦੂ-ਮੁਸਲਮਾਨ ਮੁਦਿਆਂ ਤੋਂ ਬਿਨ੍ਹਾਂ ਕੁੱਝ ਖ਼ਾਸ ਨਹੀਂ ਕਰ ਰਹੇ ਅਤੇ ਅਜਿਹੇ ਚੈਨਲਾਂ ਨੂੰ ਨੌਜਵਾਨ ਵਰਗ ਦੀਆਂ ਖ਼ਬਰਾਂ ਦਿਖਾਉਣ ਦੀ ਵਿਹਲ ਹੀ ਨਹੀਂ ਮਿਲਦੀ। ਨੌਕਰੀ ਲੈਣ ਲਈ ਜਦੋਂ ਨੌਜਵਾਨ ਆਪਣਾ ਕੋਈ ਪ੍ਰਦਰਸ਼ਨ ਕਰਦੇ ਹਨ ਤਾਂ ਬਹੁਤੀ ਵਾਰ ਅਖ਼ਬਾਰ ਦੇ ਅੰਦਰਲੇ ਸਫ਼ਿਆਂ 'ਤੇ ਵੀ ਸਥਾਨ ਨਹੀਂ ਮਿਲਦਾ। ਅਜਿਹੀਆਂ ਸਟੋਰੀਆਂ ਨੂੰ ਉਕਤ ਚੈਨਲ ਨੇ ਦਿਖਾ ਕੇ ਵੱਡੇ ਸਵਾਲ ਖੜੇ ਕਰਕੇ ਅਹਿਮ ਸਥਾਨ ਦਿੱਤਾ ਹੈ। ਪੀੜ੍ਹਤ ਨੌਜਵਾਨਾਂ ਦੀਆਂ ਕਹਾਣੀਆਂ ਨੂੰ ਸੁਣ ਕੇ ਨੌਜਵਾਨਾਂ ਦਾ ਦਰਦ ਮਹਿਸੂਸ ਕੀਤਾ ਜਾ ਸਕਦਾ ਹੈ।

ਮੱਧ ਪ੍ਰਦੇਸ਼ 'ਚ ਹੋਏ 'ਵਿਆਪਮ' ਘੁਟਾਲੇ ਦਾ ਜਿਕਰ ਕਾਫੀ ਲੰਬੇ ਸਮੇਂ ਤੋਂ ਹੁੰਦਾ ਆ ਰਿਹਾ ਹੈ, ਜਿਸ ਲਈ 110 ਲੋਕਾਂ ਖ਼ਿਲਾਫ ਚਾਰਜਸ਼ੀਟ ਵੀ ਦਾਖਲ ਕੀਤੀ ਜਾ ਚੁੱਕੀ ਹੈ ਅਤੇ ਅਨੇਕਾਂ ਲੋਕਾਂ ਨੂੰ ਇਸ ਮਾਮਲੇ 'ਚ ਮਾਰ ਕੇ ਮੁੱਦਾ ਵੀ ਚਰਚਾ 'ਚ ਆ ਚੁੱਕਾ ਹੈ। ਅਜਿਹੀਆਂ ਹੀ ਘਪਲੇਬਾਜ਼ੀਆਂ ਨੌਕਰੀਆਂ ਦੇਣ 'ਚ ਵੀ ਕੀਤੀਆ ਜਾ ਰਹੀਆਂ ਹਨ। ਸਟਾਫ ਸਿਲੈਕਸ਼ਨ ਬੋਰਡ ਦੀ ਚਿੱਠੀ ਉਡੀਕਦੇ ਨੌਜਵਾਨ ਉਸ ਵੇਲੇ ਨਿਰਾਸ਼ ਹੋ ਜਾਂਦੇ ਹਨ ਜਦੋਂ ਉਨ੍ਹਾਂ ਨੂੰ ਪਤਾ ਲਗਦਾ ਹੈ ਕਿ ਜਿਸ ਚਿੱਠੀ ਨੂੰ ਉਹ ਇਸ ਸਾਲ ਮਾਰਚ ਮਹੀਨੇ 'ਚ ਉਡੀਕਦੇ ਸਨ, ਉਸ ਨਾਲ ਸੰਬੰਧਤ ਕੇਸ ਕੋਰਟ 'ਚ ਚਲਾ ਗਿਆ, ਜਿਥੇ ਸੁਣਵਾਈ ਦੀ ਅਗਲੀ ਤਰੀਕ ਸਤੰਬਰ ਮਹੀਨੇ 'ਚ ਨਿਸ਼ਚਤ ਕੀਤੀ ਗਈ ਹੈ। ਇਹ ਨੌਜਵਾਨ ਇਹ ਵੀ ਸਵਾਲ ਕਰਦੇ ਹਨ ਕਿ ਉਨ੍ਹਾਂ ਭਾਜਪਾ ਨੂੰ ਵੋਟ ਮੰਦਰ ਬਣਾਉਣ ਲਈ ਨਹੀਂ ਦਿੱਤੀ ਸੀ, ਸਗੋਂ ਉਨ੍ਹਾਂ ਨੂੰ ਸਰਕਾਰ ਤੋਂ ਨੌਕਰੀ ਦੀ ਆਸ ਸੀ। ਅਜਿਹੇ ਨੌਜਵਾਨ ਹੁਣ ਕਹਿੰਦੇ ਹਨ ਕਿ ਨੌਕਰੀ ਨਹੀਂ ਤਾਂ ਵੋਟ ਵੀ ਨਹੀਂ।



ਉਕਤ ਚੈਨਲ ਵੱਲੋਂ ਦਿਖਾਈਆਂ ਗਈਆਂ ਇਨ੍ਹਾਂ ਰਿਪੋਰਟਾਂ ਉਪਰੰਤ ਦੌਰਾਨ ਨੌਕਰੀਆਂ ਦੇਣ ਵਾਲਾ ਬੋਰਡ ਆਪਣੀ ਵੈਬਸਾਈਟ 'ਤੇ ਲਿਖਦਾ ਹੈ ਕਿ ਕੁੱਝ ਚੈਨਲ ਉਨ੍ਹਾਂ ਦੇ ਬੋਰਡ ਨੂੰ ਬਦਨਾਮ ਕਰਨਾ ਚਾਹੁੰਦੇ ਹਨ ਤਾਂ ਪ੍ਰਾਈਮ ਟਾਈਮ ਪੇਸ਼ ਕਰਨ ਵਾਲਾ ਐਂਕਰ ਕਹਿੰਦਾ ਹੈ ਕਿ ਕੁੱਝ ਚੈਨਲਾਂ ਦਾ ਕੀ ਅਰਥ ਹੈ, ਉਹ ਸਿੱਧੇ ਰੂਪ 'ਚ ਨਾਮ ਕਿਉਂ ਨਹੀਂ ਲੈਂਦੇ, ਜਦੋਂ ਕਿ ਹੋਰ ਕੋਈ ਵੀ ਚੈਨਲ ਅਜਿਹੀਆਂ ਰਿਪੋਰਟਾਂ ਦਿਖਾ ਹੀ ਨਹੀਂ ਰਿਹਾ। ਰਵੀਸ਼ ਇੱਕ ਹੋਰ ਰਿਪੋਰਟ ਦਿਖਾਉਂਦਾ ਦੱਸਦਾ ਹੈ ਕਿ ਨੌਕਰੀਆਂ ਦੇਣ ਲਈ ਲਏ ਜਾਣ ਵਾਲੇ ਪੇਪਰ ਵੀ ਸੌਖੇ ਅਤੇ ਔਖੇ ਬਣਾਏ ਜਾਂਦੇ ਹਨ। ਲਾਜ਼ਮੀ ਤੌਰ 'ਤੇ ਕੁੱਝ ਕੁ ਨੂੰ ਇਸ ਦਾ ਫ਼ਾਇਦਾ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੋਵੇਗੀ।

ਬਿਹਾਰ 'ਚ 2014 ਦੌਰਾਨ ਸਬੰਧਤ ਵਿਭਾਗ ਨੇ ਨੌਕਰੀਆਂ ਦੇਣ ਲਈ ਇਸ਼ਤਿਹਾਰ ਜਾਰੀ ਕੀਤਾ ਅਤੇ 27 ਲੱਖ ਨੌਜਵਾਨਾਂ ਨੇ ਅਪਲਾਈ ਕੀਤਾ, ਜਿਸ ਤੋਂ ਵਿਭਾਗ ਨੇ 350 ਰੁਪਏ ਪ੍ਰਤੀ ਫਾਰਮ ਦੇ ਹਿਸਾਬ ਨਾਲ ਕਰੀਬ 90 ਕਰੋੜ ਰੁਪਏ ਇਕੱਠੇ ਕਰ ਲਏ। ਇਸ ਸਾਲ 'ਚ ਇੱਕ ਹੋਰ ਬੋਰਡ ਨੇ 11000 ਨੌਕਰੀਆਂ ਲਈ ਅਰਜ਼ੀਆਂ ਦੀ ਮੰਗ ਕੀਤੀ 18 ਲੱਖ ਨੌਜਵਾਨਾਂ ਨੇ ਫਾਰਮ ਭਰੇ। ਧਾਂਦਲੀ ਹੋਣ ਕਾਰਨ ਪ੍ਰੀਖਿਆ ਰੱਦ ਕਰ ਦਿੱਤੀ ਗਈ। ਜਦੋਂ ਬੋਰਡ ਨੂੰ ਕੋਈ ਸਵਾਲ ਕਰਦਾ ਹੈ ਤਾਂ ਉਹ ਅੱਗੋ ਕਹਿੰਦੇ ਹਨ ਕਿ ਪ੍ਰੀਖਿਆਂ ਦਾ ਕਲੰਡਰ ਬਣਾਇਆ ਜਾਵੇਗਾ ਤਾਂ ਜੋ ਕਿਸੇ ਨੂੰ ਪ੍ਰੇਸ਼ਾਨੀ ਨਾ ਆਵੇ। ਅਜਿਹਾ ਗੋਲ ਮੋਲ ਜਵਾਬ ਦੇ ਕੇ ਅਧਿਕਾਰੀ ਆਪਣਾ ਲੜ ਛੁਡਵਾ ਲੈਂਦੇ ਹਨ।

ਝਾਰਖੰਡ ਰਾਜ ਬਣੇ ਨੂੰ 17 ਸਾਲ ਬੀਤ ਚੁੱਕੇ ਹਨ। ਇੰਨੇ ਸਾਲਾਂ ਦੌਰਾਨ ਇੱਕ ਵੀ ਪੇਪਰ ਅਜਿਹਾ ਨਹੀਂ ਹੋਇਆ ਜਿਹੜਾ ਠੀਕ-ਠਾਕ ਹੋ ਗਿਆ ਹੋਵੇ। ਜਨਵਰੀ 2015 ਦੌਰਾਨ ਜੇਪੀਐਸਸੀ ਵੱਲੋਂ 326 ਸੀਟਾਂ ਲਈ ਇਸ਼ਤਿਹਾਰ ਜਾਰੀ ਕੀਤਾ ਗਿਆ। 500 ਰੁਪਏ ਪ੍ਰਤੀ ਫਾਰਮ ਭਰਵਾਉਣ ਦੇ 8 ਮਹੀਨੇ ਬੀਤਣ ਉਪਰੰਤ ਕਿਹਾ ਗਿਆ ਕਿ ਸਿਲੇਬਸ ਬਦਲ ਗਿਆ ਹੈ। ਜਨਵਰੀ 2016 ਤੱਕ ਫਾਰਮ ਭਰਵਾਉਣ ਦਾ ਕੰਮ ਚਲਦਾ ਰਿਹਾ। 18 ਨਵੰਬਰ ਨੂੰ ਇਸ ਦੀ ਮੁਢਲੀ ਪ੍ਰੀਖਿਆ ਲਈ ਗਈ, ਫਰਵਰੀ 2017 ਨੂੰ ਨਤੀਜਾ ਐਲਾਨਿਆ ਗਿਆ। 5024 ਉਮੀਦਵਾਰ ਪਾਸ ਹੋਏ। ਇਨ੍ਹਾਂ 'ਚੋਂ 206 ਨੰਬਰ ਵਾਲਾ ਪਾਸ ਕਰ ਦਿੱਤਾ ਗਿਆ ਅਤੇ 260 ਲੈਣ ਵਾਲੇ ਨੂੰ ਫੇਲ੍ਹ ਕਰ ਦਿੱਤਾ ਗਿਆ। ਮਗਰੋਂ ਮੰਤਰੀ ਮੰਡਲ ਨੇ 206 ਨੰਬਰ ਤੋਂ ਉਪਰਲੇ ਸਾਰਿਆਂ ਨੂੰ ਪਾਸ ਕਰਨ ਦਾ ਮਤਾ ਪਾਸ ਕਰ ਦਿੱਤਾ। ਝਾਰਖੰਡ ਦੇ ਕਰਮਚਾਰੀ ਆਯੋਗ ਵੱਲੋਂ 551 ਸੀਟਾਂ ਲਈ 28 ਜਨਵਰੀ 2016 ਨੂੰ ਪ੍ਰੀਖਿਆ ਰੱਖੀ ਗਈ। ਕੁੱਝ ਹੋਰ ਪੋਸਟਾਂ ਸ਼ਾਮਲ ਕਰਕੇ ਇਕ ਹੋਰ ਇਸ਼ਤਿਹਾਰ ਦੇ ਕੇ 15 ਮਾਰਚ ਦੀ ਪ੍ਰੀਖਿਆ ਕਰ ਦਿੱਤੀ। ਚਾਰ ਹੋਰ ਅਹੁਦੇ ਜੋੜ ਕੇ ਪ੍ਰੀਖਿਆਂ ਜੂਨ 2016 ਤੱਕ ਟਾਲ ਦਿੱਤੀ। 551 ਸੀਟਾਂ ਤੋਂ ਵਧਾ ਕੇ ਗਿਣਤੀ 1080 ਕਰ ਦਿੱਤੀ। ਜਿਸ ਲਈ 235000 ਫਾਰਮ ਭਰੇ ਗਏ। 13 ਨਵੰਬਰ ਨੂੰ ਦੱਸਿਆ ਕਿ ਸਿਲੇਬਸ ਇੱਕ ਹੋਣ ਕਾਰਨ ਉੱਚੇ ਅਹੁਦੇ ਅਤੇ ਹੇਠਲੇ ਅਹੁਦੇ ਦੇ ਮਿਆਰ ਦਾ ਪਤਾ ਹੀ ਨਹੀਂ ਲੱਗ ਸਕਿਆ। 4 ਫਰਵਰੀ 2017 ਨੂੰ ਪੂਰੀ ਪ੍ਰੀਖਿਆ ਹੀ ਰੱਦ ਕਰ ਦਿੱਤੀ।

ਬਿਹਾਰ ਦੇ ਨੌਜਵਾਨਾਂ ਨੇ ਆਪਣੀ ਸੁਣਵਾਈ ਨਾ ਹੋਣ ਕਾਰਨ ਪ੍ਰਧਾਨ ਮੰਤਰੀ ਦਫ਼ਤਰ ਨੂੰ ਸਮੂਹਿਕ ਤੌਰ 'ਤੇ ਇੱਕਠੇ 5000 ਪੱਤਰ ਲਿਖੇ। ਇਹ ਪੱਤਰ ਇਸ ਗੱਲ ਲਈ ਲਿਖੇ ਗਏ ਕਿ ਪੋਸਟਾਂ ਕੱਢੀਆਂ ਗਈਆਂ ਅਤੇ ਕਿਹਾ ਗਿਆ ਕਿ 15 ਗੁਣਾਂ ਨੌਜਵਾਨ ਅਪਲਾਈ ਕਰਨ ਤਾਂ ਹੀ ਪੋਸਟ 'ਤੇ ਵਿਚਾਰ ਕੀਤਾ ਜਾਵੇਗਾ। ਘੱਟ ਉਮੀਦਵਾਰਾਂ ਨੇ ਅਪਲਾਈ ਕੀਤਾ ਹੋਣ ਕਾਰਨ ਪੋਸਟਾਂ 'ਤੇ ਵਿਚਾਰ ਨਹੀਂ ਕੀਤੀ ਜਾ ਸਕਦੀ। ਇਸ ਦੇ ਜਵਾਬ 'ਚ ਪ੍ਰਧਾਨ ਮੰਤਰੀ ਦਫਤਰ ਤੋਂ 19 ਜਨਵਰੀ 2016 ਨੂੰ ਆਈ ਚਿੱਠੀ 'ਚ ਲਿਖਿਆ ਗਿਆ ਕਿ 62896 ਨੌਜਵਾਨਾਂ ਨੂੰ ਨੌਕਰੀ ਦਿੱਤੀ ਗਈ ਹੈ ਅਤੇ 36661 ਹੋਰ ਨੂੰ ਦੇਣ ਦੀ ਕਾਰਵਾਈ ਚੱਲ ਰਹੀ ਹੈ। ਜਦੋਂ ਕਿ ਮੌਜੂਦਾ ਪ੍ਰਧਾਨ ਮੰਤਰੀ ਦਾਵੋਸ 'ਚ ਇਹ ਕਹਿ ਰਿਹਾ ਹੈ ਕਿ ਭਾਰਤ ਦੇ ਲੋਕ ਨੌਕਰੀਆਂ ਲੈਣ ਵਾਲੇ ਨਹੀਂ ਸਗੋਂ ਨੌਕਰੀਆਂ ਦੇਣ ਵਾਲੇ ਹਨ।

ਪੱਛਮੀ ਬੰਗਾਲ ਦੀ ਸਰਕਾਰ ਨੇ ਕਰਮਚਾਰੀ ਆਯੋਗ ਨੂੰ ਹੀ ਭੰਗ ਕਰ ਦਿੱਤਾ ਹੈ ਅਤੇ ਯੂਪੀ 'ਚ ਆਯੋਗ ਦੇ ਚੇਅਰਮੈਨ ਨੇ ਅਸਤੀਫਾ ਦੇ ਦਿੱਤਾ ਮਗਰੋਂ ਕਿਸੇ ਨੂੰ ਨਿਯੁਕਤੀ ਹੀ ਨਹੀਂ ਕੀਤੀ ਗਈ। ਨੌਕਰੀਆਂ ਦੇਣ ਵਾਲੇ ਆਯੋਗ ਕੋਲ ਆਪਣਾ ਚੇਅਰਮੈਨ ਹੀ ਨਹੀਂ ਹੈ ਤਾਂ ਇਸ ਆਯੋਗ ਨੇ ਕਿਸ ਨੂੰ ਨੌਕਰੀਆਂ ਦੇਣੀਆਂ ਹਨ।

ਹਰਿਆਣਾ ਦੀ ਕਲਰਕ ਸੰਘਰਸ਼ ਸੰਮਤੀ ਕਈ ਜ਼ਿਲਿਆਂ 'ਚ ਆਪਣਾ ਸੰਘਰਸ਼ ਕਰ ਰਹੀ ਹੈ। ਇਸ ਦੀ ਕਹਾਣੀ ਵੀ ਨਿਰਾਲੀ ਹੈ। 24 ਨਵੰਬਰ 20 15 ਨੂੰ 4425 ਸੀਟਾਂ ਲਈ ਅਰਜ਼ੀਆਂ ਦੀ ਮੰਗ ਕੀਤੀ ਗਈ। ਦੋ ਮਹੀਨੇ ਬਾਅਦ 5408 ਸੀਟਾਂ ਕਰ ਦਿੱਤੀਆਂ। 18 ਮਈ 2016 ਨੂੰ 6134 ਸੀਟਾਂ ਕਰ ਦਿੱਤੀਆਂ। ਇਸ ਲਈ 7 ਲੱਖ ਅਰਜ਼ੀਆਂ ਪੁੱਜੀਆਂ। 28 ਅਕਤੂਬਰ 2017 ਤੱਕ ਇੰਟਰਵਿਊ ਹੋਈ, ਮਗਰੋਂ ਮਾਮਲਾ ਅਦਾਲਤ 'ਚ ਚਲਾ ਗਿਆ। ਹਰਿਆਣਾ 'ਚ ਹੀ 5500 ਸੀਟਾਂ ਲਈ ਇੱਕ ਕਰੋੜ ਅਰਜ਼ੀਆਂ ਪੁੱਜੀਆਂ। ਦੇਰੀ ਹੋਣ 'ਤੇ ਅਧਿਕਾਰੀਆਂ ਨੇ ਇਹ ਕਹਿ ਕੇ ਪੱਲਾ ਝਾੜ ਲਿਆ ਕਿ ਇੱਕ ਕਰੋੜ ਅਰਜ਼ੀਆਂ ਨੂੰ ਸੰਭਾਲਣਾ ਕਿੰਨਾ ਔਖਾ ਕੰਮ ਹੈ। ਹਰਿਆਣਾ 'ਚ 70 ਕੱਚੇ ਚਪੜਾਸੀ ਰੱਖਣ ਲਈ 10 ਹਜ਼ਾਰ ਤੋਂ ਉੱਤੇ ਨੌਜਵਾਨ ਇਕੱਠੇ ਹੋ ਗਏ। ਮਗਰੋਂ ਇਹ ਕਹਿ ਕੇ ਇਨ੍ਹਾਂ ਨੌਜਵਾਨਾਂ ਨੂੰ ਵਾਪਸ ਭੇਜ ਦਿੱਤਾ ਕਿ ਉਹ ਇੰਨੇ ਨੌਜਵਾਨਾਂ ਨੂੰ ਇਕੱਠੇ ਵਿਚਾਰਿਆ ਹੀ ਨਹੀਂ ਜਾ ਸਕਦਾ। ਰਾਜਸਥਾਨ 'ਚ 18 ਚੌਕੀਦਾਰਾਂ ਲਈ 12453 ਅਰਜ਼ੀਆਂ ਪੁੱਜੀਆਂ, ਜਿਨ੍ਹਾਂ 'ਚੋਂ 129 ਇੰਜਨੀਅਰ, 23 ਵਕੀਲ, 1 ਸੀਏ, 393 ਪੋਸਟ ਗਰੈਜੂਏਟ ਸਨ। ਨੌਕਰੀ ਪ੍ਰਾਪਤ ਕਰਨ ਵਾਲਿਆਂ 'ਚ ਭਾਜਪਾ ਦੇ ਮੌਜੂਦਾ ਵਿਧਾਇਕ ਦਾ ਬੇਟਾ ਵੀ ਦੱਸਿਆ ਜਾ ਰਿਹਾ ਹੈ। ਮੱਧ ਪ੍ਰਦੇਸ਼ 'ਚ 9235 ਪਟਵਾਰੀਆਂ ਦੀ ਨੌਕਰੀ ਲਈ ਸ਼ਰਤ ਦਸਵੀਂ ਤੋਂ ਵਧਾ ਕੇ ਬੀਏ ਕਰ ਦਿੱਤੀ ਤਾਂ ਜੋ ਅਰਜ਼ੀਆਂ ਘੱਟ ਆਉਣ। ਇਸ ਨੌਕਰੀ ਲਈ 12 ਲੱਖ ਤੋਂ ਵੱਧ ਅਰਜ਼ੀਆਂ ਪ੍ਰਾਪਤ ਹੋਈਆਂ ਜਿਸ 'ਚ ਪੀਐਚਡੀ ਸਮੇਤ ਸਵਾ 3 ਲੱਖ ਨੌਜਵਾਨ ਪੋਸਟ ਗਰੈਜੂਏਟ ਸ਼ਾਮਲ ਸਨ। ਬਿਹਾਰ ਪਬਲਿਕ ਕਮਿਸ਼ਨ ਵੱਲੋਂ 749 ਪੋਸਟਾਂ ਲਈ 249272 ਅਰਜ਼ੀਆਂ ਪੁੱਜੀਆਂ, ਜਿਨ੍ਹਾਂ 'ਚੋਂ 28308 ਪਾਸ ਹੋ ਗਏ। ਇਨ੍ਹਾਂ ਲਈ ਅਗਲੀ ਕਾਰਵਾਈ ਹਾਲੇ ਤੱਕ ਬੰਦ ਪਈ ਹੈ। ਜਨਵਰੀ 20 16 ਦੌਰਾਨ ਸਟਾਫ ਸਰਵਿਸ ਸਿਲੈਕਸ਼ਨ ਕਮਿਸ਼ਨ ਨੇ ਪੇਪਰ ਲਿਆ ਅਤੇ 60 ਹਜ਼ਾਰ ਨੌਜਵਾਨ ਪਾਸ ਹੋਏ। ਮਗਰੋਂ ਕਿਹਾ ਗਿਆ ਕਿ ਇਹ ਪੇਪਰ ਦੁਬਾਰਾ ਦੇਣਾ ਪਵੇਗਾ। ਇਨ੍ਹਾਂ ਨੌਜਵਾਨਾਂ ਨੇ ਪੇਟੀਐਮ ਰਾਹੀਂ 28 ਹਜ਼ਾਰ ਰੁਪਏ ਇਕੱਠੇ ਕੀਤੇ ਤਾਂ ਜੋ ਅਵਾਜ਼ ਸਰਕਾਰ ਦੇ ਕੰਨਾਂ ਤੱਕ ਪੁੱਜਦੀ ਕੀਤੀ ਜਾ ਸਕੇ। ਨੌਜਵਾਨਾਂ ਨੇ ਮੰਤਰੀ ਨੂੰ ਟਵੀਟ ਕੀਤਾ ਅਤੇ ਅੱਗੋਂ ਮੰਤਰੀ ਨੇ ਅਜਿਹੇ ਟਵੀਟ ਦਾ ਜਵਾਬ ਦੇਣ ਦੀ ਥਾਂ ਟਵੀਟ ਕਰਨ ਵਾਲਿਆਂ ਨੂੰ ਬਲਾਕ ਕਰ ਦਿੱਤਾ।

ਸਰਕਾਰ ਦੇ ਸਬੰਧਤ ਵਿਭਾਗ ਨੇ ਕਿਹਾ ਕਿ ਹਰ ਭਰਤੀ 6 ਮਹੀਨਿਆਂ ਦੇ ਅੰਦਰ-ਅੰਦਰ ਮੁਕੰਮਲ ਕੀਤੀ ਜਾਣੀ ਚਾਹੀਦੀ ਹੈ। ਵਿਭਾਗ ਆਪੋ ਆਪਣੇ ਤਰਕ ਦਿੰਦੇ ਹਨ ਕਿ ਇਸ਼ਤਿਹਾਰ ਦੇਣ, ਫਾਰਮ ਭਰਨ, ਮੁਢਲਾ ਪੇਪਰ ਲੈਣ ਤੇ ਇਸ 'ਚੋਂ ਪਾਸ ਹੋਣ ਵਾਲਿਆਂ ਲਈ ਮੇਨ ਪੇਪਰ ਲੈਣ, ਇੰਟਰਵਿਊ ਕਰਨ, ਸਬੰਧਤ ਵਿਭਾਗਾਂ ਨੂੰ ਲਿਸਟਾਂ ਭੇਜਣ, ਨਿਯੁਕਤੀ ਪੱਤਰ ਦੇਣ ਆਦਿ ਕੰਮਾਂ ਲਈ ਪ੍ਰਤੀ ਕੰਮ ਦੋ-ਦੋ ਮਹੀਨੇ ਲੱਗ ਹੀ ਜਾਂਦੇ ਹਨ। ਆਲਮ ਇਹ ਹੈ ਕਿ ਭਰਤੀ ਕਰਨ ਵਾਲੇ ਵਿਭਾਗ ਕੋਲ ਲੱਖਾਂ ਅਰਜ਼ੀਆਂ ਪੁੱਜਣ 'ਤੇ ਇਨ੍ਹਾਂ ਨੂੰ ਛਾਂਟਣ ਵਾਲਾ ਵੀ ਕੋਈ ਨਹੀਂ ਹੁੰਦਾ। ਪਹਿਲਾਂ ਇਨ੍ਹਾਂ ਨੂੰ ਆਪਣੇ ਵਿਭਾਗ 'ਚ ਹੀ ਭਰਤੀ ਕਰਨ ਦੀ ਲੋੜ ਹੈ। ਬਹੁਤੇ ਕੇਸਾਂ 'ਚ ਅਦਾਲਤ ਦੇ ਫੈਸਲਿਆਂ ਦੀ ਉਡੀਕ ਕੀਤੀ ਜਾਂਦੀ ਹੈ। ਅਜਿਹੀ ਸਥਿਤੀ 'ਚ ਨੌਜਵਾਨ ਨਾ ਤਾਂ ਅੱਗੇ ਦੇ ਰਹਿੰਦੇ ਹਨ ਅਤੇ ਨਾ ਹੀ ਪਿੱਛੇ ਦੇ।

ਦਰਜਾ ਚਾਰ ਨੌਕਰੀਆਂ ਲਈ ਜਿਆਦਾ ਪੜ੍ਹੇ ਲਿਖੇ ਨੌਜਵਾਨ ਆ ਰਹੇ ਹਨ, ਜਿਸ ਤੋਂ ਸਾਰੀ ਤਸਵੀਰ ਸਾਫ ਹੋ ਜਾਣੀ ਚਾਹੀਦੀ ਹੈ। ਮਾਰਚ 20 18 ਦੌਰਾਨ ਹੁਸ਼ਿਆਰਪੁਰ 'ਚ 9 ਚਪੜਾਸੀਆਂ ਦੀ ਪੋਸਟ ਲਈ 2400 ਨੌਜਵਾਨਾਂ ਨੇ ਅਰਜ਼ੀ ਦਿੱਤੀ। ਜਿਸ 'ਚ ਬੀਏ, ਬੀਐਸਸੀ, ਐਮਏ, ਐਮਟੈਕ, ਐਮਐਸਸੀ ਅਤੇ ਪੀਜੀਡੀਸੀਏ ਆਦਿ ਵੀ ਸ਼ਾਮਲ ਸਨ। ਸਾਡੇ ਦੇਸ਼ ਦੇ ਮੰਤਰੀ ਇਹ ਕਹਿ ਕੇ ਆਪਣਾ ਲੜ ਛੁਡਵਾਉਂਦੇ ਹਨ ਕਿ ਪੜ੍ਹਾਈ ਦਾ ਅਰਥ ਨੌਕਰੀ ਨਹੀਂ ਹੁੰਦਾ ਸਗੋਂ ਜਾਣਕਾਰੀ 'ਚ ਵਾਧਾ ਕਰਨਾ ਜ਼ਰੂਰੀ ਹੈ। ਐਨਡੀਟੀਵੀ ਚੈਨਲ ਨੇ ਇਹ ਵੀ ਦਾਅਵਾ ਕੀਤਾ ਕਿ ਅਜਿਹੀਆਂ ਨੌਕਰੀਆਂ ਲਈ ਦੇਸ਼ ਦਾ ਇੱਕ ਵੀ ਅਜਿਹਾ ਰਾਜ ਨਹੀਂ ਹੈ, ਜਿਥੇ ਸੁਖ ਸਾਂਦ ਨਾਲ ਭਰਤੀ ਹੋ ਗਈ ਹੋਵੇ।

ਪੀੜ੍ਹਤ ਨੌਜਵਾਨ ਦਿੱਲੀ ਦੀਆਂ ਸੜਕਾਂ 'ਤੇ ਲਗਾਤਾਰ ਧਰਨੇ ਲਗਾ ਰਹੇ ਹਨ ਅਤੇ ਹੋਰ ਸੰਭਵ ਢੰਗਾਂ ਨਾਲ ਆਵਾਜ਼ ਬੁਲੰਦ ਕਰ ਰਹੇ ਹਨ। ਇਹ ਖ਼ਬਰਾਂ ਆਮ ਹੀ ਮੀਡੀਆ ਦਾ ਹਿੱਸਾ ਨਹੀਂ ਬਣਦੀਆਂ ਕਿਉਂਕਿ ਦੇਸ਼ ਦੇ ਹਾਕਮਾਂ ਨੂੰ ਮੰਦਰ ਦਾ ਫਿਕਰ ਹੈ ਅਤੇ ਚੈਨਲਾਂ ਨੂੰ ਹਿੰਦੂ ਅਤੇ ਮੁਸਲਮਾਨਾਂ ਦੇ ਆਪਸੀ ਖਿਚਾਅ ਦੇ ਜਾਣਬੁੱਝ ਕੇ ਸਿਰਜੇ ਜਾਂਦੇ ਕਿੱਸਿਆ ਦਾ ਫਿਕਰ ਹੈ। ਦੇਸ਼ ਦੀ ਇਸ ਵਿਸਫੋਟਕ ਸਥਿਤੀ ਨੂੰ ਭਾਂਪਣ ਦੀ ਵੱਡੀ ਲੋੜ ਹੈ ਅਤੇ ਨੌਜਵਾਨਾਂ ਦੀ ਅਗਾਂਹ ਵਧੂ ਲਹਿਰ ਹੀ ਇਸ ਵਿਸ਼ਾਲ ਸ਼ਕਤੀ ਨੂੰ ਹਾਕਮਾਂ ਦੇ ਖ਼ਿਲਾਫ਼ ਸੰਘਰਸ਼ਾਂ ਦੇ ਰਾਹ ਪਾ ਸਕਦੀ ਹੈ।

*ਸਾਲ 2013 ਵਿਚ ਜਦੋਂ ਦੁਨੀਆ ਭਰ ਵਿਚ ਗ਼ਦਰ ਸ਼ਤਾਬਦੀ ਮਨਾਈ ਜਾ ਰਹੀ ਸੀ ਤਾਂ ਐਡਮਿੰਟਨ ਵਿਚ ਕੰਮ ਕਰਦੀ ਪ੍ਰੋਗਰੈਸਿਵ ਪੀਪਲਜ਼ ਫ਼ਾਊਂਡੇਸ਼ਨ ਵਲੋਂ ਜਿਥੇ ਇਕੋ ਸਾਲ ਵਿਚ ਐਡਮਿੰਟਨ ਵਿਚ ਗ਼ਦਰ ਸ਼ਤਾਬਦੀ ਨਾਲ ਸਬੰਧਤ ਛੇ ਵੱਡੇ ਸਮਾਗਮ ਰਚਾਏ ਗਏ ਉਥੇ ਇਸੇ ਸਾਲ ਗ਼ਦਰ ਲਹਿਰ ਨੂੰ ਸਮਰਪਤ ਇਕ ਕਿਤਾਬ The Ghadar Movement And India's Anti-Imperialist Struggle ਵੀ ਛਾਪੀ ਗਈ। ਡਾ. ਪ੍ਰਿਥਵੀ ਰਾਜ ਕਾਲੀਆ ਦੀ ਸੰਪਾਦਨਾ ਵਿਚ ਛਪੀ ਇਸ ਕਿਤਾਬ ਵਿਚ 18 ਵਿਦਵਾਨਾਂ ਦੇ ਗ਼ਦਰ ਲਹਿਰ ਬਾਰੇ ਖੋਜ ਭਰਪੂਰ ਲੇਖ ਸ਼ਾਮਲ ਕੀਤੇ ਗਏ ਹਨ। ਬਾਅਦ ਵਿਚ ਕਿਤਾਬ ਦਾ ਪੰਜਾਬੀ ਐਡੀਸ਼ਨ ਵੀ ਛਾਪਿਆ ਗਿਆ। ਇਸ ਪੰਜਾਬੀ ਐਡੀਸ਼ਨ ਬਾਰੇ ਸੰਪਾਦਕ ਡਾ. ਪ੍ਰਿਥਵੀ ਰਾਜ ਕਾਲੀਆ ਲਿਖਦੇ ਹਨ, "ਅੱਜ ਜਦੋਂ ਹਿੰਦੂਤਵੀ ਫਾਸ਼ੀਵਾਦੀ ਤਾਕਤਾਂ ਆਪਣੇ ਸੌੜੇ ਫਿਰਕੂ ਏਜੰਡੇ ਨੂੰ ਸਾਡੇ ਡੂੰਘੀਆਂ ਧਰਮ-ਨਿਰਪੱਖ ਕਦਰਾਂ-ਕੀਮਤਾਂ ਵਾਲੇ ਦਸ਼ ਉਪਰ ਥੋਪਣ ਲਈ ਰਾਸ਼ਟਰਵਾਦ ਨੂੰ ਨਿਹਾਇਤ ਸਕੀਰਣ ਢੰਗ ਨਾਲ ਪ੍ਰਭਾਸ਼ਿਤ ਕਰ ਰਹੀਆਂ ਹਨ; ਜਦੋਂ ਸੱਚੀਆਂ ਧਰਮ ਨਿਰਪੱਖ ਤੇ ਅਗਾਂਹਵਧੂ ਤਾਕਤਾਂ ਬਾਰੇ ਸਾਜ਼ਿਸ਼ੀ ਭੁਲੇਖੇ ਖੜ੍ਹੇ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਕੁਚਲਿਆ ਜਾ ਰਿਹਾ ਹੈ; ਜਦੋਂ ਸੱਤਾਧਾਰੀ ਸੰਘ ਪਰਿਵਾਰ ਵਲੋਂ, ਜਿਸ ਦਾ ਦੇਸ਼ ਭਗਤੀ ਨਾਲ ਕਦੇ ਕੋਈ ਸਬੰਧ ਨਹੀਂ ਰਿਹਾ, ਇਕ ਵਿਆਪਕ ਸਾਜ਼ਸ਼ੀ ਮੁਹਿੰਮ ਤਹਿਤ ਆਪਣੇ ਤੋਂ ਵੱਖਰੇ 'ਚਾਰ ਰੱਖਣ ਵਾਲਿਆਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਆਪਣੇ ਫਿਰਕੂ ਮਨੋਰਥ ਨੂੰ ਵਾਜਬੀਅਤ ਪ੍ਰਦਾਨ ਕਰਨ ਦੀਆਂ ਘ੍ਰਿਣਤ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਅਤੇ ਜਦੋਂ ਸੌੜੀ ਸੋਚ ਵਾਲੇ ਕੁਝ ਹੋਰ ਅਨਸਰਾਂ ਵਲੋਂ ਵੀ ਗ਼ਦਰ ਲਹਿਰ ਨੂੰ ਆਪਣੇ ਸੌੜੇ ਮਨੋਰਥ ਅਨੁਸਾਰ ਸਿੱਖ ਦੇਸ਼ ਭਗਤਾਂ ਦੀ ਲਹਿਰ ਬਣਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਅਜਿਹੇ ਮੌਕੇ ਗ਼ਦਰ ਲਹਿਰ ਦੇ ਰੂਪ 'ਚ ਮੌਜੂਦ ਸੱਚੀ ਦੇਸ਼ ਭਗਤੀ ਦੀ ਮਹਾਨ ਵਿਰਾਸਤ ਨੂੰ ਬੁਲੰਦ ਕਰਨਾ ਅਤੇ ਉਸ ਦੀ ਰਾਖੀ ਕਰਨਾ ਸਾਡਾ ਇਕ ਬਹੁਤ ਹੀ ਅਹਿਮ ਫ਼ਰਜ਼ ਹੈ...*

*.... ਸਾਨੂੰ ਉਮੀਦ ਹੈ ਕਿ ਗ਼ਦਰ ਲਹਿਰ ਬਾਰੇ ਸਾਡੀ ਇਹ ਪ੍ਰਕਾਸ਼ਨਾਂ ਉਨ੍ਹਾਂ ਸਾਰੀਆਂ ਹੀ ਸਮਾਜ ਵਿਰੋਧੀ ਤਾਕਤਾਂ ਵਿਰੁੱਧ ਅਗਾਂਹਵਧੂ ਜਮਹੂਰੀ ਤੇ ਇਨਸਾਫ਼ ਪਸੰਦ ਲੋਕਾਂ ਦੀ ਇਸ ਲੜਾਈ ਵਿਚ ਤਿਲ-ਫੁਲ ਸਹਾਇਤਾ ਜ਼ਰੂਰ ਕਰੇਗੀ ਜੋ ਸਾਡੇ ਦੇਸ਼ ਦੀ ਸਮਾਜਕ ਏਕਤਾ ਨੂੰ ਤਹਿਸ-ਨਹਿਸ ਕਰਨ ਤੇ ਅਗਾਂਹਵਧੂ ਵਿਚਾਰਾਂ ਨੂੰ ਕੁਚਲ ਕੇ ਆਪਣੀ ਪਿਛਾਖੜੀ ਵਿਚਾਰਧਾਰਾ ਨੂੰ ਥੋਪਣ 'ਤੇ ਤੁਲੀਆਂ ਹੋਈਆਂ ਹਨ।"*

*ਅਦਾਰਾ 'ਨਵੀਂ ਦੁਨੀਆ' 'ਗ਼ਦਰ ਲਹਿਰ- ਅਤੇ ਹਿੰਦੁਸਤਾਨ ਦੀ ਸਾਮਰਾਜਵਾਦ ਵਿਰੋਧੀ ਜੱਦੋ-ਜਹਿਦ' ਪੁਸਤਕ ਵਿਚਲੇ ਇਨ੍ਹਾਂ ਮਹੱਤਵਪੂਰਨ ਅਤੇ ਖੋਜ ਭਰਪੂਰ ਲੇਖਾਂ ਨੂੰ ਲੜੀਵਾਰ ਆਪਣਾ ਪਾਠਕਾਂ ਦੀ ਨਜ਼ਰ ਕਰਨ ਦੀ ਖ਼ੁਸ਼ੀ ਲੈ ਰਿਹਾ ਹੈ।*

# ਇਕ ਹੋਰ ਗ਼ਦਰ



**ਮਲਵਿੰਦਰਜੀਤ ਸਿੰਘ ਵੜੈਚ**

(ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ)

ਸ) ਕੀ ਇਹ ਵਾਕਈ "ਸਾਜ਼ਿਸ਼" ਸੀ ?

ਸਾਜ਼ਿਸ਼ ਹਮੇਸ਼ਾ ਲੁਕਵੀਂ, ਖ਼ੁਫ਼ੀਆ ਅਤੇ ਲੁਕ-ਛਿਪ ਕੇ ਕੀਤੀ ਜਾਂਦੀ ਹੈ, ਨਹੀਂ ਤਾਂ ਇਹ ਸਾਜ਼ਿਸ਼ ਨਹੀਂ ਰਹਿੰਦੀ। ਲਹਿਰ ਦੇ ਸ਼ੁਰੂ ਹੋਣ ਤੇ ਵਿਕਸਤ ਹੋਣ ਸਬੰਧੀ ਹਾਸਲ ਬਿਓਰਿਆਂ ਮੁਤਾਬਕ, ਜਿਵੇਂ ਕਿ ਲਾਹੌਰ ਸਾਜ਼ਿਸ਼ (ਪਹਿਲਾ) ਸਬੰਧੀ ਹੋਏ ਫ਼ੈਸਲੇ ਤੋਂ ਸਪਸ਼ਟ ਜ਼ਾਹਰ ਹੈ, ਇਸ ਮਾਮਲੇ ਵਿਚ ਇਹ ਪਹਿਲੂ ਬਿਲਕੁਲ ਮੌਜੂਦ ਨਹੀਂ ਸੀ। ਪਹਿਲੇ ਦਿਨ ਤੋਂ ਹੀ ਸਾਰਾ ਕੁਝ ਸ਼ਰੇਆਮ ਸੀ, ਸਗੋਂ ਜ਼ਿਆਦਾ ਹੀ ਖੁੱਲ੍ਹਾ ਸੀ। ਇਕੋ ਇਕ ਅਪਵਾਦ, ਜਿਹੜਾ ਇਸ ਅਖਾਣ ਦੀ ਹਾਮੀ ਭਰਦਾ ਹੈ, ਉਹ ਸੀ ਗ਼ਦਰ ਦੀ ਤਰੀਕ ਦਾ ਮਿਥਿਆ ਜਾਣਾ - 21 ਫਰਵਰੀ, ਬਾਅਦ ਵਿਚ 19 ਫਰਵਰੀ 1915।

ਲੱਗਦਾ ਹੈ ਕਿ ਜਿਸ ਚੀਜ਼ ਨੂੰ ਸਾਜ਼ਿਸ਼ ਦਾ ਨਾਂ ਦਿੱਤਾ ਗਿਆ, ਉਸ ਦਾ ਰਿਸ਼ਤਾ "ਜਰਮਨ ਸਬੰਧ" ਨਾਲ ਜੁੜਦਾ ਹੈ, ਜਿਸ ਦੀ ਇਸ ਸਿਰਲੇਖ ਅਧੀਨ ਵਿਆਖਿਆ ਕੀਤੀ ਗਈ : "ਇਨਕਲਾਬੀਆਂ ਦਾ ਜਰਮਨੀ ਨਾਲ ਸਬੰਧ।"

ਕੋਈ ਠੋਸ ਸਬੂਤ ਮੁਹੱਈਆ ਕੀਤੇ ਬਗ਼ੈਰ (ਜਿਸ ਦੀ ਕਿ ਸਮਝ ਪੈਂਦੀ ਹੀ ਹੈ) ਟ੍ਰਿਬਿਊਨਲ ਨੇ ਅਜਿਹੇ ਸੰਕੇਤ ਲੱਭੇ ਜਿਹੜੇ ਇਸ ਵਿਚਾਰ ਵੱਲ ਇਸ਼ਾਰਾ ਕਰਦੇ ਹਨ ਕਿ ਕੁਝ ਐਸੀ ਸਹਿਮਤੀ ਸੀ ਕਿ ਜਰਮਨਾਂ ਵਲੋਂ ਵਿਅਕਤੀਗਤ ਤੌਰ 'ਤੇ ਕੁਝ ਮਦਦ ਦਿੱਤੀ ਗਈ ਸੀ ਅਤੇ ਇਨਕਲਾਬੀ ਸ਼ਹਿਨਸ਼ਾਹ ਦੇ ਵੈਰੀ ਜਰਮਨਾਂ ਨਾਲ ਆਪਣੀ ਨੇੜਤਾ ਮਹਿਸੂਸ ਕਰਦੇ ਸਨ।

ਹੁਣ, ਬੇਸ਼ੱਕ, ਇਹ ਸਾਰਾ ਕੁਝ ਇਤਿਹਾਸ ਦਾ ਹਿੱਸਾ ਬਣ ਚੁੱਕਾ ਹੈ ਅਤੇ ਸਾਨੂੰ ਕੁਝ ਅਜਿਹੇ ਬਿਓਰੇ ਮਿਲਦੇ ਹਨ ਜਿਹੜੇ ਇਸ ਸ਼ੱਕ ਦੀ ਤਸਦੀਕ ਕਰਦੇ ਹਨ। ਕਾਮਾਗਾਟਾ ਮਾਰੂ ਕਾਂਡ ਬਾਰੇ ਲਿਖਦੇ ਹੋਏ ਬਾਬਾ ਸੋਹਣ ਸਿੰਘ ਭਕਨਾ ਕਹਿੰਦੇ ਹਨ, "ਜੰਗ ਛਿੜ ਚੁੱਕੀ ਸੀ ਤੇ ਡਰ ਸੀ ਕਿ ਜਰਮਨ ਡੁਬਕਣੀ ਐਡਮਿਨ, ਜੋ ਉਸ ਵੇਲੇ ਸਮੁੰਦਰ ਦਾ ਚੱਕਰ ਲਾ ਰਹੀ ਸੀ, ਕਿਤੇ ਕਾਮਾਗਾਟਾ ਮਾਰੂ ਨੂੰ ਡੋਬ ਨਾ ਦੇਵੇ।" ਬਾਬਾ ਜੀ ਭੇਸ ਬਦਲ ਕੇ, ਚੋਰ ਦਰਵਾਜ਼ਿਉਂ ਜਰਮਨ ਕੌਂਸਲਰ ਨੂੰ ਜਾ ਮਿਲੇ ਅਤੇ ਕੋਡ (ਗੁਪਤ ਬੋਲ) ਮੁਕੱਰਰ ਕੀਤੇ ਤਾਂ ਜੁ ਐਡਮਿਨ, ਕਾਮਗਾਟਾ ਮਾਰੂ ਸਹੀ ਸਲਾਮਤ ਗੁਜ਼ਰ ਜਾਣ ਦੇਵੇ।

ਦੂਜੀ ਘਟਨਾ ਬਾਬਾ ਹਰੀ ਸਿੰਘ 'ਉਸਮਾਨ' ਨਾਲ ਸਬੰਧਤ ਹੈ। ਉਹ ਉਨ੍ਹਾਂ ਵਿਚੋਂ ਇਕ ਸੀ ਜਿਨ੍ਹਾਂ ਨੂੰ ਅਮਰੀਕਾ ਵਿਚ ਪਿੱਛੇ ਇਸ ਲਈ ਛੱਡ ਦਿੱਤਾ ਗਿਆ ਸੀ ਕਿ ਉਹ ਯੁਗਾਂਤਰ ਆਸ਼ਰਮ ਨੂੰ ਚਲਾਉਣ। ਗ਼ਦਰੀਆਂ ਨੇ ਕਿਸੇ ਜਰਮਨ ਫਰਮ ਨਾਲ ਇਕ ਸਮਝੌਤਾ ਕਰ ਲਿਆ ਸੀ ਕਿ ਉਹ ਨਗਦ ਅਦਾਇਗੀ ਦੇ ਆਧਾਰ 'ਤੇ ਹਥਿਆਰ ਅਤੇ ਗੋਲੀ-ਸਿੱਕੇ ਦਾ ਭਰਿਆ ਹੋਇਆ ਜਹਾਜ਼ ਮੁਹੱਈਆ ਕਰੇ। ਉਸ ਨੂੰ ਇਸ ਸੌਦੇ ਦਾ ਮੁਖੀ ਬਣਾ ਦਿੱਤਾ ਗਿਆ ਅਤੇ ਉਹ 15.4.1915 ਨੂੰ ਅਮਰੀਕਾ ਤੋਂ ਰਵਾਨਾ ਹੋਇਆ ਪਰ ਕੁਝ ਅਣ-ਕਿਆਸੀਆਂ ਘਟਨਾਵਾਂ ਕਾਰਨ ਸਤੰਬਰ 1915 ਵਿਚ ਇੰਡੋਨੇਸ਼ੀਆ ਪਹੁੰਚ ਗਿਆ ਤੇ ਇਹ ਕਾਰਜ ਨੇਪਰੇ ਨਾ ਚੜ੍ਹ ਸਕਿਆ (ਉੱਥੇ ਉਹ ਉਸਮਾਨ ਖ਼ਾਨ ਦੇ ਨਾਂ ਅਧੀਨ ਰਹਿਣ ਲੱਗਾ ਜਿਸ ਕਾਰਨ ਉਸ ਨੂੰ ਹਰੀ ਸਿੰਘ ਉਸਮਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਉਸ ਨੇ ਦੂਜੀ ਆਲਮੀ ਜੰਗ ਦੌਰਾਨ ਇੰਡੀਆ ਇੰਡੀਪੈਂਡੈਂਸ ਲੀਗ ਬਣਾਉਣ ਅਤੇ ਇੰਡੀਅਨ ਨੈਸ਼ਨਲ ਆਰਮੀ ਵਿਚ ਅਹਿਮ ਭੂਮਿਕਾ ਨਿਭਾਈ। 1948 ਵਿਚ ਉਹ ਹਿੰਦੁਸਤਾਨ ਪਰਤਿਆ ਅਤੇ 15.8.1969 ਨੂੰ ਗੁੰਮਨਾਮੀ ਵਿਚ ਪ੍ਰਾਣ ਤਿਆਗ ਦਿੱਤੇ।)

ਹ) "ਜੰਗ ਛੇੜਨਾ"

ਪਹਿਲੇ ਮੁਕੱਦਮੇ ਵਿਚ ਵਾਇਸਰਾਏ ਵਲੋਂ ਮੌਤ ਦੀਆਂ ਸਜ਼ਾਵਾਂ ਉੱਤੇ ਮੁਕੱਦਮੇ ਤੋਂ ਬਾਅਦ ਕੀਤੀ ਗਈ ਨਜ਼ਰਸਾਨੀ ਦੇ ਸਨਮੁੱਖ ਦੂਜੇ ਮੁਕੱਦਮੇ ਵਿਚ ਟ੍ਰਿਬਿਊਨਲ ਕੁਝ "ਸਿਆਣੀ" ਹੋ ਕੇ ਪੇਸ਼ ਆਈ। ਜਦੋਂਕਿ ਪਹਿਲੇ ਮੁਕੱਦਮੇ ਵਿਚ ਉਸ ਨੇ "ਜੰਗ ਛੇੜਨ" ਸਬੰਧੀ ਤਾਜ਼ੀਰਾਤ-ਏ-ਹਿੰਦ ਦੀ ਧਾਰਾ-121 ਲਾਗੂ ਕਰਨ ਵੇਲੇ ਤਿੰਨ ਸਫ਼ੇ ਵੀ ਨਹੀਂ ਸੀ ਭਰੇ, 18 ਪਰ ਦੂਜੇ ਮੁਕੱਦਮੇ ਵਿਚ ਉਨ੍ਹਾਂ ਨੇ ਇਸ ਮੁੱਦੇ ਉੱਤੇ "ਇਸ ਮਾਮਲੇ ਸਬੰਧੀ ਸੰਪਾਦਕੀ ਟਿੱਪਣੀ" ਲਿਖ ਦਿੱਤੀ, ਦੇਖੋ ਸਫ਼ਾ 392-411: ਗ਼ਦਰ ਦਸਤਾਵੇਜ਼, ਜਿਲਦ 1, ਯੂਨੀਸਟਾਰ।

ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਦਾ ਅਸਲ ਕਾਰਨ ਉਹ "ਡਾਂਟ" ਸੀ ਜਿਹੜੀ ਖ਼ੁਫ਼ੀਆ ਮਿਸਲਾਂ ਅੰਦਰ ਦੱਬੀ ਪਈ ਸੀ, ਪਰ ਉਸ ਦਾ ਸਿੱਟਾ ਇਹ ਨਿਕਲਿਆ ਸੀ ਕਿ ਜਿਨ੍ਹਾਂ 24 ਜਣਿਆਂ ਨੂੰ ਪਹਿਲਾਂ ਸਜ਼ਾ-ਏ-ਮੌਤ ਸੁਣਾਈ ਗਈ ਸੀ ਉਨ੍ਹਾਂ ਵਿਚੋਂ ਸਿਰਫ਼ 7 ਜਣਿਆਂ ਨੂੰ ਹੀ ਫਾਂਸੀ ਦਿੱਤੀ ਗਈ, ਇਹ ਤੱਥ ਜੱਗ ਜ਼ਾਹਰ ਸੀ। 17 ਸਫ਼ਿਆਂ ਦੀ ਵਿਆਖਿਆ ਵਿਚ ਇਹ ਬਿਆਨ ਕੀਤਾ ਗਿਆ "ਮੌਜੂਦਾ ਮੁਕੱਦਮੇ ਵਿਚ (ਬਚਾਅ ਪੱਖ) ਦੇ ਵਕੀਲ ਨੇ ਜਿਰਾਹ ਕੀਤੀ ਹੈ ਕਿ ਜੋ ਤੱਥ ਬਿਆਨ ਕੀਤੇ ਗਏ ਹਨ ਜੇ ਉਹ ਸੱਚ ਵੀ ਹੋਣ, ਤਾਂ ਵੀ ਉਹ ਜੰਗ ਛੇੜਨਾ, ਜੰਗ ਦਾ ਯਤਨ ਕਰਨਾ, ਜਾਂ ਜੰਗ ਲਈ ਉਕਸਾਉਣਾ, ਨਹੀਂ ਬਣਦੇ ਸਗੋਂ ਇਕ ਨਿੱਕੇ ਜੁਰਮ ਦੇ ਖ਼ਲਾਇਕ ਹਨ, ਜਿਵੇਂ ਕਿ ਸਾਜ਼ਿਸ਼ ਜਾਂ ਜੰਗ ਦੀ ਤਿਆਰੀ ਜਿਹਾ ਮਾਮਲਾ" ਜਿਸ ਬਾਰੇ ਇਸ ਲੇਖਕ ਨੇ ਵਿਸਤਾਰ ਸਹਿਤ ਵਿਆਖਿਆ ਕੀਤੀ ਹੈ।

ਉਹ ਜਿਹੜੇ ਮੁਜਰਮਾਨਾ ਮੁਕੱਦਮੇ ਬਾਰੇ ਜਾਣਦੇ ਹਨ, ਬਚਾਅ ਪੱਖ ਵਲੋਂ ਇਸ ਮੁਕੱਦਮੇ ਵਿਚ ਦਿੱਤੀ ਉੱਪਰਲੀ ਦਲੀਲ ਬਾਰੇ ਭਲੀਭਾਂਤ ਜਾਣਦੇ ਹਨ ਕਿ ਇਹ ਅਜਿਹੀ ਆਮ ਦਲੀਲ ਹੈ ਜਿਹੜੀ ਮੁਜਰਮਾਨਾ ਮੁਕੱਦਮਿਆਂ ਵਿਚ ਸ਼ਾਇਦ ਹੀ ਕਦੇ ਨਜ਼ਰਅੰਦਾਜ਼ ਕੀਤੀ ਜਾਂਦੀ ਹੈ - ਮੁਲਜ਼ਮਾਂ ਦੇ ਮੁਕੱਦਮੇ ਦੀ ਪੈਰਵਾਈ ਕਰਨ ਵਾਲੇ 7 ਵਕੀਲਾਂ ਵਿਚੋਂ ਕਿਸੇ ਨੇ ਵੀ ਇਸ ਦਲੀਲ ਨੂੰ ਕਿਸੇ ਵੀ ਇਕ ਮੁਲਜ਼ਮ ਦੇ ਮਾਮਲੇ ਵਿਚ ਇਸਤੇਮਾਲ ਕੀਤਾ ਹੋਵੇ। ਇਸ ਤੋਂ ਅਸਾਨੀ ਨਾਲ ਹੀ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸੁਭਾਅ ਪੱਖੋਂ ਹੀ "ਜੰਗ ਛੇੜਨਾ" ਆਪਣੇ ਆਪ ਵਿਚ ਇਕ ਐਸੀ ਚੀਜ਼ ਹੈ ਜਿਸ ਦੇ ਸਿਆਸੀ ਪਸਾਰ ਹਨ ਕਿਉਂਕਿ ਇਹ ਸਿਆਸੀ ਢਾਂਚੇ ਦੀ ਵਾਜਬੀਅਤ ਨੂੰ ਚੁਣੌਤੀ ਦਿੰਦੇ ਹੋਏ ਇਸ ਦੀਆਂ ਜੜ੍ਹਾਂ ਉੱਤੇ ਸੱਟ ਮਾਰਦੇ ਹਨ।

ਇਸੇ ਕਾਰਨ ਜਿਸ "ਕਾਨੂੰਨ ਦਾ ਰਾਜ" ਉੱਤੇ ਐਂਗਲੋ-ਸੈਕਸ਼ਨ ਦੁਨੀਆ ਬਹੁਤ ਮਾਣ ਕਰਦੀ ਹੈ, ਇਨਕਲਾਬੀਆਂ ਨੂੰ ਨਜਿੱਠਦੇ ਵਕਤ ਇਸ ਨੂੰ ਤਿਲਾਂਜਲੀ ਦੇ ਦਿੱਤੀ ਜਾਂਦੀ ਹੈ। ਇਸੇ ਮੁਤਾਬਕ ਹੀ ਸਰਦਾਰ ਭਗਤ ਸਿੰਘ ਨੇ ਪੰਜਾਬ ਦੇ ਗਵਰਨਰ ਨੂੰ ਇਹ ਜੋ ਤਾਅਨਾ ਦਿੱਤਾ ਸੀ "ਕਿਉਂਕਿ ਉਹ ਜੰਗ ਛੇੜਨ ਦੇ ਦੋਸ਼ੀ ਹਨ, ਇਸ ਲਈ ਉਨ੍ਹਾਂ ਨੂੰ ਫਾਂਸੀ ਦੇਣ ਦੀ ਬਜਾਏ ਫ਼ੌਜ ਦੇ ਫਾਇਰਿੰਗ ਸਕੁਐਡ ਦੇ ਸਪੁਰਦ ਕਰ ਦੇਣਾ ਚਾਹੀਦਾ ਹੈ," ਇਸ ਦਾ ਇਕ ਮਤਲਬ ਹੈ।(ਗਵਰਨਰ ਦੇ ਨਾਂ ਖ਼ਤ 20.3.1931, ਭਾਵ ਸ਼ਹਾਦਤ ਤੋਂ ਤਿੰਨ ਜਾਂ ਚਾਰ ਦਿਨ ਪਹਿਲਾਂ)।

ਅੰਤ ਨੂੰ ਇਸ ਦਾ ਸਿਹਰਾ ਟ੍ਰਿਬਿਊਨਲ ਨੂੰ ਹੀ ਜਾਂਦਾ ਹੈ ਕਿ ਉਹ ਗ਼ਦਰੀਆਂ ਨੂੰ ਇਨਕਲਾਬੀ ਹੋਣ ਦਾ ਨਾਂ ਦਿੰਦੇ ਹਨ ਨਾ ਕਿ ਦਹਿਸ਼ਤਪਸੰਦ ਜਾਂ ਅਰਾਜਕਤਾਵਾਦੀ ਹੋਣ ਦਾ, ਜਿਹੜੇ ਲਫ਼ਜ਼ ਕਿ ਉਸ ਵਕਤ ਦੁਨੀਆ ਭਰ ਵਿਚ ਉਸ ਜ਼ਮਾਨੇ ਦੀਆਂ ਹਕੂਮਤਾਂ ਖ਼ਿਲਾਫ਼ ਰਾਜ-ਧ੍ਰੋਹ ਜਾਂ ਬਗ਼ਾਵਤ ਕਰਨ ਵਾਲਿਆਂ ਨਾਲ ਨਜਿੱਠਣ ਵੇਲੇ ਇਸਤੇਮਾਲ ਕੀਤੇ ਜਾਂਦੇ ਸਨ। ਐਪਰ, ਇਹ ਵੱਖਰੀ ਗੱਲ ਹੈ ਕਿ ਤੱਤ ਰੂਪ ਵਿਚ ਇਹ ਇਨਕਲਾਬੀ ਲਹਿਰ ਸੀ ਕਿਉਂਕਿ ਇਸ ਦਾ ਮਕਸਦ ਉਸ ਪ੍ਰਬੰਧ ਨੂੰ ਹੀ ਬਦਲ ਦੇਣ ਦਾ ਸੀ ਨਾ ਕਿ ਮੁਲਕ ਉੱਪਰ ਰਾਜ ਕਰ ਰਹੇ ਇਸ ਜਾਂ ਉਸ ਵਿਅਕਤੀ ਨੂੰ ਬਦਲਣ ਦਾ। ਅਹਿਮ ਗੱਲ ਇਹ ਹੈ ਕਿ ਅਸੈਂਬਲੀ ਬੰਬ ਮਾਮਲੇ ਵਿਚ ਭਗਤ ਸਿੰਘ ਅਤੇ ਦੱਤ ਨੂੰ ਦਿੱਤੀ ਗਈ ਸਜ਼ਾ ਵਿਰੁੱਧ ਦਾਇਰ ਕੀਤੀ ਗਈ ਲਾਹੌਰ ਅਦਾਲਤ ਵਿਚਲੀ ਅਪੀਲ ਸਬੰਧੀ ਜੱਜ ਇਹ ਕਹਿੰਦਾ ਹੈ: "ਭਗਤ ਸਿੰਘ ਖ਼ਰਾ ਇਨਕਲਾਬੀ ਹੈ। ਮੈਨੂੰ ਕੋਈ ਸ਼ੱਕ ਨਹੀਂ, ਯਾਨੀ, ਉਹ ਇਸ ਭੁਲੇਖੇ ਵਿਚ ਯਕੀਨ ਰੱਖਣ ਵਿਚ ਖ਼ਰਾ ਹੈ ਕਿ ਹੁਣ ਦੇ ਸਮਾਜੀ ਢਾਂਚੇ ਨੂੰ ਤਬਾਹ ਕਰਕੇ ਹੀ ਦੁਨੀਆ ਨੂੰ ਚੰਗਾ ਬਣਾਇਆ ਜਾ ਸਕਦਾ ਹੈ ਅਤੇ ਕਾਨੂੰਨ ਦੇ ਰਾਜ ਵਾਸਤੇ ਵਿਅਕਤੀ ਦੀ ਬੇਲਗਾਮ ਇੱਛਾ ਨੂੰ ਕਾਬੂ ਵਿਚ ਰੱਖਿਆ ਜਾਣਾ ਚਾਹੀਦਾ ਹੈ।"



**ਗ਼ਦਰ ਪਾਰਟੀ (ਪੈਸੀਫਿਕ ਕੋਸਟ ਹਿੰਦੀ ਐਸੋਸੀਏਸ਼ਨ ਵਜੋਂ) ਦਾ ਆਗਾਜ਼ 4 ਜੂਨ 1913 ਨੂੰ ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ ਵਿਖੇ ਲਾਲਾ ਹਰਦਿਆਲ ਦੀ ਜਨਤਕ ਤਕਰੀਰ ਨਾਲ ਕੀਤਾ ਗਿਆ ਸੀ।**

ਜੇਲ੍ਹਾਂ ਦੀ ਦਾਸਤਾਨ

ਮੁਕੱਦਮਿਆਂ ਦਾ ਅੰਤ ਉਨ੍ਹਾਂ ਵਾਸਤੇ ਸੀ ਜਿਹੜੇ ਸ਼ਹਾਦਤ ਦਾ ਜਾਮ ਪੀ ਗਏ, ਬਾਕੀਆਂ ਵਾਸਤੇ ਨਹੀਂ। ਉਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਉਮਰ ਭਰ ਲਈ ਜਲਾਵਤਨ ਕਰ ਦਿੱਤਾ ਗਿਆ। ਇਨ੍ਹਾਂ ਚੰਗੇ ਲਫ਼ਜ਼ਾਂ ਵਿਚ ਉਹ ਕੌੜੀ ਹਕੀਕਤ ਛੁਪੀ ਹੋਈ ਸੀ ਜਿਸ ਦਾ ਮਤਲਬ ਸੀ ਜ਼ਿੰਦਗੀ ਦੇ ਸਭ ਤੋਂ ਚੰਗੇ ਹਿੱਸੇ ਨੂੰ ਅੰਡੇਮਾਨ ਦੀ ਸੈਲੂਲਰ ਜੇਲ੍ਹ ਦੀ ਅਣਮਨੁੱਖੀ ਜ਼ਿੰਦਗੀ ਦੇ ਹਵਾਲੇ ਕਰ ਦੇਣਾ। ਪਿਛਲਿਆਂ ਨੂੰ ਅਕਸਰ ਉਨ੍ਹਾਂ ਪਹਿਲਿਆਂ ਨਾਲ ਰਸ਼ਕ ਹੁੰਦਾ ਜਿਨ੍ਹਾਂ ਨੇ ਦੇਸ਼ ਭਗਤੀ ਦਾ 'ਇਮਤਿਹਾਨ' ਪਾਸ ਕਰ ਲਿਆ ਸੀ, ਜਦੋਂਕਿ ਖ਼ੁਦ ਉਹ ਅਜੇ 'ਅਜ਼ਮਾਇਸ਼' ਦੇ ਦੌਰ ਵਿਚੋਂ ਹੀ ਲੰਘ ਰਹੇ ਸਨ। ਬਾਬਾ ਸੋਹਣ ਸਿੰਘ ਭਕਨਾ ਨੇ ਇਹ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ "ਇੱਕ ਗੱਲ ਯਾਦ ਰੱਖਣ ਵਾਲੀ ਹੈ-ਉਹ ਇਹ ਕਿ ਸੱਚੇ ਇਨਕਲਾਬੀ ਦੇ ਸਾਹਮਣੇ ਚਾਹੇ ਉਹ ਬਾਹਰ ਹੋਵੇ ਜਾਂ ਜੇਲ੍ਹ ਦੇ ਅੰਦਰ, ਕੰਮ ਕਦੇ ਖ਼ਤਮ ਨਹੀਂ ਹੁੰਦਾ। ਕਿਉਂਕਿ ਉਹਦਾ ਮੁਕਾਬਲਾ ਗੁਲਾਮੀ ਤੇ ਅਨਿਆਂ ਨਾਲ ਹੁੰਦਾ ਹੈ।" ਇਹ ਚੰਗਾ ਹੀ ਹੋਵੇਗਾ ਜੇ ਅਸੀਂ ਇਸ ਜੇਲ੍ਹ ਦਾਸਤਾਨ ਨੂੰ ਸੰਖੇਪ ਵਿਚ ਪੇਸ਼ ਕਰ ਹੀ ਦੇਈਏ ਪਰ ਦੋ ਵੱਖ-ਵੱਖ ਪੜਾਵਾਂ ਵਿਚ, ਯਾਨੀ (ੳ) ਜਿਨ੍ਹਾਂ ਨੂੰ ਪਹਿਲੇ ਮੁਕੱਦਮੇ ਵਿਚ ਦੋਸ਼ੀ ਗਰਦਾਨਿਆ।

**(ਬਾਕੀ ਅਗਲੇ ਅੰਕ 'ਚ)**

# ਡਾ. ਜਗਤਾਰ



ਡਾ. ਜਗਤਾਰ (23 ਮਾਰਚ 1934–30 ਮਾਰਚ 2010) ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ ਰਾਜਗੋਮਾਲ ਵਿਚ ਮੱਧ-ਸ਼੍ਰੇਣੀ ਦੇ ਗ਼ਰੀਬ ਕਿਸਾਨੀ ਘਰਾਣੇ ਵਿਚ ਹੋਇਆ। ਉਹ ਫ਼ਾਰਸੀ, ਉਰਦੂ ਅਤੇ ਪੰਜਾਬੀ ਭਾਸ਼ਾਵਾਂ 'ਚ ਐਮ.ਏ. ਸਨ। ਉਹ ਪੰਜਾਬੀ ਦੇ ਉਘੇ ਕਵੀ ਸਨ ਅਤੇ ਉਨ੍ਹਾਂ ਨੇ ਖੋਜ ਤੇ ਅਨੁਵਾਦ ਦਾ ਕੰਮ ਵੀ ਕੀਤਾ। ਉਨ੍ਹਾਂ ਦੀ ਕਿਤਾਬ 'ਜੁਗਨੂੰ ਦੀਵਾ ਤੇ ਦਰਿਆ' ਨੂੰ 1996 ਵਿਚ ਸਾਹਿਤ ਅਕਾਦਮੀ ਦਾ ਪੁਰਸਕਾਰ ਮਿਲਿਆ। ਉਨ੍ਹਾਂ ਦੀਆਂ ਕਾਵਿ-ਰਚਨਾਵਾਂ ਹਨ: ਰੁੱਤਾਂ ਰਾਂਗਲੀਆਂ (1957), ਤਲਖ਼ੀਆਂ-ਰੰਗੀਨੀਆਂ (1960), ਦੁੱਧ ਪਥਰੀ (1961), ਅਧੂਰਾ ਆਦਮੀ (1967), ਲਹੂ ਦੇ ਨਕਸ਼ (1973), ਛਾਂਗਿਆ ਰੁੱਖ (1976), ਸ਼ੀਸ਼ੇ ਦਾ ਜੰਗਲ (1980), ਜਜ਼ੀਰਿਆਂ ਵਿਚ ਘਿਰਿਆ ਸਮੁੰਦਰ (1985), ਚਨੁਕਰੀ ਸ਼ਾਮ (1990), ਜੁਗਨੂੰ ਦੀਵਾ ਤੇ ਦਰਿਆ (1992), ਅੱਖਾਂ ਵਾਲੀਆਂ ਪੈੜਾਂ (1999), ਪ੍ਰਵੇਸ਼ ਦੁਆਰ (2003) ਅਤੇ ਮੋਮ ਦੇ ਲੋਕ (2006)।

## ਡਾ. ਜਗਤਾਰ ਦੀਆਂ ਪੰਜ ਗ਼ਜ਼ਲਾਂ

1.

ਝੜਦੇ ਨਾ ਪੱਤ ਵੇਖ ਤੂੰ ਖਿੜਦੇ ਗੁਲਾਬ ਦੇਖ।
ਦੇ ਗਈ ਹਿਯਾਤ ਮੌਤ ਨੂੰ ਕੈਸਾ ਜਵਾਬ ਦੇਖ।

ਅੰਦਰੋਂ ਫ਼ਟੀ ਨਾ ਹੋਵੇ ਜਾਂ ਪਹਿਲੋਂ ਈ ਕਿਸੇ ਪੜ੍ਹੀ,
ਜੈਕਟ ਤੇ ਐਵੇਂ ਰੀਝ ਨਾ ਅੰਦਰੋਂ ਕਿਤਾਬ ਦੇਖ।

ਹੈ ਦਰਦ ਬੇਹਿਸਾਬ ਤੇ ਹਾਲੇ ਬੜੀ ਹੈ ਰਾਤ,
ਕਿੰਨੀ ਕੁ ਰਹਿ ਗਈ ਹੈ ਤੂੰ ਅਪਣੀ ਸ਼ਰਾਬ ਦੇਖ।

ਸੂਰਜ ਦਾ ਰੰਗ ਖੁਰ ਗਿਆ ਸੰਧਿਆ ਦੀ ਝੀਲ ਵਿਚ,
ਦਰਦਾਂ ਦੇ ਮਹਿਕ ਉਠੇ ਨੇ ਏਧਰ ਗੁਲਾਬ ਦੇਖ।

ਤੋਤਾ, ਕਦੇ ਹੈ ਬਾਘ ਤੇ ਖ਼ਰਗੋਸ਼ ਹੈ ਕਦੇ,
ਇਕ ਆਦਮੀ ਦੇ ਕੋਲ ਨੇ ਕਿੰਨੇ ਨਕਾਬ ਦੇਖ।

ਕਿੰਨੇ 'ਯਜ਼ੀਦ' ਨੇ ਖੜ੍ਹੇ ਕੰਢਿਆਂ ਦੇ ਇਰਦ ਗਿਰਦ,
ਬਣਕੇ 'ਫ਼ਰਾਤ' ਰਹਿ ਗਏ, ਸਤਲੁਜ ਚਨਾਬ ਦੇਖ।

'ਨਾਜ਼ਮ' ਤੇ 'ਪਾਬਲੋ' ਦੇ ਅੱਜ ਗੀਤਾਂ ਤੇ ਬੰਦਸ਼ਾਂ,
'ਜਗਤਾਰ' ਕੈਸਾ ਆ ਗਿਆ ਹੈ ਇਨਕਲਾਬ ਦੇਖ।

(1973-ਸ਼ੀਸ਼ੇ ਦਾ ਜੰਗਲ)

2.

ਹਰ ਮੋੜ 'ਤੇ ਸਲੀਬਾਂ, ਹਰ ਪੈਰ 'ਤੇ ਹਨੇਰਾ।
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਪੱਥਰ 'ਤੇ ਨਕਸ਼ ਹਾਂ ਮੈਂ, ਮਿੱਟੀ 'ਤੇ ਤਾਂ ਨਹੀਂ ਹਾਂ,
ਜਿੰਨਾ ਕਿਸੇ ਮਿਟਾਇਆ, ਹੁੰਦਾ ਗਿਆ ਡੂੰਘੇਰਾ।

ਕਿੰਨੀ ਕੁ ਦੇਰ ਆਖ਼ਿਰ, ਧਰਤੀ ਹਨੇਰ ਜਰਦੀ,
ਕਿੰਨੀ ਕੁ ਦੇਰ ਰਹਿੰਦਾ, ਖ਼ਾਮੋਸ਼ ਖ਼ੂਨ ਮੇਰਾ।

ਇਤਿਹਾਸ ਦੇ ਸਫ਼ੇ 'ਤੇ, ਤੇ ਵਕਤ ਦੇ ਪਰਾਂ 'ਤੇ,
ਉਂਗਲਾਂ ਡੁਬੋ ਲਹੂ ਵਿਚ, ਲਿਖਿਆ ਹੈ ਨਾਮ ਤੇਰਾ।

ਹਰ ਕਾਲ ਕੋਠੜੀ ਵਿਚ ਤੇਰਾ ਹੈ ਜ਼ਿਕਰ ਏਦਾਂ,
ਗਾਰਾਂ 'ਚ ਚਾਂਦਨੀ ਦਾ, ਹੋਵੇ ਜਿਵੇਂ ਬਸੇਰਾ।

ਆ ਆ ਕੇ ਯਾਦ ਤੇਰੀ, ਜੰਗਲ ਗ਼ਮਾਂ ਦਾ ਚੀਰੇ,
ਜੁਗਨੂੰ ਹੈ ਚੀਰ ਜਾਂਦਾ, ਜਿਉਂ ਰਾਤ ਦਾ ਹਨੇਰਾ।

ਪੈਰਾਂ 'ਚ ਬੇੜੀਆਂ ਨੇ, ਨਚਦੇ ਨੇ ਲੋਕ ਫਿਰ ਵੀ,
ਕਿਉਂ ਵੇਖ ਵੇਖ ਉੱਡਦੈ, ਚਿਹਰੇ ਦਾ ਰੰਗ ਤੇਰਾ।

ਮੇਰੇ ਵੀ ਪੈਰ ਚੁੰਮ ਕੇ, ਇਕ ਦਿਨ ਕਹੇਗੀ ਬੇੜੀ,
ਸਦ ਸ਼ੁਕਰ ਹੈ ਕਿ ਆਇਐ, ਮਹਿਬੂਬ ਅੰਤ ਮੇਰਾ। (1976)

3.

ਮੈਂ ਸ਼ੀਸ਼ਾ ਹਾਂ ਜਦੋਂ ਵੀ ਮੁਸਕਰਾਵੇਂ ਮੁਸਕਰਾਵਾਂਗਾ।
ਜ਼ਰਾ ਮੱਥੇ 'ਤੇ ਵਟ ਵੇਖੇ, ਉਥਾਂਈਂ ਤਿੜਕ ਜਾਵਾਂਗਾ।

ਮੈਂ ਸੁਣਿਆ ਹੈ ਕਿ ਤੇਰੇ ਸ਼ਹਿਰ ਅੱਜ ਕਲ੍ਹ ਕਰਫ਼ਿਓ ਲੱਗੈ,
ਨਤੀਜਾ ਕੁਝ ਵੀ ਨਿਕਲੇ, ਪਰ ਮੈਂ ਆਵਾਂਗਾ ਮੈਂ ਆਵਾਂਗਾ।

ਜੇ ਬਣ ਕੇ ਬਿਰਖ ਤੂੰ ਉੱਗੀ ਤਾਂ ਤੈਥੋਂ ਜਰ ਨਹੀਂ ਹੋਣਾ,
ਜਾਂ ਬਿਜੜਾ ਬਣ ਕੇ ਤੇਰੀ ਹਰ ਲਗਰ ਤੇ ਘਰ ਬਣਾਵਾਂਗਾ।

ਕਦੇ ਜੁਗਨੂੰ, ਕਦੇ ਤਾਰਾ, ਕਦੇ ਮੈਂ ਅੱਥਰੂ ਬਣ ਕੇ,
ਤਿਰੇ ਵਿਹੜੇ, ਕਦੇ ਝਿੰਮਣੀ ਤਿਰੀ ਤੇ ਝਿਲਮਲਾਵਾਂਗਾ।

ਮਿਰੀ ਨਗਰੀ ਹੈ ਜ਼ਹਿਰੀਲੀ ਤੇ ਘਰ ਦੀ ਧਰਤ ਪਥਰੀਲੀ,
ਲਿਜਾ ਕੇ ਰਾਤ ਦੀ ਰਾਣੀ ਮੈਂ ਕਿਸ ਵਿਹੜੇ 'ਚ ਲਾਵਾਂਗਾ।

ਉਡੀਕਾਂਗਾ ਮੈਂ ਸਾਰੀ ਰਾਤ ਪਰ ਜੇ ਆ ਸਕੀ ਨਾ ਤੂੰ,
ਕੀ ਆਖੇਗੀ ਫ਼ਜਰ ਜਦ ਹਾਰ ਕੇ ਦੀਵੇ ਬੁਝਾਵਾਂਗਾ।

ਜੁਦਾ ਹੋਇਆ ਤਾਂ ਹੋਵਾਂਗਾ ਜੁਦਾ ਖ਼ੁਸ਼ਬੂ ਤਰ੍ਹਾਂ ਤੈਥੋਂ,
ਨਿਭੀ ਤਾਂ ਰੰਗ ਵਾਂਗੂੰ ਆਖ਼ਰੀ ਦਮ ਤਕ ਨਿਭਾਵਾਂਗਾ।

ਮੁਹੱਬਤ ਨਾਲ ਜਦ 'ਜਗਤਾਰ' ਨੂੰ ਸਦਿਆ ਬੁਲਾਇਆ ਤੂੰ,
ਹਵਾ ਰੁਮਕਣ ਤੇ ਅੱਖ ਝਮਕਣ ਤੋਂ ਪਹਿਲਾਂ ਪਹੁੰਚ ਜਾਵਾਂਗਾ।

(ਦਸੰਬਰ 1978)

4.

ਬਾਗ਼ ਅੰਦਰ ਸੜ ਰਹੀ ਹਰ ਡਾਲ ਹੈ।
ਫੇਰ ਵੀ ਰੰਗਾਂ ਦੀ ਸਾਨੂੰ ਭਾਲ ਹੈ।

ਵਣ ਹਰਾ ਹੈ ਪਰ ਕਿਵੇਂ ਗੁਜ਼ਰਾਂਗਾ ਮੈਂ,
ਅੱਗ ਮੇਰੇ ਜਿਸਮ ਦੀ ਵੀ ਨਾਲ ਹੈ।

ਮੇਰੇ ਪਿੱਛੇ ਆ ਰਹੀ ਜੋ ਪੈਰ-ਚਾਪ,
ਇਹ ਵੀ ਤਨਹਾਈ ਦੀ ਕੋਈ ਚਾਲ ਹੈ।

ਧਰਤ ਪੀਲੀ ਅਲਫ਼-ਨੰਗੀਆਂ ਟਾਹਣੀਆਂ,
ਪੌਣ ਨੂੰ ਹਾਲੇ ਵੀ ਕਿਸ ਦੀ ਭਾਲ ਹੈ।

ਉਲਝਿਆ ਆਦਮ ਭਲਾ ਸਮਝੇਗਾ ਕੀ,
ਧਰਤ ਸਾਰੀ ਦਰਅਸਲ ਇਕ ਜਾਲ ਹੈ।

ਮੁਸ਼ਕਿਲਾਂ ਦਾ ਸਿਲਸਿਲਾ ਟੁਟਣਾ ਨਹੀਂ,
ਪਾਰ ਵਣ ਤੋਂ, ਪਰਬਤਾਂ ਦੀ ਪਾਲ ਹੈ।

(1966)

5.

ਜਦੋਂ ਮੂੰਹ-ਜ਼ੋਰ ਤੇ ਅੰਨ੍ਹੀ ਹਵਾ ਸੀ।
ਮੈਂ ਦੀਵੇ ਵਾਂਗ ਚੌਰਾਹੇ ਖੜਾ ਸੀ।

ਮਿਰੇ ਚਿਹਰੇ ਤੇ ਕੀ ਲਿਖਿਆ ਗਿਆ ਸੀ,
ਜੁਦਾ ਹੋਏ ਤਾਂ ਹਰ ਇਕ ਪੜ੍ਹ ਰਿਹਾ ਸੀ।

ਉਹ ਭਾਵੇਂ ਮੂੰਹੋਂ-ਮੂੰਹ ਭਰਿਆ ਪਿਆ ਸੀ,
ਪਰ ਉਸਦੇ ਦਿਲ 'ਚ ਤਹਿ ਦਰ ਤਹਿ ਖ਼ਲਾ ਸੀ।

ਮੈਂ ਜਿਸਨੂੰ ਫੜ ਕੇ ਤੇਰੇ ਸ਼ਹਿਰ ਪੁੱਜਾ,
ਮਿਰੀ ਆਵਾਜ਼ ਦਾ ਹੀ ਇਕ ਸਿਰਾ ਸੀ।

ਸਦਾ ਗੁੰਬਦ 'ਚੋਂ ਜੀਕੂੰ ਪਰਤਦੀ ਹੈ,
ਤਿਰੇ ਸ਼ਹਿਰੋਂ ਮੈਂ ਏਦਾਂ ਪਰਤਿਆ ਸੀ।

ਤਿਰੇ ਨੈਣਾਂ 'ਚ ਹਾਲੇ ਰਤਜਗੇ ਨੇ,
ਤੂੰ ਮੈਨੂੰ ਖ਼ਾਬ ਵਿਚ ਕਦ ਵੇਖਿਆ ਸੀ?

ਦਰਖ਼ਤਾਂ ਦਾ ਹਰਾ ਪੁਰਸ਼ੋਰ-ਲਸ਼ਕਰ,
ਹਵਾ ਦੇ ਨਾਲ ਹੀ ਬਸ ਮਰ ਗਿਆ ਸੀ।

ਉਹ 'ਚੰਡੀਗੜ੍ਹ' 'ਚ ਪੱਥਰ ਬਣ ਗਿਆ ਹੈ,
ਜੋ 'ਰਾਜਗੁਮਾਲ' ਵਿਚ ਪਾਰੇ ਜਿਹਾ ਸੀ।

(1975)

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ
ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ਕੀ ਤੁਸੀਂ ਘਰ ਦੇ ਮੁਖੀ ਹੋ ?
- ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ।
ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ ।
ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- Life Insurance
- Mortgage Insurance
- Disability Insurance
- Critical Illness Insurance
- Longterm Care Insurance
- Travel Insurance
- Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

# ਅਲਬਰਟਾ ਕਲਚਰਲ ਸੋਸਾਇਟੀ ਆਫ਼ ਰਿਟਾਇਅਰਡ ਐਂਡ ਸੈਮੀ ਰਿਟਾਇਰਡ ਨੇ ਮਨਾਇਆ 35ਵਾਂ ਸਥਾਪਨਾ ਦਿਵਸ






**ਐਡਮਿੰਟਨ (ਨਦਬ):** ਮਿਲਵੂਡਜ਼ ਕਲਚਰਲ ਸੋਸਾਇਟੀ ਆਫ ਰਿਟਾਇਅਰਡ ਐਂਡ ਸੈਮੀ ਰਿਟਾਇਰਅਰਡ ਵਲੋਂ ਹਰ ਸਾਲ ਦੀ ਤਰ੍ਹਾਂ ਆਪਣਾ 35ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਸਮਾਗਮ ਵਿਚ ਸੋਸਾਇਟੀ ਦੇ ਮੈਂਬਰਾਂ ਅਤੇ ਸ਼ਹਿਰ ਵਾਸੀਆਂ ਅਤੇ ਮੀਡੀਆ ਕਰਮੀਆਂ ਨੇ ਆਪਣੀ ਭਰਪੂਰ ਹਾਜ਼ਰੀ ਲਵਾਈ। ਸੁਸਾਇਟੀ ਦੇ ਪ੍ਰਧਾਨ ਸ: ਜੋਰਾ ਸਿੰਘ ਝੱਜ ਨੇ ਸਮਾਮਗਮ ਵਿਚ ਸ਼ਾਮਲ ਹਾਜ਼ਰੀਨ ਅਤੇ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਉਨਾਂ ਸੋਸਾਇਟੀ ਦੀਆਂ ਗਤੀਵਿਧੀਆਂ ਤੇ ਵਿਸਥਾਰ ਸਾਹਿਤ ਚਾਨਣਾ ਪਾਇਆ। ਉਨਾਂ ਕਿਹਾ ਕਿ ਇਸ ਸਮੇਂ ਸੋਸਾਇਟੀ ਦੇ 400 ਤੋ ਉਪਰ ਮੈਂਬਰ ਹਨ। ਇਥੇ ਨਵੇਂ ਇੰਮੀਗਰੈਂਟ ਲੋਕਾਂ ਨੂੰ ਬਿਨਾਂ ਫੀਸ ਹਰ ਕਿਸਮ ਦੀ ਜਾਣਕਾਰੀ ਅਤੇ ਹਰ ਤਰ੍ਹਾਂ ਦੇ ਫਾਰਮ ਭਰਨ ਦੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਮੌਕੇ ਐਡਮਿੰਟਨ ਐਲਰਸਲੀ ਤੋਂ ਐਮ.ਐਲ.ਏ. ਰੌਡ ਲੋਇਲਾ, ਐਡਮਿੰਟਨ ਮਿਲਕਰੀਕ ਤੋ ਐਮ.ਐਲ.ਏ. ਡਿਨੀਸ ਵੂਲਾਰਡ, ਲੇਬਰ ਮੰਤਰੀ ਕਰਿਸਟੀਨਾ ਗਰੇਅ, ਕੌਂਸਲਰ ਮੋਅ ਬੰਗਾ ਅਤੇ ਸਾਬਕਾ ਐਮ.ਐਲ.ਏ. ਪੀਟਰ ਸੰਧੂ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸੋਸਾਇਟੀ ਨੂੰ ਇਸ ਦੇ 35ਵੇਂ ਸਥਾਪਨਾ ਦਿਵਸ ਦੀ ਵਧਾਈ ਦਿੱਤੀ। ਇਸ ਮੌਕੇ ਸੋਸਾਇਟੀ ਦੇ ਸੀਨੀਅਰ ਮੈਂਬਰ ਮਹਿੰਦਰ ਸਿੰਘ ਭੁੱਲਰ ਨੇ ਇਕ ਕਵਿਤਾ ਪੇਸ਼ ਕੀਤੀ ਅਤੇ ਸਮਾਗਮ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਉਘੇ ਗੀਤਕਾਰ ਲਾਡੀ ਸੂਸ ਅਤੇ ਉਪਿੰਦਰ ਮਠਾਰੂ ਨੇ ਆਪਣੇ ਗੀਤਾਂ ਨਾਲ ਹਾਜ਼ਰੀ ਲਗਵਾਈ ਅਤੇ ਸ੍ਰੋਤਿਆਂ ਤੋਂ ਭਰਪੂਰ ਵਾਹ-ਵਾਹ ਖੱਟੀ। ਸਮਾਗਮ ਦੇ ਮੁੱਖ ਮਹਿਮਾਨ ਸ: ਨਿਰਮਲ ਸਿੰਘ ਗਰੇਵਾਲ ਨੇ ਸੋਸਾਇਟੀ ਨੂੰ / 213.00 ਦੀ ਸਹਾਇਤਾ ਦਿੱਤੀ ਅਤੇ ਆਖਰ ਵਿਚ ਕਮੇਟੀ ਅਤੇ ਮਹਿਮਾਨਾਂ ਵਲੋਂ ਕੇਕ ਕੱਟ ਕੇ ਮੁੱਖ ਮਹਿਮਾਨ ਸ: ਗਰੇਵਾਲ ਨੂੰ ਯਾਦਗਾਰੀ ਚਿੰਨ ਭੇਂਟ ਕੀਤਾ ਗਿਆ।

WESTFORK
kitchen Cabinet
Specializing in Cabinets & Counter Tops
Kitchen & Vanities,
Custom Cabinets,
Staining & Spraying Doors
ਕੈਬਨਿਟ ਅਤੇ ਕਾਊਂਟਰ ਟੌਪ
ਬਣਾਉਣ ਦੇ ਮਾਹਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ
ਵੈਸਟਫੋਰਕ ਕਿਚਨ ਕੈਬਨਿਟ
Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and dellvery.
- One Location-Multiple Considerations.
- Complete Range of Counter tops including laminate.
- Custom Cabinetry
- Execptional Quality Customised Solutions
- Premium Construction at Competitive Price.
Gurmail Matharu : 780-990-9349
Ranjit Matharu : 780-907-9889
9248 34A Ave NW Edmonton, AB T6E 5P4
Tel : 780-490-4983
Fax : 780-490-4982
westforkkc@gmail.com



Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
Move to New & Bigger Location for Better Service
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
10365 59 Ave NW, Edmonton AB T6H1E7



SPRING SALE!
PRE HUNG DOOR BLOWOUT - HELD OVER Until Sept 30!
MASONITE
$220 FIELD or REEF GLASS
$60 6 PANEL
$270 METAL 6 PANEL METAL
$370 FIBREGLASS 6 PANEL FIBREGLASS
$1000 BLOWOUT! METAL ENTRY DOOR
We Sell Commercial Doors and Hardware
ALEXANDRIA Moulding
#3140 Moulding MDF Primed 3/8 x 3 1/4 ¢.40/LF
#356 Moulding MDF Primed 2 1/4 x 3/8 ¢.25/LF
#00438 Moulding MDF Primed 1/2 x 3 1/2 ¢.47/LF
#00435 Moulding MDF Primed 1/2 x 2 1/2 ¢.37/LF
Taymor. HAMPTON
Passage, Privacy Lever - C32
$11 Dummy | $15 Passage | $16 Privacy
WEISER. HALIFAX
Only Polish Chrome - C26
$16 Dummy | $28 Passage | $30 Privacy
SELECTRA 4 PIECE BATH SETS $76 C26 / C15
ANNO 3 PIECE BATH SETS $35 C26 / C15
+Cash and carry only. Sales prices not available on customer or in store credit accounts, other restrictions may apply. Prices valid while supply lasts. See in store for details.
FANCY DOORS AND MOULDINGS
HURRY while stocks lasts!
Largest Showroom in Alberta
780.432.7700 | fancydoors.com | 4421 Roper Road

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

## ਵੈਨਕੂਵਰ ਦੀ ਟੈਕਸੀ ਸਨਅਤ

# ਨਵਾਂ ਸਾਲ




ਹਰਪ੍ਰੀਤ ਸੇਖਾ
778-231-1189

ਇਸ ਤੋਂ ਵੇਹਲਾ ਹੋ ਕੇ ਮੈਂ ਨੇੜੇ ਹੀ ਵੈਸਟ ਬਰਾਡਵੇਅ 'ਤੇ ਸਥਿਤ ਹੋਟਲ 'ਹੌਲੀਡੇਅ ਇੰਨ ਵੱਲ ਚਲਿਆ ਜਾਂਦਾ ਹਾਂ। ਉੱਥੇ ਮੇਰੇ ਮੂਹਰੇ ਇਕ ਹੋਰ ਟੈਕਸੀ ਬੁੱਕ ਹੈ। ਮੈਂ ਆਪਣੇ ਨਾਲ ਲਿਆਂਦੀ 'ਐਲਕਸ ਮਨਰੋ ਦੀ ਕਹਾਣੀਆਂ ਦੀ ਕਿਤਾਬ 'ਚਪਨ ਸੀਕਰੇਟ ਖੋਲ੍ਹ ਲੈਂਦਾ ਹਾਂ। ਵਿਚ-ਵਿਚ ਨਿਗ੍ਹਾ ਕੰਪਿਊਟਰ ਸਕਰੀਨ 'ਤੇ ਵੀ ਚਲੀ ਜਾਂਦੀ ਹੈ। ਉੱਥੇ ਸੁਨੇਹੇ ਆਉਂਦੇ ਹਨ: ਟੈਕਸੀ ਸਾਵਧਾਨੀ ਨਾਲ ਚਲਾਓ। ਸਵਾਰੀ ਦੇ ਉੱਤਰਨ ਤੋਂ ਬਾਅਦ ਪਿਛਲੀ ਸੀਟ 'ਤੇ ਨਿਗ੍ਹਾ ਮਾਰੋ, ਤਾਂ ਕਿ ਉਹ ਟੈਕਸੀ 'ਚ ਨਾ ਕੁਝ ਭੁੱਲ ਜਾਏ। ਹੋਟਲਾਂ ਨੂੰ ਕਵਰ ਰੱਖੋ। ਇਹ ਸੁਨੇਹਾ ਪੜ੍ਹ ਕੇ ਮੈਂ ਸੋਚਦਾ ਹਾਂ ਕਿ ਹੋਟਲ ਤਾਂ ਪੂਰੀ ਤਰ੍ਹਾਂ ਕਵਰ ਹੀ ਹਨ , ਇਨ੍ਹਾਂ 'ਚੋਂ ਕੋਈ ਸਵਾਰੀ ਵੀ ਨਿਕਲੇ। ਫਿਰ ਇਕ ਹੋਰ ਸੁਨੇਹਾ ਆਉਂਦਾ ਹੈ ਕਿ ਬਰਾਡਵੇ ਸਕਾਈਟ੍ਰੇਨ ਸਟੇਸ਼ਨ 'ਤੇ ਇਕ ਆਦਮੀ ਤੇ ਔਰਤ ਖੜ੍ਹੇ ਹਨ, ਉਨ੍ਹਾਂ ਨੇ ਸਗ੍ਹੀ ਜਾਣਾ ਹੈ, ਉਨ੍ਹਾਂ ਕੋਲ ਕਰਾਇਆ ਨਹੀਂ ਹੈ। ਸਾਵਧਾਨੀ ਵਰਤੋ। "ਉਹ ਯਾਰ, ਸੁਨੇਹੇ ਜੇ ਭੇਜੀ ਜਾਨੈਂ ਕੋਈ ਟ੍ਰਿੱਪ ਵੀ ਭੇਜ," ਮੈਂ ਬੁੜਬੁੜਾਉਂਦਾ ਹਾਂ। ਉਸੇ ਵੇਲੇ ਮੇਰੇ ਇਕ ਬੇਲੀ, ਹਰਜੀਤ ਦਾ ਫੋਨ ਆ ਜਾਂਦਾ ਹੈ। ਉਹ ਪੁੱਛਦਾ ਹੈ, "ਕਿਤੇ ਟ੍ਰਿੱਪ 'ਤੇ ਤਾਂ ਨੀਂ?"

"ਕਿੱਥੇ ਯਾਰ, ਘੰਟਾ ਹੋ ਗਿਆ ਹੌਲੀਡੇਅ ਇਨ ਮੂਹਰੇ ਬੈਠੇ ਨੂੰ।"

"ਕਿਤਾਬ ਪੜ੍ਹਣ ਲੱਗ ਪਿਆ ਹੋਵੇਂਗਾ!"

"ਹੋਰ ਕੀ ਕਰਾਂ?"

"ਪੜ੍ਹਣ ਆਉਣੈਂ ਕਿ ਕੰਮ ਕਰਨ? ਕਿਸੇ ਨੂੰ ਫੋਨ-ਫਾਨ ਕਰ ਲਈਦੈ ਹੁੰਦੈ। ਪਤਾ ਲੱਗਦਾ ਰਹਿੰਦਾ ਬਈ ਕਿਹੜਾ ਹੋਟਲ ਚੱਲਦੈ। ਐਂ ਕਰੀਂ ਐਧਰ ਆ ਜੀਂ ਹੋਟਲ ਵੈਨਕੂਵਰ ਵੱਲ। ਇਹ ਚੱਲਦੈ ਅੱਜ ਪੂਰਾ। ਕੱਲ੍ਹ ਕੋਈ ਕੜ੍ਹੀ-ਕਾਨਫਰੰਸ ਹੋ ਕੇ ਹਟੀ ਐ ਇੱਥੇ।"

"ਲੈ ਬਣਗੀ ਗੱਲ। ਆ ਗਿਆ ਟ੍ਰਿੱਪ," ਮੈਂ ਕੰਪਿਊਟਰ ਦੀ ਬੀਪ ਸੁਣ ਕੇ ਕਿਹਾ।

ਇਹ ਟ੍ਰਿੱਪ ਵੈਨਕੂਵਰ ਜਨਰਲ ਹਸਪਤਾਲ ਦੇ ਐਮਰਜੈਂਸੀ ਵਿਚੋਂ ਹੈ। ਇਕ ਅਧੇੜ ਉਮਰ ਦਾ ਆਦਮੀ ਹੈ। ਉਸ ਦੀ ਇਕ ਅੱਖ ਸੁੱਜੀ ਹੋਈ ਹੈ। ਮੱਥੇ 'ਤੇ ਪੱਟੀ ਬੰਨ੍ਹੀ ਹੋਈ ਹੈ। ਉਸ ਨੇ ਈਸਟ ਵੈਨਕੂਵਰ 'ਚ ਹੇਸਟਿੰਗਜ਼ ਤੇ ਨਨਾਇਮੋ ਸਟਰੀਟ 'ਤੇ ਜਾਣਾ ਹੈ। ਇਹ ਸੱਟਾਂ ਉਸ ਦੇ ਪਿਛਲੀ ਰਾਤ ਇਕ ਲੜਾਈ ਦੌਰਾਨ ਲੱਗੀਆਂ ਹਨ। ਉਸ ਨੂੰ ਉਤਾਰ ਕੇ ਮੈਂ ਹਰਜੀਤ ਦੇ ਆਖੇ ਲੱਗਣਾ ਹੀ ਮੁਨਾਸਬ ਸਮਝਿਆ ਅਤੇ ਹੋਟਲ ਵੈਨਕੂਵਰ ਵੱਲ ਚੱਲ ਪਿਆ। ਹੁਣ ਰਾਤ ਦਾ ਹਨੇਰਾ ਨਹੀਂ ਸੀ ਰਿਹਾ। ਚਾਨਣ ਸੀ ਪਰ ਮੇਨ ਤੇ ਹੇਸਟਿੰਗ ਇਲਾਕੇ ਵਿਚੋਂ ਗੁਜ਼ਰਦਿਆਂ ਮੈਂ ਟੈਕਸੀ ਦੇ ਚਾਰੇ ਲੌਕ ਲਾ ਦਿੱਤੇ। ਇਹ ਡਰੱਗ ਅਤੇ ਵੇਸਵਾਗਿਰੀ ਵਾਲਾ ਇਲਾਕਾ ਹੈ। ਇੱਥੇ ਕਈ ਵਾਰ ਲਾਲ ਬੱਤੀ 'ਤੇ ਰੁਕੀ ਟੈਕਸੀ 'ਚ ਬਿਨਾਂ ਪੁੱਛਿਆਂ ਹੀ ਕੋਈ ਆ ਬੈਠਦਾ ਹੈ। ਕਿਸੇ ਸੰਭਾਵੀ ਮੁਸੀਬਤ ਤੋਂ ਬਚਣ ਲਈ ਪਹਿਲਾਂ ਹੀ ਬਚਾਅ ਕੀਤਾ ਚੰਗਾ ਹੈ।

ਹੋਟਲ ਵੈਨਕੂਵਰ ਮੂਹਰੇ ਪਹਿਲਾਂ ਹੀ ਦੋ ਟੈਕਸੀਆਂ ਖੜ੍ਹੀਆਂ ਸਨ। ਉਨ੍ਹਾਂ ਦੇ ਪਿੱਛੇ ਮੈਂ ਪਾਰਕ ਕਰ ਲਈ। ਕਿਤਾਬ ਫਿਰ ਖੋਲ੍ਹ ਲਈ। ਅੱਧੇ ਘੰਟੇ ਬਆਦ ਮੇਰੀ ਵਾਰੀ ਪਹਿਲੀ ਹੋ ਗਈ। ਮੈਂ ਕਿਤਾਬ ਬੰਦ ਕਰ ਦਿੱਤੀ। ਹੁਣ ਮੈਂ ਸਾਹਮਣੇ ਦੇਖਦਾ ਹਾਂ। ਕੀ ਪਤਾ ਕਿ ਕਦੋਂ ਡੋਰਮੈਨ ਜਾਂ ਕਿਸੇ ਸਵਾਰੀ ਨੇ ਇਸ਼ਾਰਾ ਕਰਕੇ ਸੱਦ ਲੈਣਾ ਹੈ। ਕੁਝ ਮਿੰਟ ਬਾਅਦ ਹੀ ਇੱਥੋਂ ਟ੍ਰਿੱਪ ਮਿਲ ਜਾਂਦਾ ਹੈ। ਪੰਤਾਲੀ-ਪੰਜਾਹ ਦੇ ਗੇੜ 'ਚ ਇਸ ਸਵਾਰੀ ਨੇ ਏਅਰਪੋਰਟ ਜਾਣਾ ਹੈ। 'ਸਵਾਰੀ ਕਿੱਥੋਂ ਹੈ ਅਤੇ ਕਿਸ ਕਿੱਤੇ 'ਚ ਹੈ ਬਾਰੇ ਘੋਖਣ ਦੀ ਮੇਰੀ ਆਦਤ ਹੈ। ਇਸ ਬਾਰੇ ਸਿੱਧਾ ਪੁੱਛਣਾ ਠੀਕ ਨਹੀਂ ਲੱਗਦਾ। ਟੇਢੀ ਤਰ੍ਹਾਂ ਪੁੱਛਣ ਲਈ ਮੈਂ ਕੁਝ ਪ੍ਰਸ਼ਨ ਘੜ ਰੱਖੇ ਹਨ। ਮੈਂ ਆਪਣਾ ਪਹਿਲਾ ਪ੍ਰਸ਼ਨ ਦਾਗਣ ਲਈ ਆਖਦਾ ਹਾਂ, "ਤੂੰ ਕਿਸਮਤ ਵਾਲਾ ਹੈਂ ਕਿ ਮੀਂਹ ਵਾਲਾ ਮੌਸਮ ਪਿੱਛੇ ਛੱਡ ਕੇ ਜਾ ਰਿਹਾ ਹੈਂ।"

"ਅਸਲ 'ਚ ਮੈਂ ਮੀਂਹ ਪਸੰਦ ਕਰਦਾਂ। ਮੈਂ ਕੁਬੈਕ ਤੋਂ ਹਾਂ। ਉੱਥੇ ਬਰਫ਼ਾਂ ਦੇ ਢੇਰ ਲੱਗ ਜਾਂਦੇ ਆ। ਬਰਫ਼ਾਂ ਨੂੰ ਸ਼ਾਵਲ ਨਾਲ ਚੁੱਕਣਾ ਪੈਂਦਾ ਮੀਂਹ ਨੂੰ ਕਿਹੜਾ ਚੁੱਕਣਾ ਪੈਂਦਾ।" ਮੈਂ ਉਸ ਬਾਰੇ ਹੋਰ ਜਾਨਣ ਲਈ ਦੂਜਾ ਪ੍ਰਸ਼ਨ ਕਰਦਾ ਹਾਂ, "ਕਿਵੇਂ ਹੈਂ ਆਰਥਕਤਾ ਉੱਥੋਂ ਦੀ? ਤੇਰੇ 'ਤੇ ਕੋਈ ਅਸਰ ਪਿਆ ਇਸ ਮੰਦਵਾੜੇ ਦਾ?"

"ਠੀਕ ਹੋ ਰਹੀ ਹੈ। ਇਸ ਮੰਦਵਾੜੇ ਦੇ ਅਸਰ ਤੋਂ ਤਾਂ ਕੋਈ ਹੀ ਬਚਿਆ ਹੋਵੇਗਾ!"

"ਹਾਂ ਅਸਰ ਤਾਂ ਸਭ 'ਤੇ ਹੀ ਹੋਇਆ ਹੋਵੇਗਾ। ਕਿਸੇ 'ਤੇ ਚੰਗਾ ਕਿਸੇ 'ਤੇ ਮੰਦਾ।"

"ਚੰਗਾ ਕਿਵੇਂ?"

"ਮੈਂ ਪਿੱਛੇ ਜਿਹੇ ਕਿਤਾਬ ਪੜ੍ਹ ਰਿਹਾ ਸੀ ਸ਼ੌਕ ਡੌਕਟਰੀਨ ---। ਉਸ 'ਚ ਲੇਖਕ ਨੇ ਬੜੇ ਵਿਸਤਾਰ 'ਚ ਦੱਸਿਆ ਹੈ ਕਿ ਅਜੇਹੇ ਮੰਦਵਾੜੇ ਦੇ ਮੌਕਿਆਂ 'ਤੇ ਸਰਕਾਰਾਂ ਤੇ ਵੱਡੀਆਂ ਕਾਰਪੋਰੇਸ਼ਨਾਂ ਲੋਕਾਂ ਅੰਦਰਲੇ ਡਰ ਦਾ ਕਿਵੇਂ ਨਾਜਾਇਜ਼ ਫਾਇਦਾ ਉਠਾਉਂਦੀਆਂ ਹਨ। ਤੇ ਕਿਵੇਂ ਨਵੇਂ ਟੈਕਸ ਲਾਉਂਦੇ ਹਨ ਜਾਂ ਤਨਖਾਹਾਂ ਵਗੈਰਾ 'ਚ ਕੱਟ ਲਾਉਂਦੇ ਹਨ।"

"ਇਹ ਬਲੱਡੀ ਸੋਸ਼ਲਿਸਟਾਂ ਦਾ ਪ੍ਰਾਪੇਗੰਡਾ ਹੈ।"

ਮੈਨੂੰ ਉਸ ਦੀ ਗੱਲ ਚੁੱਭਦੀ ਹੈ। ਜੇ ਮੈਂ ਕੁਝ ਕਿਹਾ ਤਾਂ ਗੱਲਬਾਤ ਹੋਰ ਤਿੱਖਾ ਰੁਖ ਅਖਤਿਆਰ ਕਰ ਸਕਦੀ ਹੈ। ਮੈਂ ਚੁੱਪ ਵੱਟ ਲੈਂਦਾ ਹਾਂ। ਏਅਰਪੋਰਟ 'ਤੇ ਜਾ ਕੇ ਉਹ ਕਰੈਡਿਟ ਕਾਰਡ ਮੂਹਰੇ ਕਰ ਦਿੰਦਾ ਹੈ। ਜੇ ਉਹ ਕਰੈਡਿਟ ਕਾਰਡ ਰਾਹੀਂ ਕਰਾਇਆ ਦਿੰਦਾ ਤਾਂ ਮੈਨੂੰ ਇਹ ਟ੍ਰਿੱਪ ਸ਼ੀਟ 'ਤੇ ਲਿਖਣਾ ਪਵੇਗਾ। ਜੇ ਕੈਸ਼ ਦੇਵੇ ਤਾਂ ਇਸ ਤੋਂ ਬਚਿਆ ਜਾ ਸਕਦਾ ਹੈ। ਕਿਉਂ ਕਿ ਇਹ ਟ੍ਰਿੱਪ ਡਿਸਪੈਚ ਨਹੀਂ ਹੋਇਆ ਹੈ। ਕੰਪਿਊਟਰ 'ਚ ਇਸ ਦਾ ਕੋਈ ਰਿਕਾਰਡ ਨਹੀਂ ਹੈ। ਸਿੱਧਾ ਆਖਣਾ ਔਖਾ ਲੱਗਦਾ ਹੈ ਕਿ ਕੈਸ਼ ਦੇਵੇ। ਇਹ ਹੈ ਵੀ ਗਲਤ। ਇਸ ਕਰਕੇ ਮੈਂ ਆਪਣਾ ਇਕ ਟ੍ਰਿੱਕ ਵਰਤਦਾ ਹਾਂ। ਮੈਂ ਆਖਦਾ ਹਾਂ, "ਤੈਨੂੰ ਯਕੀਨ ਹੈ ਕਿ ਤੂੰ ਕਰੈਡਿਟ ਕਾਰਡ ਹੀ ਵਰਤਣਾ ਹੈ?"

"ਕੀ ਤੂੰ ਇਹ ਨਹੀਂ ਲੈਂਦਾ?"

"ਨਹੀਂ ਲੈ ਲੈਂਦਾ ਹਾਂ ਪਰ ਕੈਸ਼ ਨੂੰ ਤਰਜੀਹ ਦਿੰਦਾ ਹਾਂ।"

"ਮੈਨੂੰ ਦੁੱਖ ਹੈ। ਮੇਰੇ ਕੋਲ ਕੈਸ਼ ਨਹੀਂ ਹੈ।"

"ਕੋਈ ਗੱਲ ਨਹੀਂ," ਆਖ ਕੇ ਮੈਂ ਕਰੈਡਿਟ ਕਾਰਡ ਫੜ੍ਹ ਲੈਂਦਾ ਹਾਂ ਅਤੇ ਕੰਪਿਊਟਰ 'ਚ ਉਸ ਦਾ ਨੰਬਰ ਪਾ ਕੇ ਉਸ ਦੇ ਪ੍ਰਮਾਣਕ ਹੋਣ ਦੀ ਪੜਤਾਲ ਕਰਦਾ ਹਾਂ। ਇਸ ਤੋਂ ਵੇਹਲਾ ਹੋ ਕੇ ਮੈਂ ਫਿਰ ਸ਼ਹਿਰ ਵੱਲ ਮੁੜ ਪੈਂਦਾ ਹਾਂ। 'ਮੇਨ ਸਟਰੀਟ ਤੋਂ ਪੰਜਾਬੀ ਦਾ ਕੋਈ ਅਖਬਾਰ ਚੁੱਕ ਲਵਾਂਗਾ,' ਸੋਚ ਕੇ ਮੈਂ ਟੈਕਸੀ ਉੱਧਰ ਕਰ ਲੈਂਦਾ ਹਾਂ। ਦਿਲ 'ਚ ਇੱਛਾ ਹੈ ਕਿ ਸ਼ਹਿਰ ਵੱਲ ਮੁੜਦਿਆਂ ਕੋਈ ਫਲੈਗ (ਰਾਹ ਜਾਂਦਿਆਂ ਸੜਕ ਤੋਂ ਮਿਲੀ ਸਵਾਰੀ) ਹੀ ਮਿਲ ਜਾਵੇ। ਪਰ ਇਹ ਇੱਛਾ ਪੂਰੀ ਨਹੀਂ ਹੁੰਦੀ। ਪੰਜਾਬੀ ਮਾਰਕੀਟ 'ਚ ਦੁਕਾਨਾਂ ਦੇ ਬਾਹਰ ਅਖਬਾਰਾਂ ਦੇ ਢੇਰ ਪਏ ਹਨ। ਇਕ ਅਖਬਾਰ ਚੁੱਕ ਕੇ ਮੈਂ ਪੜ੍ਹਨ ਲੱਗਦਾ ਹਾਂ। ਅੱਧੇ ਕੁ ਘੰਟੇ ਬਾਅਦ ਇਕ 'ਸ਼ੌਰਟੀ ਮਿਲ ਜਾਂਦੀ ਹੈ। ਮੈਂ ਫਿਰ ਅਖਬਾਰ ਪੜ੍ਹਣ ਲੱਗਦਾ ਹਾਂ। ਪੰਦਰਾਂ ਕੁ ਮਿੰਟ ਬਾਅਦ ਫਿਰ ਟ੍ਰਿੱਪ ਮਿਲ ਜਾਂਦਾ ਹੈ। ਮੀਟਰ 'ਤੇ ਪੰਜ ਡਾਲਰ ਤੇ ਪੈਂਹਠ ਸੈਂਟ ਕਿਰਾਇਆ ਚੱਲਦਾ ਹੈ। ਉਹ ਵੀਹ ਡਾਲਰ ਦਾ ਨੋਟ ਮੂਹਰੇ ਕਰ ਕੇ ਤੇਰ੍ਹਾਂ ਡਾਲਰ ਦੀ ਮੰਗ ਕਰਦੀ ਹੈ। ਮੇਰੇ ਕੋਲ ਇਕ ਦਸ ਡਾਲਰ ਦਾ ਨੋਟ ਹੈ ਅਤੇ ਇਕ ਪੰਜ ਡਾਲਰ ਦਾ। ਘਰੋਂ ਲਿਆਂਦੀਂ ਬਾਕੀ ਭਾਨ ਮੁੱਕ ਚੁੱਕੀ ਹੈ। ਮੈਂ ਉਸ ਨੂੰ ਪੰਦਰਾਂ ਡਾਲਰ ਦੇ ਦਿੰਦਾ ਹਾਂ। ਇਹ ਪਤਾ ਨਹੀ ਕੀ ਚੱਕਰ ਹੈ ਕਿ ਕਿਸੇ ਦਿਨ ਤਾਂ ਡਾਲਰ ਤੇ ਦੋ ਡਾਲਰ ਦੇ ਸਿੱਕਿਆਂ ਨਾਲ ਭਾਰ ਕਰਕੇ ਜੇਬ ਪਾਟਣ 'ਤੇ ਆ ਜਾਂਦੀ ਹੈ ਤੇ ਕਈ ਵਾਰੀ ਜਿਓਂ ਵੀਹਾਂ ਦੇ ਨੋਟ ਮਿਲਣ ਲੱਗਦੇ ਹਨ ਕਿ ਭਾਨ ਮੁੱਕੀ ਹੀ ਰਹਿੰਦੀ ਹੈ। 'ਕਿਸੇ ਹੋਰ ਨੂੰ ਨਾ ਇਸ ਤਰ੍ਹਾਂ ਛੱਡਣੇ ਪੈ ਜਾਣ,' ਸੋਚ ਕੇ ਮੈਂ ਵੀਹ ਡਾਲਰ ਦਾ ਨੋਟ ਤੜਵਾਉਣ ਲਈ ਗੈਸ ਸਟੇਸ਼ਨ 'ਤੇ ਰੁਕ ਜਾਂਦਾ ਹਾਂ। ਦੋ ਡਾਲਰ ਦੀ ਚਾਕਲੇਟ ਖ੍ਰੀਦ ਲੈਂਦਾ ਹਾਂ। ਟੈਕਸੀ ਚਲਾਉਂਦਿਆਂ ਮੈਂ ਕਾਫ਼ੀ ਨਹੀਂ ਪੀਂਦਾ। ਇਸ ਨਾਲ ਪਿਸ਼ਾਬ ਦਾ ਜ਼ੋਰ ਪੈਣ ਦਾ ਡਰ ਰਹਿੰਦਾ ਹੈ। ਹੁਣ ਵੀ ਜ਼ੋਰ ਹੈ। ਗੈਸ ਸਟੇਸ਼ਨ ਵਾਲੇ ਨੂੰ ਦੋ ਡਾਲਰ ਵੀ ਵਟਾਏ ਹਨ, ਇਸ ਲਈ ਵਾਸ਼ਰੂਮ ਵਰਤਣ 'ਚ ਕੋਈ ਸ਼ਰਮ ਨਹੀਂ ਮਹਿਸੂਸ ਹੋਵੇਗੀ।

(ਚਲਦਾ)





## ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗ਼ਦੀ ਲਲ਼ਕ

# ਨਿਰੂਪਮਾ ਦੱਤ

**ਮੁਲਾਕਾਤੀ**
**ਸੁਸ਼ੀਲ ਦੁਸਾਂਝ, ਕਮਲ ਦੁਸਾਂਝ**

ਨਿਰੂਪਮਾ ਦੱਤ ਪੰਜਾਬੀ ਦੀ ਕਵਿਤਰੀ ਤੇ ਅੰਗਰੇਜ਼ੀ ਦੀ ਪੱਤਰਕਾਰ ਹੈ। ਇਹਨੇ ਬੇਹੱਦ ਸੰਜਮੀ ਅਤੇ ਸਲੀਕੇਦਾਰ ਵਾਰਤਕ ਵੀ ਲਿਖੀ ਤੇ ਅਨੁਵਾਦ ਦਾ ਵੀ ਚੋਖਾ ਕੰਮ ਕੀਤਾ ਹੈ। ਇਹਦੇ ਕਾਵਿ-ਸੰਗ੍ਰਹਿ 'ਇਕ ਨਦੀ ਸਾਂਵਲੀ ਜਿਹੀ' ਨੂੰ ਪੰਜਾਬੀ ਅਕਾਦਮੀ ਦਿੱਲੀ ਨੇ ਸਾਲ 2000 ਵਿਚ ਐਵਾਰਡ ਦੇਣ ਦਾ ਐਲਾਨ ਕੀਤਾ; ਜਿਹੜਾ ਮਿਲਿਆ ਤਿੰਨ ਸਾਲ ਬਾਅਦ।

ਨਿਰੂਪਮਾ ਦੱਤ ਕਵਿਤਾ ਬਹੁਤ ਧੀਮੀ ਗਤੀ ਨਾਲ ਲਿਖਦੀ ਹੈ, ਔਸਤਨ ਸਾਲ ਵਿਚ ਤਿੰਨ ਕਵਿਤਾਵਾਂ। ਪਰ ਜਦੋਂ ਵੀ ਉਹਦੀ ਕੋਈ ਨਵੀਂ ਕਵਿਤਾ ਪਾਠਕਾਂ ਤੀਕ ਪੁੱਜੀ ਹੈ, ਉਹਦੇ ਨਾਲ ਨਿਰੂਪਮਾ ਹੋਰ ਵਿਸਥਾਰਤ ਹੋਈ ਹੈ। ਇਹਦੀ ਕਵਿਤਾ ਨਿੱਕੀ ਇੱਟ ਤੋਂ ਵੀ ਪੁਰਾਣੀਆਂ ਧਾਰਨਾਵਾਂ ਅਤੇ ਰਵਾਇਤਾਂ ਨੂੰ ਜੜ੍ਹੋਂ ਉਖਾੜਨ ਦਾ ਬਲ ਪੂਰੇ ਵੇਗ ਨਾਲ ਪਾਠਕਾਂ ਦੇ ਅੰਤਰ-ਮਨ ਤੱਕ ਸੰਚਾਰਤ ਕਰਦੀ ਹੈ।

ਅਸੀਂ ਪੁੱਛਿਆ-ਤੁਸੀਂ ਭਾਵੇਂ ਕਵਿਤਾ ਘੱਟ ਲਿਖਦੇ ਓ ਪਰ ਕਵਿਤਾ ਨੂੰ ਜੀਉਣ ਦਾ ਵੱਲ ਤੁਹਾਨੂੰ ਆਉਂਦੈ, ਕੀ ਹੈ ਤੁਹਾਡਾ ਕਵਿਤਾ ਨੂੰ ਜੀਉਣ ਦਾ ਤਰੀਕਾ? ਨਿਰੂਪਮਾ ਠਹਾਕਾ ਮਾਰ ਕੇ ਖਿੜਖਿੜਾਈ, ਫੇਰ ਕਹਿਣ ਲੱਗੀ-"ਸੱਚ ਤਾਂ ਇਹ ਐ ਕਿ ਅੱਜਕਲ੍ਹ ਮੈਂ ਵਾਰਤਕ ਹੀ ਲਿਖ ਰਹੀ ਆਂ ਤੇ ਵਾਰਤਕ ਹੀ ਜੀਅ ਰਹੀ ਆਂ...ਹਾ...ਹਾ...ਹਾ।"

ਇਸ ਲਾਪਰਵਾਹ ਹਾਸੇ ਜਿਹਾ ਹੀ ਨਿਰੂਪਮਾ ਦੇ ਜੀਉਣ ਦਾ ਤਰੀਕਾ ਹੈ ਤੇ ਇਹਦੇ ਅੰਦਰ ਹੀ ਕਿਤੇ ਸਮੋਇਆ ਹੋਇਆ ਹੈ ਉਹ ਸਲੀਕਾ ਜੋ ਦਿਖਦਾ ਨਹੀਂ ਹੈ, ਮਹਿਸੂਸ ਕੀਤਾ ਜਾ ਸਕਦਾ ਹੈ।

ਨਿਰੂਪਮਾ ਦੇ ਲਾਪਰਵਾਹ ਠਹਾਕਿਆਂ, ਦੋਸਤ ਮੰਡਲੀ ਨਾਲ ਬੈਠ ਕੇ ਡੇਢ ਪੈੱਗ ਰਮ ਤੇ ਸਿਗਰਟ ਦੇ ਕਸ਼ ਲੈ ਲੈਣ ਅਤੇ ਕਵਿਤਾ, ਵਾਰਤਕ ਅਤੇ ਆਪਣੀ ਪੱਤਰਕਾਰੀ ਵਿਚ ਦਲੇਰਾਨਾ ਅਤੇ ਬੇਬਾਕ ਪਹੁੰਚ ਅਪਣਾਉਣ ਕਾਰਨ ਹੀ ਸਾਹਿਤ ਦੇ ਸਿਆਸਤਦਾਨ ਅਤੇ ਅਚੇਤ ਹੀ ਸਥਾਪਤੀ ਦੇ ਹੱਕ ਵਿਚ ਭੁਗਤਣ ਵਾਲੇ ਲੇਖਕ/ਅਲੇਖਕ ਨਿਰੂਪਮਾ ਨੂੰ ਬੁਰੀ ਔਰਤ ਦਾ ਦਰਜਾ ਦੇ ਦਿੰਦੇ ਹਨ। ਨਿਰੂਪਮਾ ਖ਼ੁਦ ਆਪਣੀ ਕਵਿਤਾ 'ਬੁਰੀ ਔਰਤ' ਵਿਚ ਕਹਿੰਦੀ ਹੈ-

*-ਜੇਕਰ ਤੁਸੀਂ ਮੇਰੇ ਸ਼ਹਿਰ ਆਓਗੇ*
*ਤਾਂ ਬੁਰੀਆਂ ਔਰਤਾਂ ਦੀ ਸੂਚੀ ਵਿਚ*
*ਮੇਰਾ ਨਾਂਅ ਵੀ ਦਰਜ ਪਾਉਗੇ।*
*ਇਸੇ ਕਵਿਤਾ ਦੇ ਅਖੀਰ ਵਿਚ ਨਿਰੂਪਮਾ ਕਹਿੰਦੀ ਹੈ-*
*-ਸੱਚ ਦੱਸਾਂ*
*ਹੁਣ ਮੈਨੂੰ ਬੁਰੀਆਂ ਔਰਤਾਂ ਬਹੁਤ ਹੀ*
*ਚੰਗੀਆਂ ਲੱਗਣ ਲੱਗੀਆਂ ਹਨ।*

ਫੇਰ 'ਹੁਣ' ਨਾਲ 'ਗੱਲਾਂ' ਕਰਦਿਆਂ ਨਿਰਛਲ ਹਾਸੇ 'ਚ ਉਹ ਕਹਿੰਦੀ ਹੈ,

-ਬੁਰੀ ਔਰਤ ਹੋਣਾ ਤਾਂ ਗ਼ਜ਼ਬ ਦੀ ਆਜ਼ਾਦੀ ਹੈ... ਹਾ...ਹਾ... ਹਾ...।"

ਨਿਰੂਪਮਾ ਦੱਤ ਦੇ ਇੰਝ ਕਹਿਣ ਦਾ ਅਰਥ ਕੀ ਹੈ? ਉਹਨੂੰ ਬੁਰੀਆਂ ਔਰਤਾਂ ਚੰਗੀਆਂ ਕਿਉਂ ਲੱਗਦੀਆਂ ਹਨ?

ਨਿਰੂਪਮਾ ਖ਼ੁਦ ਕੀ ਹੈ? ਆਂਦਰਾਂ ਨੂੰ ਚੀਰਦੀ ਹੋਈ ਇਹਦੀ ਕਵਿਤਾ ਇਹਦੇ ਤੱਕ ਕਿਵੇਂ ਪਹੁੰਚਦੀ ਹੈ? ਇਹਦੇ ਪੈਰਾਂ ਵਿਚਲਾ ਨਿਰੰਤਰ ਸਫ਼ਰ ਇਹਦੀ ਭਟਕਣ ਹੈ ਜਾਂ ਸਥਾਪਤੀ ਦੇ ਕਿੰਗਰਿਆਂ ਨੂੰ ਢਾਹ ਦੇਣ ਦੀ ਸੁਲਗਦੀ ਲਲਕ?

ਇਹਦੀ ਪੱਤਰਕਾਰੀ ਰਵਾਇਤੀ ਪੱਤਰਕਾਰੀ ਅਤੇ ਪੱਤਰਕਾਰਤਾ ਦੇ ਸੱਤਾ ਸਤੰਭਾਂ ਦੀਆਂ ਨੀਹਾਂ ਨੂੰ ਕਿਵੇਂ ਟੱਕ ਮਾਰਦੀ ਹੈ?

ਨਿਰੂਪਮਾ ਦੀ ਸ਼ਖ਼ਸੀਅਤ ਉਸਾਰੀ ਵਿਚ ਇਹਦੇ ਮਾਂ-ਪਿਓ, ਭੈਣਾਂ-ਭਰਾਵਾਂ, ਦੋਸਤਾਂ, ਸਮਕਾਲੀ ਲੇਖਕਾਂ/ਪੱਤਰਕਾਰਾਂ ਅਤੇ ਸਮਾਜਕ/ਆਰਥਕ ਅਤੇ ਸਿਆਸੀ ਵਰਤਾਰਿਆਂ ਦਾ ਕਿੰਨਾ ਕੁ ਦਖ਼ਲ ਹੈ?

ਇਹਦੇ ਵਿਸਥਾਰਤ ਪਾਸਾਰਾਂ ਵਿਚੋਂ ਗੁਜ਼ਰਨਾ 'ਨਵੀਂ ਦੁਨੀਆ' ਦੇ ਪਾਠਕਾਂ ਲਈ ਦਿਲਚਸਪ ਅਤੇ ਲਾਹੇਵੰਦ ਜ਼ਰੂਰ ਹੋਵੇਗਾ। ਆਓ ਫਿਰ ਮਿਲੀਏ ਨਿਰੂਪਮਾ ਦੱਤ ਨੂੰ।

-ਸੰਪਾਦਕ

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

***ਸਵਾਲ*** : ਘਰ ਤਾਂ ਨਹੀਂ ਪਰ ਬਾਹਰ ਤਾਂ ਤੁਹਾਨੂੰ ਅਜਿਹਾ ਮਾਹੌਲ ਮਿਲਿਆ ਹੋਵੇਗਾ ਕਿ ਤੂੰ ਕੁੜੀ ਐਂ...ਫਲਾਣਾ...ਫਲਾਣਾ...?

***ਨਿਰੂਪਮਾ*** : ਦਰਅਸਲ, ਮੈਨੂੰ ਬਾਹਰ ਵੀ ਘੱਟ ਹੀ ਅਜਿਹਾ ਮਾਹੌਲ ਮਿਲਿਆ...ਕਿਉਂਕਿ ਇਕ ਤਾਂ ਥੋੜੇ ਦੋਸਤਾਂ ਦਾ ਵੀ ਥੋੜੀ ਸੋਚ ਵਰਗਾ ਹੀ ਘੇਰਾ ਬਣ ਜਾਂਦੈ...ਦੂਜਾ ਮੈਂ ਕਦੇ ਪ੍ਰਵਾਹ ਵੀ ਨਹੀਂ ਕੀਤੀ। ਫੇਰ ਮੈਂ ਬੀਜੀ ਦੀ ਗੱਲ ਦਸਦੀ ਆਂ। ਉਨ੍ਹਾਂ ਦਾ ਕਹਿਣਾ ਸੀ ਕਿ ਇਕ ਨਾਲ ਹੀ ਇਸ਼ਕ ਕਰਨੈ...ਉਸੇ ਨਾਲ ਵਿਆਹ ਕਰਨੈ...। ਇਸ ਤੋਂ ਜ਼ਿਆਦਾ ਖੁੱਲ੍ਹ ਨਹੀਂ ਸੀ ਪਰ ਮੈਂ ਸਮਝਨੀ ਆਂ ਕਿ ਉਸ ਦੌਰ ਵਿਚ ਇਹ ਵੀ ਬਹੁਤ ਵੱਡੀ ਆਜ਼ਾਦੀ ਸੀ ਇਕ ਕੁੜੀ ਲਈ...ਵਰਨਾ ਅੱਜ ਵੀ ਕੁੜੀਆਂ ਨੂੰ ਆਪਣੀ ਮਨਪਸੰਦ ਦਾ ਸਾਥੀ ਚੁਣਨ ਦੀ ਆਗਿਆ ਨਹੀਂ। ਔਰ ਕਾਲਜ...ਯੂਨੀਵਰਸਿਟੀ ਪੜ੍ਹਦਿਆਂ ਜਿੰਨੀਆਂ ਵੀ ਮੇਰੀਆਂ ਸਹੇਲੀਆਂ ਸਨ, ਸਭ ਸਿਗਰਟ ਪੀਂਦੀਆਂ ਸਨ...ਕੁਝ ਸਿੱਖ ਲੜਕੀਆਂ ਵੀ ਪੀਂਦੀਆਂ ਸਨ ਪਰ ਉਹ ਥੋੜ੍ਹਾ ਲੁਕ-ਛੁਪ ਕੇ ਪੀਂਦੀਆਂ ਸਨ। ਅਸਲ 'ਚ ਅਸੀਂ ਜਿਹੋ ਜਿਹੇ ਸਕੂਲਾਂ, ਕਾਲਜਾਂ ਵਿਚ ਪੜ੍ਹੇ...ਜਿਹੋ ਜਿਹੇ ਗਰੁੱਪ ਬਣੇ...ਉਨ੍ਹਾਂ 'ਤੇ ਪੱਛਮੀ ਪ੍ਰਭਾਵ ਬਹੁਤ ਜ਼ਿਆਦਾ ਸੀ...ਮੇਰੇ ਦਾਇਰੇ ਵਿਚ ਰਵਾਇਤ...ਪਰੰਪਰਾ ਬਹੁਤ ਘੱਟ ਸੀ।

***ਸਵਾਲ*** : ਇਨ੍ਹੀਂ ਦਿਨੀਂ ਭਾਰਤ ਵਿਚ ਸਮਲਿੰਗੀ ਵਿਆਹਾਂ ਦਾ ਰੌਲਾ ਵੀ ਕਾਫ਼ੀ ਸੁਣੀਂਦੈ। ਕੁਝ ਲੋਕ ਇਹਨੂੰ ਕਾਨੂੰਨੀ ਮਾਨਤਾ ਦਿਵਾਉਣ ਦੀ ਲੜਾਈ ਵੀ ਲੜ ਰਹੇ ਨੇ। ਕੀ ਇਹ ਰਿਸ਼ਤੇ ਕੁਦਰਤ ਤੇ ਵਿਗਿਆਨਕ ਦ੍ਰਿਸ਼ਟੀ ਤੋਂ ਜਾਇਜ਼ ਨੇ?

***ਨਿਰੂਪਮਾ*** : ਦੇਖੋ...ਮੈਂ ਇਹਨੂੰ ਜਾਇਜ਼ ਸਮਝਨੀ ਆਂ। ਜਦੋਂ ਦੋ ਵਿਅਕਤੀਆਂ ਵਿਚਾਲੇ ਰਿਸ਼ਤਾ ਹੁੰਦੈ...ਉਸ ਵਿਚ ਤੀਜੇ ਬੰਦੇ ਦਾ ਮਾਪਦੰਡ ਤੈਅ ਕਰਨਾ ਠੀਕ ਨਹੀਂ। ਬਹੁਤ ਸਾਰੇ ਲੋਕ ਨੇ...ਜਿਨ੍ਹਾਂ ਵਾਸਤੇ ਇਹੋ ਜਿਹਾ ਰਿਸ਼ਤਾ ਕੁਦਰਤੀ ਐ...ਇਹ ਜੈਨੇਟਿਕ ਸਮੱਸਿਆ ਵੀ ਐ।

ਅਸੀਂ ਹੋਸਟਲ ਵਿਚ ਦੇਖਦੇ ਸਾਂ...ਕੁਝ ਕੁੜੀਆਂ ਦੀ ਐਵੇਂ ਦੀ ਦੋਸਤੀ ਹੁੰਦੀ ਸੀ...ਤੇ ਮੁੰਡਿਆਂ ਦੇ ਹੋਸਟਲ ਬਾਰੇ ਇਹੀ ਸੁਣੀਦਾ ਸੀ...ਮੁੰਡੇ ਐਕਸਪੈਰੀਮੈਂਟ ਕਰਦੇ ਸਨ...ਪਰ ਇਹ ਇਸ ਕਰਕੇ ਹੁੰਦਾ ਸੀ ਕਿ ਉਨ੍ਹਾਂ ਕੋਲ ਕੋਈ ਹੋਰ ਰਾਹ ਨਹੀਂ ਸੀ ਹੁੰਦਾ... ਓਪੋਜ਼ਿਟ ਸੈਕਸ ਨਹੀਂ ਸੀ ਹੁੰਦਾ। ਤੇ ਜਿੰਨਾ ਕੁ ਮੈਂ ਦੇਖਿਐ ਕਿ ਇਹੋ ਜਿਹੇ ਰਿਸ਼ਤੇ ਸਮੇਂ ਦੇ ਨਾਲ-ਨਾਲ... ਜਿਉਂ-ਜਿਉਂ ਉਹ ਵੱਡੇ ਹੁੰਦੇ ਸਨ... ਖ਼ਤਮ ਹੋ ਜਾਂਦੇ ਸਨ। ਕਈ ਕੁੜੀਆਂ ਨੂੰ ਮੈਂ ਦੇਖਦੀ ਆਂ ਕਿ ਉਹ ਬੜਾ ਖ਼ੁਸ਼ਨੁਮਾ ਵਿਆਹੁਤਾ ਜੀਵਨ ਹੰਢਾ ਰਹੀਆਂ ਨੇ... ਤੇ ਇਸੇ ਤਰ੍ਹਾਂ ਲੜਕੇ ਵੀ। ਹਾਂ...ਕੁਛ ਹੈ ਨੇ ਜਿਨ੍ਹਾਂ ਦੀਆਂ ਜ਼ਰੂਰਤਾਂ ਹੋਰ ਸਨ ਤੇ ਕੁਛ ਐਸੇ ਵੀ ਸਨ ਜਿਹੜੇ ਦੋਵੇਂ ਪਾਸੇ ਝੁਕੇ ਹੁੰਦੇ ਸਨ। ਅੱਜ ਕਲ੍ਹ ਤਾਂ ਇਹ ਰਿਵਾਜ਼ ਵੀ ਬਣ ਗਿਐ... ਹਾ... ਹਾ...।

ਹਾਂ...ਪਰ ਨਾਰੀ ਯੁੱਗ ਦੇ ਉਭਾਰ ਸਮੇਂ ਕੁਝ ਔਰਤਾਂ ਨੇ ਇਹ ਜਾਣ-ਬੁਝ ਕੇ ਚੁਣਿਆ ਸੀ...ਕਿਉਂਕਿ ਮਰਦ ਪ੍ਰਧਾਨਗੀ ਵਾਲਾ ਸਿਸਟਮ ਬਹੁਤ ਔਖਾ ਸੀ...ਔਰ ਐਨਾ ਤੁਹਾਨੂੰ ਹੀਣ ਕਰਨ ਵਾਲਾ ਸੀ...ਇਸ ਤਰ੍ਹਾਂ ਸੀ ਬਈ ਦੁਸ਼ਮਣ ਨਾਲ ਕਿੰਨਾ ਪਿਆਰ ਕੀਤਾ ਜਾ ਸਕਦੈ।

ਮੇਰੀਆਂ ਕੁਝ ਵਾਕਫ਼ ਕੁੜੀਆਂ ਐਸੀਆਂ ਸਨ ਜਿਨ੍ਹਾਂ 'ਚੋਂ ਕੁਝ ਵਿਆਹੀਆਂ ਹੋਈਆਂ ਵੀ ਸਨ...ਪਰ ਉਨ੍ਹਾਂ ਦੇ ਔਰਤਾਂ ਨਾਲ ਵੀ ਸਬੰਧ ਸਨ...ਸਾਡੀਆਂ ਬੜੀਆਂ ਵੱਡੀਆਂ ਵੱਡੀਆਂ ਲੀਡਰ...ਮੈਂ ਨਾਂ ਨੀਂ ਲੈਂਦੀ...। ਮੈਂ ਸਮਝਨੀ ਆਂ ਕਿ ਜੇ ਔਰਤ ਕਿਸੇ ਔਰਤ ਨਾਲ ਤੇ ਮਰਦ ਕਿਸੇ ਮਰਦ ਨਾਲ ਰਹਿਣੈ ਚਾਹੁੰਦੈ ਤਾਂ ਕਿਸੇ ਤੀਸਰੇ ਨੂੰ ਇਸ 'ਤੇ ਤਕਲੀਫ਼ ਨਹੀਂ ਹੋਣੀ ਚਾਹੀਦੀ। ਜੇ ਹੁਣ ਔਰਤ ਮਰਦ ਨਾਲ ਤੇ ਮਰਦ ਔਰਤ ਨਾਲ ਰਹਿੰਦੈ ਤਾਂ ਸਮਾਜ ਉਹਦੇ ਵਿਚੋਂ ਕੀ ਲਾਭ ਖੱਟ ਲੈਂਦੈ? ਹੁਣ ਮੈਂ ਔਰਤਾਂ-ਔਰਤਾਂ ਤੇ ਮਰਦਾਂ-ਮਰਦਾਂ ਦੇ ਅਜਿਹੇ ਜੋੜੇ ਵੀ ਦੇਖੇ ਨੇ ਜਿਹੜੇ ਬੱਚੇ ਗੋਦ ਲੈ ਲੈਂਦੇ ਨੇ...ਜਾਂ ਇੰਜ ਵੀ ਐ ਕਿ ਇਕ ਔਰਤ ਦਾ ਬੱਚਾ ਹੈ ਤੇ ਦੂਸਰੀ ਵੀ ਉਹਨੂੰ ਸਵੀਕਾਰ ਕਰ ਲੈਂਦੀ ਐ...।

ਮੈਨੂੰ ਬੜੀ ਦਿਲਚਸਪ ਗੱਲ ਚੇਤੇ ਆ ਗਈ...ਮੇਰੀ ਇਕ ਸਹੇਲੀ ਨੇ ਆਪਣੀ ਦਾਦੀ ਤੋਂ ਪੁਛਿਆ-"ਬੀਜੀ ਐਂਜ ਕਦੇ ਥੋੜੇ ਵੇਲੇ ਹੁੰਦਾ ਸੀ...?" ਬੜਾ ਸੋਚ ਕੇ ਦਾਦੀ ਨੇ ਕਿਹਾ-"ਦੇਖੋ ਜਦੋਂ ਕੋਈ ਛੋਟੀ ਉਮਰੇ ਵਿਧਵਾ ਹੋ ਜਾਂਦੀ ਸੀ...ਜਾਂ ਘਰਵਾਲੇ ਨਾਲ ਨਹੀਂ ਬਣਦੀ ਸੀ...ਉਹ ਤੰਗ ਕਰਦਾ ਸੀ...(ਉਨ੍ਹਾਂ ਬੜਾ ਸਹੁਣਾ ਸ਼ਬਦ ਵਰਤਿਆ) ਤਾਂ ਕੁੜੀਆਂ ਕੁੜੀਆਂ ਵੀ 'ਰਲ' ਜਾਂਦੀਆਂ ਸਨ।" ਮੈਂ ਸਮਝਨੀ ਆਂ ਕਿ ਜਿੰਨਾ ਇਸ 'ਤੇ ਹੋ-ਹੱਲਾ ਹੁੰਦੈ...ਓਡਾ ਮਸਲਾ ਹੈ ਨਹੀਂ। ਦੂਜਾ ਔਰਤ-ਮਰਦ ਦਾ ਰਿਸ਼ਤਾ ਹਰ ਜਗ੍ਹਾ ਕਿਹੜਾ ਸੁਖਾਵਾਂ ਹੁੰਦੈ...ਬੱਚੇ ਉਹਦੇ 'ਚ ਬੜਾ ਦੁੱਖ ਭੋਗਦੇ ਨੇ...ਕਿਧਰੇ ਮਾਂ ਛੱਡ ਕੇ ਚਲੀ ਗਈ... ਕਿਧਰੇ ਪਿਓ ਛੱਡ ਕੇ ਚਲਾ ਗਿਆ...ਜੇ ਹੁਣ ਕੋਈ ਕਹੇ ਕਿ ਵਿਆਹ ਦੀ ਪਰੰਪਰਾ ਬੱਚਿਆਂ ਵਾਸਤੇ ਬਹੁਤ ਵਧੀਆ ਗੱਲ ਐ...ਮੈਨੂੰ ਇਸ 'ਤੇ ਸ਼ੱਕ ਹੁੰਦੈ...।

ਮੈਂ ਇਕ ਔਰਤ ਨੂੰ ਜਾਣਨੀ ਆਂ...ਬੜੀ ਧੜੱਲੇਦਾਰ ਔਰਤ ਸੀ...ਸਫ਼ੇਦ ਕੱਪੜੇ ਪਾਉਂਦੀ ਸੀ...ਉਹ ਕਿਉਂਕਿ ਪ੍ਰੋਫੈਸਰ ਸੀ ਤੇ ਜਿਹੜੀਆਂ ਕੁੜੀਆਂ ਉਹਦੇ ਕੋਲ ਪੀ.ਐਚ.ਡੀ. ਲਈ ਆਉਂਦੀਆਂ ਸਨ...ਉਹ ਉਨ੍ਹਾਂ ਨਾਲ ਰਿਸ਼ਤਾ ਕਾਇਮ ਕਰਦੀ ਸੀ...ਸ਼ੋਸ਼ਣ ਕਰਦੀ ਸੀ ਉਨ੍ਹਾਂ ਦਾ ਤੇ ਇਹ ਸ਼ੋਸ਼ਣ ਵੀ ਓਨਾ ਹੀ ਗ਼ਲਤ ਐ ਜੇ ਕੋਈ ਮਰਦ ਔਰਤ ਨਾਲ ਕਰਦੈ। ਦੂਜਾ ਮੈਂ ਦੇਖਿਐ...ਇਹ ਰਿਸ਼ਤਾ ਕਾਪੀ ਤਾਂ ਮਰਦ-ਔਰਤ ਦੇ ਰਿਸ਼ਤੇ ਦੀ ਹੀ ਕਰਦੈ...ਤੁਸੀਂ ਦੇਖੋਗੇ ਕਿ ਉਹਦੇ ਵਿਚ ਇਕ ਰੌਅਬ ਪਾਉਂਦੈ ਤੇ ਦੂਜਾ ਨਜ਼ਾਕਤ ਜ਼ਾਹਰ ਕਰਦੈ। ਸਮਾਜ ਦਾ ਜਿਹੜਾ ਪ੍ਰਚੱਲਤ ਰਿਸ਼ਤਾ ਜਾਂ ਕਹਿ ਲਓ ਜਿਹਨੂੰ ਮਾਨਤਾ ਮਿਲੀ ਹੋਈ ਐ...ਉਹਦੀ ਕਾਪੀ ਹੀ ਕਰਦੈ।

ਇਸੇ ਤਰ੍ਹਾਂ ਈ ਮੇਰਾ ਇਕ ਡਾਂਸਰ ਦੋਸਤ ਐ...ਉਹਦਾ ਵੀ ਇਹੋ ਜਿਹਾ ਰਿਸ਼ਤਾ ਐ...। ਉਹ ਕਿਤੇ ਕਿਸੇ ਹੋਰ ਨਾਲ ਡਾਂਸ ਕਰ ਰਿਹਾ ਸੀ...ਤੇ ਉਹਦਾ ਦੋਸਤ ਇਕ ਤਰ੍ਹਾਂ ਨਾਲ ਪਾਗ਼ਲ ਹੋ ਗਿਆ ਸੀ...ਇਹੀ ਗੱਲ ਹਰ ਥਾਂ ਕਹਿੰਦਾ ਸੀ ਕਿ ਇਹਨੇ ਮੈਨੂੰ ਧੋਖਾ ਦੇ ਦਿੱਤਾ...। ਹੁਣ ਦੇਖੋ...ਇਹ ਰਿਸ਼ਤਾ ਇਸ ਕਰਕੇ ਵੀ ਬੜਾ ਮੁਸ਼ਕਲ ਹੋ ਜਾਂਦੈ ਕਿਉਂਕਿ ਇਹਦਾ ਮਜ਼ਾਕ ਬੜਾ ਬਣਦੈ...।

ਇਕ ਬੜੀ ਮਸ਼ਹੂਰ ਕਹਾਣੀ ਐ...ਇਸਤਮ ਚੁਗਤਾਈ ਦੀ...ਕਿ ਇਕ ਬੇਗ਼ਮ ਐ...ਬੜੀ ਖ਼ੂਬਸੂਰਤ ਐ...ਘਰ ਜਿਹੜੀ ਕੰਮ ਕਰਦੀ ਐ...ਉਹ ਬੱਚੀ ਦੀ ਦੇਖ-ਭਾਲ ਕਰ ਰਹੀ ਐ...ਉਨ੍ਹਾਂ ਦਾ ਰਿਸ਼ਤੈ ਆਪਸ ਵਿਚ...ਉਹ ਇਸ ਕਰਕੇ ਹੈ ਕਿ ਉਸ ਦੇ ਨਵਾਬ ਪਤੀ ਨੇ ਲੌਂਡੇ ਰੱਖੇ ਹੋਏ ਨੇ...ਇਸ ਬਹਾਨੇ ਕਿ ਮੈਂ ਇਨ੍ਹਾਂ ਦੀ ਪੜ੍ਹਾਈ ਕਰਵਾ ਰਿਹਾਂ...ਬੇਗ਼ਮ ਬਿਲਕੁਲ 'ਕੱਲੀ ਐ...ਇਕਲਾਪਾ ਹੰਢਾ ਰਹੀ ਐ...ਤੇ ਫੇਰ ਉਹ ਨੌਕਰਾਣੀ ਨਾਲ ਰਿਸ਼ਤਾ ਕਾਇਮ ਕਰਦੀ ਐ...ਤੇ ਨੌਕਰਾਣੀ ਇਕ ਦਿਨ ਉਸ ਬੱਚੀ ਨਾਲ ਵੀ ਉਸੇ ਤਰ੍ਹਾਂ ਕਰਨ ਦੀ ਕੋਸ਼ਿਸ਼ ਕਰਦੀ ਐ ਤਾਂ ਉਨ੍ਹਾਂ ਦਾ ਝਗੜਾ ਹੁੰਦੈ...ਤੇ ਇਸਮਤ ਚੁਗਤਾਈ ਨੂੰ ਇਸ ਕਹਾਣੀ 'ਤੇ ਏਨਾ ਕੁਝ ਸੁਣਨਾ ਪਿਆ...ਸਮਲਿੰਗੀਆਂ ਨੇ ਇਸ ਦਾ ਬਹੁਤ ਵਿਰੋਧ ਕੀਤਾ ਕਿ ਇਸਮਤ ਚੁਗਤਾਈ ਬਹੁਤ ਗ਼ਲਤ ਸੀ...। ਹੁਣ ਕਈ ਅਜਿਹੇ ਜੋੜਿਆਂ ਨੇ ਸੈਕਸ਼ਨ 377 ਖ਼ਤਮ ਕਰਨ ਦੀ ਮੰਗ ਕੀਤੀ ਐ...ਸੈਕਸ਼ਨ 377 ਜਿਹੜਾ ਕਹਿੰਦੈ ਕਿ ਇਹ ਗੈਰ ਕੁਦਰਤੀ ਐ...। ਚੰਡੀਗੜ੍ਹ ਵਿਚ ਈ ਇਕ ਲੜਕਾ ਹੈ...ਖ਼ੁਦ ਨੂੰ ਟਰਾਂਸਵੂਮੈਨ ਕਹਿੰਦੈ...ਉਹਦਾ ਸਰੀਰ ਲੜਕੇ ਦਾ ਹੈ ਤੇ ਅੰਦਰੋਂ ਔਰਤ ਮਹਿਸੂਸ ਕਰਦੈ...ਉਹਦਾ ਵਿਆਹ ਵੀ ਹੋਇਆ...ਦੋ ਬੱਚੇ ਵੀ ਨੇ...ਕਹਿੰਦੈ ਕਿ ਉਹ ਏਨਾ ਦੁਖੀ ਹੁੰਦਾ ਸੀ ਇਸ ਰਿਸ਼ਤੇ ਤੋਂ ਤੇ ਕਦੇ ਕਦੇ ਗੁੱਸੇ ਵਿਚ ਸਾਈਕਲ ਚਲਾ ਕੇ ਦਿੱਲੀ ਪਹੁੰਚ ਜਾਂਦਾ ਸੀ...ਪਰ ਹੁਣ ਉਹਦੇ ਬੱਚਿਆਂ ਨੂੰ, ਉਹਦੀ

ਪਤਨੀ ਨੂੰ ਪਤੈ ਤੇ ਉਨ੍ਹਾਂ ਨੇ ਵੀ ਇਸ ਨੂੰ ਸਵੀਕਾਰ ਕਰ ਲਿਐ...ਭਾਵੇਂ ਉਹਦੇ ਪਤਨੀ ਨਾਲ ਉਵੇਂ ਦੇ ਰਿਸ਼ਤੇ ਨਹੀਂ ਪਰ ਉਹ ਪਰਿਵਾਰਕ ਤੌਰ 'ਤੇ ਰਹਿ ਰਿਹੈ...। ਗੱਲ ਕੀ...ਹੁਣ ਲੋਕੀਂ ਅਜਿਹੇ ਰਿਸ਼ਤਿਆਂ ਨੂੰ ਖੁੱਲ੍ਹੇ ਤੌਰ 'ਤੇ ਸਵੀਕਾਰਨ ਲੱਗ ਪਏ ਨੇ। ਹਾਂ...ਇਕ ਗੱਲ ਐ ਕਿ ਇਨ੍ਹਾਂ ਦੀ ਮਾਨਸਿਕਤਾ ਵੀ ਟਾਰਚਰ ਕਰਨ ਵਾਲੀ ਹੋ ਜਾਂਦੀ ਐ...ਕਿਉਂਕਿ ਸਮਾਜਕ ਤੌਰ 'ਤੇ ਇਨ੍ਹਾਂ ਨੂੰ ਸਵੀਕ੍ਰਿਤੀ ਨਹੀਂ ਮਿਲਦੀ...ਜਿਸ ਲੜਕੇ ਦੀ ਮੈਂ ਗੱਲ ਸੁਣਾਈ ਐ...ਉਹ ਕਹਿੰਦਾ ਹੁੰਦਾ ਸੀ ਕਿ ਇਸ ਰਿਸ਼ਤੇ ਵਿਚ ਐਨੀ ਬੇਚੈਨੀ ਮਹਿਸੂਸ ਹੁੰਦੀ ਐ ਕਿ ਕਦੇ ਕਦੇ ਲਗਦਾ ਸੀ ਕਿ ਮਰ ਜਾਓ। ਮੇਰੇ ਇਕ ਦੋਸਤ ਦਾ ਭਤੀਜਾ ਹੈ...ਉਹਨੇ ਬਚਪਨ ਵਿਚ ਹੀ ਮਹਿਸੂਸ ਕੀਤਾ ਕਿ ਉਹ ਲੜਕੀ ਐ...ਜਦੋਂ ਉਹ 12ਵੀਂ 'ਚ ਹੋਇਆ ਤਾਂ ਉਸ ਨੇ ਆਪਣੇ ਬਾਪ ਨੂੰ ਬੁਲਾ ਕੇ ਦੱਸਿਆ ਤੇ ਫੁੱਟ ਫੁੱਟ ਕੇ ਰੋਇਆ ਕਿ ਮੈਂ ਲੜਕਿਆਂ ਵੱਲ ਆਕਰਸ਼ਤ ਹੁੰਦਾਂ, ਲੜਕੀਆਂ ਵੱਲ ਨਹੀਂ...ਤੁਸੀਂ ਮੇਰਾ ਸੈਕਸ ਬਦਲਵਾ ਦਿਓ। ਉਹਦੇ ਪਿਓ ਨੇ ਕਿਹਾ ਕਿ ਹਾਲੇ ਤੂੰ ਰੁਕ ਜਾ...ਅੱਗੇ ਪੜ੍ਹ ਲੈ ਫੇਰ ਦੇਖਾਂਗੇ...ਉਹਨੇ ਇੰਜਨੀਅਰਿੰਗ ਕਰ ਲਈ...ਫੇਰ ਉਹ ਫ਼ਿਲਮ ਲਾਈਨ ਵਿਚ ਚਲਾ ਗਿਆ...ਫੇਰ ਉਸ ਨੇ ਬੈਂਕੌਕ ਜਾ ਕੇ ਆਪਰੇਸ਼ਨ ਕਰਵਾਇਆ...ਸ਼ੁਰੂ ਤੋਂ ਹੀ ਉਹਦਾ ਵਿਹਾਰ ਕੁੜੀਆਂ ਵਾਲਾ ਸੀ...ਘਰ ਵਿਚ ਮਾਂ ਨਾਲ ਵੀ ਰਸੋਈ ਵਿਚ ਲੱਗਾ ਰਹਿੰਦਾ ਸੀ...ਤੇ ਹੁਣ ਉਹ ਪੂਰੀ ਤਰ੍ਹਾਂ ਕੁੜੀ ਐ...ਬਲਾ ਦੀ ਖ਼ੂਬਸੂਰਤ ਕੁੜੀ ਐ...ਤੇ ਕਹਿੰਦੀ ਐ ਕਿ ਮੈਨੂੰ ਬੜਾ ਮਜ਼ਾ ਆਉਂਦੈ ਜਦੋਂ ਮੁੰਡੇ ਮੇਰੇ ਵੱਲ ਦੇਖਦੇ ਨੇ। ਸੋ ਕਹਿਣ ਦਾ ਭਾਵ ਜੋ ਪਹਿਲਾਂ ਘਰਾਂ ਦੇ ਬੰਦ ਕਮਰਿਆਂ ਵਿਚ ਹੁੰਦਾ ਸੀ...ਉਹ ਹੁਣ ਬਾਹਰ ਆ ਗਿਐ...ਖੁੱਲ੍ਹੇ ਤੌਰ 'ਤੇ ਸਵੀਕਾਰਿਆ ਜਾਣ ਲੱਗੈ।

## ਔਰਤ ਮਰਦ ਦੀ ਦੋਸਤੀ

***ਸਵਾਲ*** : ਕੀ ਕਦੇ ਮਰਦ ਅਤੇ ਔਰਤ ਸਿਰਫ਼ ਦੋਸਤ ਹੀ ਬਣੇ ਰਹਿ ਸਕਦੇ ਹਨ?

***ਨਿਰੁਪਮਾ*** : ਇਹ ਤਾਂ ਮੈਂ ਆਪਣੇ ਅਨੁਭਵ ਵਿਚੋਂ ਦੱਸਾਂਗੀ...ਮੇਰੀ ਇਕ ਨਜ਼ਮ ਵੀ ਐ-

*ਜਦ ਦੋਸਤੀ ਪਿਆਰ ਵਿਚ ਬਦਲ ਜਾਏ*
*ਤੁਹਾਡੇ ਅੰਦਰ ਦਾ ਦੋਸਤ ਮਰ ਜਾਂਦੈ*

ਮੇਰੇ ਜਿਹੜੇ ਸਭ ਤੋਂ ਸਫਲ ਤੇ ਸਭ ਤੋਂ ਅੱਛੇ ਰਿਸ਼ਤੇ ਰਹੇ ਨੇ ਉਨ੍ਹਾਂ ਨਾਲ ਜਿਨ੍ਹਾਂ ਨਾਲ ਮੇਰੀ ਦੋਸਤੀ ਸੀ...ਤੇ ਬੜੇ ਲੰਬੇ ਰਿਸ਼ਤੇ ਰਹੇ ਨੇ...ਇਹ ਜਿਹੜਾ ਆਸ਼ਕੀ ਦਾ, ਇਸ਼ਕ ਦਾ, ਵਿਆਹ ਦਾ ਰਿਸ਼ਤਾ ਹੈ...ਇਹਦੇ 'ਚ ਬਹੁਤ ਖ਼ੁਸ਼ਕਿਸਮਤ ਹੁੰਦੇ ਹੋਣਗੇ ਜਿਹੜੇ ਦੋਸਤ ਰਹਿੰਦੇ ਨੇ...ਮੇਰੇ ਖ਼ਿਆਲ ਵਿਚ ਜਿਹੜੀ ਬਿਹਤਰੀਨ ਦੋਸਤੀ ਐ ਨਾ...ਉਹ ਇਸ ਤੋਂ ਬਾਹਰ ਐ। ਔਰ ਮੇਰੇ ਉਹੀ ਰਿਸ਼ਤੇ ਨਿਭੇ ਨੇ ਤੇ ਬੜੀ ਅੱਛੀ ਤਰ੍ਹਾਂ ਨਿਭੇ ਨੇ...ਜਿਨ੍ਹਾਂ ਵਿਚ ਸਿਰਫ਼ ਦੋਸਤੀ ਸੀ। ਇਹ ਦੋਸਤੀ ਵਿਚ ਵੀ ਸਾਡੀਆਂ ਸਮਾਜਕ ਉਲਝਣਾਂ ਆਉਂਦੀਆਂ ਨੇ...ਕਿਉਂਕਿ ਸਮਾਜ ਸਮਝਦੈ ਕਿ ਇਹ ਦੋ ਬੰਦੇ ਜ਼ਿਆਦਾ ਈ ਨਜ਼ਦੀਕ ਨੇ ਸ਼ਾਇਦ ਕੁਛ ਹੋਏਗਾ...ਲੁਕਾ ਰਹੇ ਨੇ...। ਸਾਡੇ ਤਾਂ ਜੇ ਦੋਸਤ ਆ ਜਾਏ ਤਾਂ ਕਹਿਣਗੇ ਮੇਰਾ ਕਜ਼ਨ ਆ ਗਿਆ, ਭਰਾ ਆ ਗਿਆ...ਜੇ ਦੋਸਤੀਆਂ ਤੁੜਵਾਨੀਆਂ ਹੋਣ ਤਾਂ ਰੱਖੜੀ ਬੰਨਵਾ ਲਓ...ਹਾ...ਹਾ...ਹਾ...। ਮੇਰੇ ਰਿਸ਼ਤੇ ਇਕ ਮਰਦ-ਔਰਤ ਨਾਲੋਂ ਹੋਰ ਤਰ੍ਹਾਂ ਦੀ ਸਾਂਝ ਕਾਰਨ ਨੇ...ਜਾਂ ਉਨ੍ਹਾਂ 'ਚ ਬੌਧਿਕ ਸਾਂਝ ਕਹਿ ਲਓ...ਜਾਂ ਇਕੋ ਜਿਹੀ ਵਿਚਾਰਧਾਰਾ ਕਹਿ ਲਓ...। ਮੇਰਾ ਇਕ ਬਹੁਤ ਅੱਛਾ ਦੋਸਤ ਹੈ...ਨਕਸਲਬਾੜੀ ਲਹਿਰ ਵੇਲੇ ਦਾ...ਮਨਮੋਹਨ ਸ਼ਰਮਾ...ਸਾਡੀ ਦੋਸਤੀ ਬੜੀ ਲੰਬੀ ਰਹੀ...ਏਨਾ ਵਕਤ ਇਕੱਠਿਆਂ ਗੁਜ਼ਾਰਿਆ...ਉਹਦੀ ਪਤਨੀ ਨਾਲ ਵੀ ਹਾਲੇ ਤਕ ਦੋਸਤੀ ਐ...ਪਰ ਜਦੋਂ ਉਨ੍ਹਾਂ ਦੀ ਆਪਸ ਵਿਚ ਲੜਾਈ ਹੁੰਦੀ ਸੀ...ਫੇਰ ਉਹ ਕਹਿੰਦੀ ਸੀ ਹੂੰ...ਨਿਰੁਪਮਾ...!! ਜਦੋਂ ਉਹਨੇ ਕਈ ਵਾਰ ਇਹ ਦੁਹਰਾਇਆ ਤਾਂ ਉਦੋਂ ਤਕ ਮੈਂ ਪੂਰੀ ਤਰ੍ਹਾਂ ਖਿਝ ਚੁੱਕੀ ਸਾਂ...ਮੈਂ ਕਿਹਾ-''ਤੇਰਾ ਇਸ 'ਤੇ ਪਤੀ ਵਾਲਾ ਹੱਕ ਐ ਤੇ ਮੇਰਾ ਦੋਸਤ ਹੋਣ ਦਾ ਹੱਕ ਐ...ਤੂੰ ਜੋ ਮਰਜ਼ੀ ਕਹਿੰਦੀ ਰਹਿ...ਮੈਨੂੰ ਫ਼ਰਕ ਨਹੀਂ ਪੈਂਦਾ...ਹਾ...ਹਾ...। ਜਦੋਂ ਔਰਤ-ਮਰਦ ਇਕੱਠੇ ਕੰਮ ਕਰਨਗੇ ਤਾਂ ਦੋਸਤੀਆਂ ਤਾਂ ਹੋਣਗੀਆਂ ਹੀ ਤੇ ਇਹ ਜ਼ਰੂਰੀ ਨਹੀਂ ਕਿ ਹਰ ਵੱਲ ਸੈਕਸ਼ੁਅਲੀ ਅਟਰੈਕਸ਼ਨ ਹੋਵੇ...ਇਹ ਖਿਚ ਤਾਂ ਕਿਸੇ ਇਕ-ਅੱਧੇ ਵੱਲ ਈ ਹੋਏਗੀ ਨਾ...। ਸੋ, ਸ਼ੁਰੂ 'ਚ ਕਿਤੇ ਐਹੋ ਜਿਹੀ ਕੋਈ ਚਿੰਗਾਰੀ ਹੋਵੇ ਵੀ ਤਾਂ ਦੋਸਤੀ 'ਚ ਸਭ ਖ਼ਤਮ ਹੋ ਜਾਂਦੀ ਐ...ਉਥੇ ਲਗਦੈ ਕਿ ਇਥੇ ਦੋਸਤੀ ਰੱਖਣਾ ਬਿਹਤਰ...ਇਸ ਰਿਸ਼ਤੇ ਨੂੰ ਉਲਝਾਉਣ ਦਾ ਕੋਈ ਫਾਇਦਾ ਨਹੀਂ...ਮੇਰੇ ਜਿਹੜੇ ਰਿਸ਼ਤੇ ਰਹੇ...ਉਨ੍ਹਾਂ ਵਿਚ ਕੁਮਾਰ ਵਿਕੱਲ ਨਾਲ ਮੇਰੀ ਬਹੁਤ ਗੂੜ੍ਹੀ ਦੋਸਤੀ ਰਹੀ...ਉਹ ਮੇਰੇ ਤੋਂ ਕੋਈ 25-30 ਸਾਲ ਵੱਡੇ ਹੋਣਗੇ...ਪਰ ਸਾਡਾ ਯਾਰਾਨਾ ਸੀ ਪੂਰਾ...ਵਿਕੱਲ ਸਾਹਿਬ ਨੂੰ ਜ਼ਰੂਰਤ ਪਈ ਸੀ ਕਿਉਂਕਿ ਉਹ ਪੁਰਾਣੇ ਜ਼ਮਾਨੇ ਦੇ ਸਨ...ਉਨ੍ਹਾਂ ਕਹਿਣਾ ਕਿ ਇਹ ਮੇਰੀ ਭੈਣ ਐ...ਮੇਰੀ ਕੋਈ ਭੈਣ ਨਹੀਂ ਸੀ...ਇਸ ਲਈ ਮੈਂ ਇਹਨੂੰ ਆਪਣੀ ਭੈਣ ਬਣਾਇਐ...ਹੁਣ ਮੇਰੇ ਤਾਂ ਪਹਿਲਾਂ ਹੀ 6 ਭਰਾ ਸੀ...ਵਿਚਾਰੇ ਹੁਣ ਤਾਂ ਦੋ ਹੀ ਰਹਿ ਗਏ...ਸੋ, ਮੈਨੂੰ ਭਰਾ ਬਣਾਉਣ ਦਾ ਕੋਈ ਸ਼ੌਕ ਹੀ ਨਹੀਂ ਸੀ...ਪਰ ਵਿਕੱਲ ਹੋਰਾਂ ਨੂੰ ਆਪਣੀ ਮਾਨਸਿਕ ਤਸੱਲੀ ਵਾਸਤੇ ਚਾਹੀਦਾ ਸੀ ਕਿ ਇਹ ਮੇਰੀ ਭੈਣ ਐ...। ਪਰ ਕਮਾਲ ਦੀ ਦੋਸਤੀ ਰਹੀ ਸਾਡੀ...ਕਮਲ ਤਿਵਾਰੀ ਨਾਲ ਬੜੀ ਦੋਸਤੀ ਰਹੀ...ਇਕ ਦੋਸਤੀ ਸੀ ਜਿਹੜੀ 16 ਸਾਲ ਬਾਅਦ ਇਸ਼ਕ ਵਿਚ ਬਦਲੀ ਤੇ ਦੋਸਤੀ ਵੀ ਖ਼ਤਮ ਹੋ ਗਈ। ਮੇਰੇ ਤਾਂ ਜ਼ਿਆਦਾ ਮਰਦ ਦੋਸਤ ਹੀ ਰਹੇ ਨੇ...ਤੇ ਉਨ੍ਹਾਂ ਦੇ ਪਰਿਵਾਰਾਂ ਵਿਚ ਮੇਰੀ ਬੜੀ ਇੱਜ਼ਤ ਰਹੀ ਏ...ਇਸੇ ਤਰ੍ਹਾਂ ਸਤਵੰਤ ਪੇਂਟਰ ਨਾਲ...ਉਨ੍ਹਾਂ ਦੀ ਪਤਨੀ ਤੇ ਧੀ ਨਾਲ ਮੇਰੀ ਬੜੀ ਦੋਸਤੀ ਰਹੀ...ਉਨ੍ਹਾਂ ਦਾ ਬੀਜੀ ਨਾਲ ਬੜਾ ਮੋਹ ਸੀ। ਇਕ ਮੇਰੀ ਦੋਸਤੀ ਏ.ਬੀ.ਐਸ. ਨਬੂਦਰੀ ਨਾਲ ਰਹੀ ਐ...ਬੜੀ ਲੰਬੀ...ਮੈਨੂੰ ਲਗਦੈ ਕਿ ਦੋਸਤੀ ਸੈਕਸ ਤੋਂ ਪਰ੍ਹੇ ਦੀ ਚੀਜ਼ ਐ।



ਸ਼ਿਲਾਂਗ ਸਕੂਲ ਦੀਆਂ ਸਹੇਲੀਆਂ ਨਾਲ।

***ਸਵਾਲ*** : ਬਾਜ਼ਾਰ ਦੀਆਂ ਤਾਕਤਾਂ ਜਿਵੇਂ ਇਸਤਰੀ ਦੀ ਦੇਹ ਨੂੰ ਆ ਪਈਆਂ ਨੇ, ਇਹਦਾ ਮੁਕਾਬਲਾ ਕਰਨ ਲਈ ਭਾਰਤੀ ਲੇਖਕ ਕੀ ਕਰੇ?

***ਨਿਰੁਪਮਾ*** : ਦੇਖੋ, ਜਿਹੜਾ ਤਾਂ ਜਾਗਰੂਕ ਲੇਖਕ ਐ...ਅਲੱਗ ਅਲੱਗ ਜ਼ਮਾਨੇ ਵਿਚ...ਉਹ ਤਾਂ ਇਹ ਕਰ ਹੀ ਰਿਹੈ...ਖ਼ਾਸ ਤੌਰ 'ਤੇ ਐ ਪਿਛਲੇ ਦੌਰ ਵਿਚ ਭਾਜਪਾ ਸਰਕਾਰ ਆਈ ਐ...ਹਿੰਦੂਤਵ ਦਾ ਰੌਲਾ ਪਿਐ...ਤੇ ਅਸੀਂ ਦੇਖਿਆ ਵੀ ਐ ਕਿ ਇਸ ਦਾ ਲੇਖਕਾਂ 'ਤੇ ਕੀ ਅਸਰ ਪਿਐ...ਪਰ ਲੇਖਕਾਂ ਨੇ ਟੁੱਟ ਕੇ ਜਵਾਬ ਦਿਤੈ...ਭਾਵੇਂ ਇਨਾਮ ਵਾਪਸ ਕਰਕੇ ਤੇ ਭਾਵੇਂ ਕਿਸੇ ਹੋਰ ਰੂਪ ਵਿਚ...ਭਾਵੇਂ ਪੇਰੂਮਨ ਦਾ ਕਹਿਣਾ ਸੀ ਕਿ ਮੈਂ ਲਿਖਾਂਗਾ ਨਹੀਂ...ਪਰ ਹੁਣ ਉਸ ਦੀਆਂ ਨਜ਼ਮਾਂ ਆਈਆਂ ਨੇ ਜਦੋਂ ਅਦਾਲਤ ਨੇ ਉਹਦੇ ਹੱਕ ਵਿਚ ਫ਼ੈਸਲਾ ਸੁਣਾਇਆ...। ਪਰ ਦੁੱਖ ਹੁੰਦੈ ਕਿ ਬਹੁਤ ਸਾਰੇ ਲੇਖਕ ਐਸੇ ਨੇ ਜਿਹੜੇ ਨਾ ਇਧਰ ਦੇ ਨਾ ਉਧਰ ਦੇ...ਉਨ੍ਹਾਂ ਨੇ ਇਹ ਰਵੱਈਆ ਬਣਾ ਲਿਐ...ਕਿ ਬੱਸ ਲਿਖਣੈ ਹੈ...ਪਰ ਉਨ੍ਹਾਂ ਦੀ ਲੇਖਣੀ 'ਚ ਕੋਈ ਰਸਿਸਟੈਂਸ ਨਹੀਂ ਐ...ਹਰ ਭਾਸ਼ਾ ਵਿਚ ਇਸ ਤਰ੍ਹਾਂ ਦੇ ਲੇਖਕ ਨੇ ਜਿਹੜੇ ਬਚ ਕੇ ਨਿਕਲ ਜਾਂਦੇ ਨੇ...ਔਰ ਕੁਛ ਵੀ ਲਿਖੀ ਜਾ ਰਹੇ ਨੇ। ਜਦੋਂ ਇਹ ਸਾਰਾ ਰੌਲਾ ਪਿਆ ਤਾਂ ਖ਼ਾਸ ਕਰਕੇ ਪੰਜਾਬ ਨੇ ਤਾਂ ਕਮਾਲ ਈ ਕਰ ਦਿੱਤੀ...ਮੇਰਾ ਖ਼ਿਆਲ ਐ ਕਿ ਏਨੀ ਪ੍ਰਤੀਕਿਰਿਆ ਕਿਸੇ ਹੋਰ ਸੂਬੇ ਵਿਚੋਂ ਨਹੀਂ ਆਈ। ਪਰ ਬਹੁਤੇ ਲੇਖਕ ਵਿਰੋਧ ਨਹੀਂ ਕਰਦੇ...ਉਹ ਮੈਂ ਦੇਖਿਐ ਇਨਾਮਾਂ-ਸਨਮਾਨਾਂ ਦੀ ਦੌੜ ਵਿਚ ਜ਼ਿਆਦਾ ਰਹਿੰਦੇ ਨੇ...ਸੱਤਾ ਨੂੰ ਖ਼ੁਸ਼ ਕਰਨ ਵਿਚ ਰਹਿੰਦੇ ਨੇ...ਪਿਛੇ ਜਿਹੇ ਇਕ ਲੇਖਕ ਦੀ ਮੌਤ ਹੋਈ ਐ...ਉਹਨੇ ਕੋਈ ਸਵਾ ਸੌ ਕਿਤਾਬ ਲਿਖੀ ਐ ਤੇ ਕੋਈ ਇਨਾਮ ਨਹੀਂ ਰਿਹਾ ਹੋਣਾ, ਜਿਹੜਾ ਉਹਨੂੰ ਨਾ ਮਿਲਿਆ ਹੋਵੇ...ਕੋਈ ਸਰਕਾਰੀ ਮਹਿਕਮਾ ਨਹੀਂ ਹੋਣਾ, ਜਿਹਦੇ ਵਿਚ ਉਹਨੇ ਕੰਮ ਨਾ ਕੀਤਾ ਹੋਵੇ...ਠੀਕ ਐ ਉਹਨੇ ਸਵਾ ਸੌ ਕਿਤਾਬ ਲਿਖੀ ਐ ਪਰ ਲੇਖਣੀ ਉਹੀ ਐ...ਜੋ ਸੰਘਰਸ਼ ਵਿਚੋਂ ਨਿਕਲੇ...ਜਿਹੜਾ ਗ਼ਲਤ ਵਿਰੁੱਧ ਸਟੈਂਡ ਲੈ ਸਕੇ...ਜੇ ਤੁਸੀਂ ਬਚ ਕੇ ਨਿਕਲ ਜਾਂਦੇ ਓ ਤਾਂ ਫੇਰ ਤੁਸੀਂ ਲੋਕਾਂ ਦੇ ਲੇਖਕ ਨਹੀਂ ਹੁੰਦੇ...ਜ਼ਰੂਰੀ ਨਹੀਂ ਤੁਸੀਂ ਐਵਾਰਡ ਵਾਪਸ ਕਰੋ...ਹੋਰ ਬਹੁਤ ਤਰੀਕੇ ਨੇ...ਪਰ ਦੁੱਖ ਹੁੰਦੈ ਕਿ ਸਾਡੀ ਲੇਖਣੀ ਵਿਚ ਸਥਾਪਤੀ ਵਿਰੁੱਧ ਉਹ ਵਿਰੋਧ ਨਿਕਲ ਕੇ ਨਹੀਂ ਆ ਰਿਹਾ...ਹੁਣ ਜੋ ਕੁੜੀਆਂ ਲਿਖ ਰਹੀਆਂ ਨੇ...ਜਿਹੜੀਆਂ ਅਕਾਦਮੀਆਂ ਨੇ...ਜਿਹੜੇ ਗੁੱਟ ਨੇ...ਉਹ ਕਹਿੰਦੇ ਨੇ-ਬਈ ਉਹ ਫਲਾਣੀ ਬੜੀ ਸੋਹਣੀ ਐ...ਇਹਨੂੰ ਇਨਾਮ ਮਿਲਣਾ ਚਾਹੀਦੈ ਜਾਂ ਫਲਾਣੀ ਇਸਤਰੀ ਇਸ ਕਰਕੇ ਕਵਿਤਰੀ ਜਾਂ ਕਹਾਣੀਕਾਰਾ ਐ ਕਿ ਉਹ ਬੜੀ ਸੋਹਣੀ ਐ...ਜਦੋਂ ਉਨ੍ਹਾਂ ਨੂੰ ਲਗਦੈ ਕਿ ਫਲਾਣੀ ਔਰਤ ਉਨ੍ਹਾਂ 'ਤੇ ਚੋਟ ਕਰ ਰਹੀ ਐ ਤਾਂ ਉਹ ਉਸੇ ਵੇਲੇ ਕੱਟ ਦਿੱਤੀ ਜਾਂਦੀ ਐ...ਮੈਂ ਸਮਝਣੀ ਆਂ ਕਿ ਇਹ ਕਰਾਈਟੀਰੀਆ ਸਹੀ ਨਹੀਂ। ਇੰਜ ਦੇ ਲੋਕਾਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਐ ਜਿਹੜੇ ਨਾ ਇਧਰ ਦੇ ਨਾ ਉਧਰ ਦੇ। ਮੈਨੂੰ ਇਹ ਵੀ ਲਗਦੈ ਕਿ ਹੁਣ ਐਸੀਆਂ ਆਵਾਜ਼ਾਂ ਆਉਣਗੀਆਂ ਜੋ ਇਸ ਵਤੀਰੇ ਦਾ ਵਿਰੋਧ ਕਰਨਗੀਆਂ। ਹਰ ਦੌਰ ਵਿਚ ਕੁਝ ਹੀ ਅਜਿਹੇ ਹੁੰਦੇ ਨੇ ਜਿਹੜੇ 'ਸਿਰ ਧਰ ਗਲੀ ਮੇਰੀ ਆਓ' ਵਾਲੇ ਹੁੰਦੇ ਨੇ...ਬਾਕੀ ਹੁੰਦੇ ਨੇ ਕਿ ਬਚ-ਬਚਾਅ ਕੇ ਨਿਕਲਦੇ ਰਹੋ।

ਹਾਂ, ਜਿੱਥੋਂ ਤਕ ਇਸਤਰੀ ਦੀ ਆਜ਼ਾਦੀ ਦਾ ਮਸਲਾ ਹੈ...ਕਿਸੇ ਮਰਦ ਨਾਲ ਆਪਣੀ ਇੱਛਾ ਮੁਤਾਬਕ ਸੈਕਸ ਕਰਨ ਨੂੰ ਆਜ਼ਾਦੀ ਨਹੀਂ ਕਹਿੰਦੇ...ਇਹ ਤਾਂ ਬਹੁਤ ਸਾਧਾਰਨ ਗੱਲ ਐ...ਮਸਲੇ ਹੋਰ ਬਹੁਤ ਨੇ...ਔਰਤਾਂ ਪ੍ਰਤੀ ਸੌੜੀ ਸੋਚ ਬਦਲਣ ਦੀ ਹਾਲੇ ਵੀ ਬਹੁਤ ਲੋੜ ਐ ਤੇ ਮੈਂ ਸਮਝਣੀ ਆਂ ਕਿ ਲੇਖਕ ਇਸ ਵਿਚ ਅਹਿਮ ਭੂਮਿਕਾ ਨਿਭਾ ਸਕਦੇ ਹਨ।

***ਸਵਾਲ*** : ਕੀ ਸਿਰਫ਼ ਕਵਿਤਾ, ਕਹਾਣੀ ਤੇ ਨਾਵਲ ਨਾਲ ਹੀ ਮਾਰਕੀਟ ਦੇ ਇਸ ਹੱਲੇ ਦਾ ਮੁਕਾਬਲਾ ਸੰਭਵ ਹੈ; ਜੇ ਨਹੀਂ ਤਾਂ ਕੀ ਕਰਨਾ ਲੋੜੀਏ?

***ਨਿਰੁਪਮਾ*** : ਮੇਰਾ ਖ਼ਿਆਲ ਐ ਕਿ ਕੋਈ ਕਵਿਤਾ, ਕਹਾਣੀ ਤੇ ਨਾਵਲ ਕੋਈ ਬਹੁਤ ਬਦਲਾਅ ਨਹੀਂ ਲਿਆ ਸਕਦੀ...ਹਰ ਦੌਰ ਦੇ ਸਾਹਿਤ ਵਿਚ ਏਨੀ ਸ਼ਕਤੀ ਨਹੀਂ ਕਿ ਉਹ ਹਾਲਾਤ ਬਦਲ ਦੇਵੇ ਪਰ ਜਿਹੜਾ ਸ਼ਾਇਰਾਂ, ਕਹਾਣੀਕਾਰਾਂ, ਨਾਵਲਕਾਰਾਂ ਦਾ ਇਮਾਨ ਐ...ਇਹ ਉਨ੍ਹਾਂ ਦਾ ਹਥਿਆਰ ਵੀ ਐ...ਚੰਗੇ-ਮਾੜੇ ਬਾਰੇ ਲਿਖਣਾ, ਲੇਖਕ ਲਈ ਬਹੁਤ ਜ਼ਰੂਰੀ ਐ...ਲੇਖਕ ਤਾਂ ਜ਼ਮੀਨ ਤਿਆਰ ਕਰ ਸਕਦੈ ਤੇ ਜੋ ਉਹ ਕਰਦੈ ਜ਼ਰੂਰੀ ਨਹੀਂ ਕਿ ਅੱਜ ਹੀ ਬਦਲਾਅ ਲਿਆ ਦੇਵੇਗਾ...ਕਦੇ ਵੀ ਬਦਲ ਸਕਦੈ...ਲੋਕਾਂ ਦੀ ਸੋਚ ਬਦਲ ਸਕਦੈ...ਸਿਰਫ਼ ਇਹ ਐ ਕਿ ਲੰਬਾ ਕੰਮ ਐ...ਇਹਦਾ ਕੋਈ ਫੌਰੀ ਸਿੱਟਾ ਨਿਕਲਣਾ, ਮੁਸ਼ਕਲ ਐ।

## ਬਾਜ਼ਾਰ ਤੇ ਬੌਧਿਕ ਕੰਗਾਲੀ

***ਸਵਾਲ*** : ਕੀ ਮੌਜੂਦਾ ਵਿਵਸਥਾ ਦੇ ਚਲਦਿਆਂ ਨਾਰੀ ਮੁਕਤੀ ਜਾਂ ਹਰ ਤਰ੍ਹਾਂ ਦੀ ਮਨੁੱਖੀ ਆਜ਼ਾਦੀ ਦਾ ਸੁਪਨਾ ਹਕੀਕੀ ਰੂਪ ਅਖਤਿਆਰ ਕਰ ਸਕਦਾ ਹੈ?

***ਨਿਰੁਪਮਾ*** : ਨਹੀਂ ਅਖਤਿਆਰ ਕਰ ਸਕਦਾ...ਕਿਉਂਕਿ ਅਸੀਂ ਆਪ ਦੇਖਿਐ ਕਿ ਹਰ ਤਰਫ਼ ਚਾਹੇ ਉਹ ਫਿਰਕੂ ਮਤਭੇਦ ਐ...ਚਾਹੇ ਔਰਤਾਂ ਦਾ ਮਸਲਾ ਹੈ...ਬਰਾਬਰੀ ਦਾ ਮਸਲੈ...ਜਮਾਤੀ ਸੰਘਰਸ਼ ਐ...ਉਹ ਸਾਰੀਆਂ ਵਕਤ ਨਾਲ ਖ਼ਰਾਬ ਹੋਈਆਂ ਨੇ...ਪਿਛੇ ਨੂੰ ਗਈਆਂ ਨੇ...ਸਭ ਕੁਝ ਪਿਛੇ ਨੂੰ ਗਿਐ...ਦੇਖੋ, ਉਨ੍ਹਾਂ ਵਿਚ ਵੀ ਗ਼ਲਤੀਆਂ ਹੋਣਗੀਆਂ... ਜਿਹੜੇ ਸਵਾਲਾਂ ਨੂੰ ਅਸੀਂ ਹੁਣ ਵਾਰ ਵਾਰ ਲਿਆ ਰਹੇ ਆਂ...ਐ ਸਵਾਲ ਤਾਂ ਅਸਾਂ ਸੋਚਦੇ ਸਾਂ ਕਿ ਪਿਛੇ ਛੱਡ ਆਏ ਆਂ...ਇਨ੍ਹਾਂ ਦੀ ਤਾਂ ਹੁਣ ਕੋਈ ਲੋੜ ਨਹੀਂ ਰਹੀ...ਇਸ ਕਰਕੇ ਲੋਕ ਕਿਉਂ ਵਾਰ ਵਾਰ ਵਾਪਸ ਜਾਂਦੇ ਨੇ...ਮੰਟੋ ਕੋਲ ਜਾ ਰਹੇ ਨੇ...ਬੇਦੀ ਕੋਲ ਜਾ ਰਹੇ ਨੇ...ਪੁਰਾਣੇ ਲੇਖਕਾਂ ਕੋਲ ਜਾਂਦੇ ਨੇ...ਨਵੇਂ ਲੋਕ ਵੀ ਸ਼ਾਇਦ ਇਸੇ ਸਿਸਟਮ ਵਿਚ ਪੈਦਾ ਹੋਏ ਨੇ...ਹੁਣ ਤੁਸੀਂ ਤਾਜ਼ਾ ਮਿਸਾਲ ਹੀ ਲੈ ਲਓ...ਤੁਸੀਂ ਨੌਜਵਾਨਾਂ ਨੂੰ 'ਆਪ' ਦੀਆਂ ਟੋਪੀਆਂ ਪਵਾ ਦਿੰਦੇ ਹੋ...ਬਿਲਕੁਲ ਕਿਧਰੇ ਹੋਰ ਹੀ ਲੈ ਜਾਂਦੇ ਹੋ...ਤੇ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਉਨ੍ਹਾਂ ਦਾ ਆਦਰਸ਼ ਮਾਡਲ ਕੀ ਹੈ। ਦੂਜਾ ਇਹ ਮਸਲਾ ਬਾਜ਼ਾਰ ਨਾਲ ਵੀ ਬਹੁਤ ਜੁੜਿਆ ਹੋਇਐ...ਕਿਉਂਕਿ ਹਰ ਬੱਚਾ ਕਾਮਯਾਬ ਹੋਣਾ ਚਾਹੁੰਦੈ...ਅੱਜ ਦਾ ਬੱਚਾ ਕਹਿੰਦੈ-''ਮੁਝੇ ਪਤਾ ਹੈ ਮੈਨੇ ਕਯਾ ਕਰਨਾ ਹੈ...35 ਸਾਲ ਕੀ ਉਮਰ ਤਕ ਅਪਨਾ ਫਲੈਟ ਹੋਨਾ ਚਾਹੀਏ...।'' ਸਾਡੀ ਪੀੜ੍ਹੀ ਤੇ ਇਹ ਨਹੀਂ ਸੀ ਸੋਚਦੀ...ਮੈਨੂੰ ਤੇ ਕਦੇ ਉਮੀਦ ਨਹੀਂ ਸੀ ਕਿ ਮੇਰੇ ਕੋਲ ਵੀ ਕਾਰ ਹੋਵੇ...ਔਰ ਨਾ ਹੀ ਕਦੇ ਲੋੜ ਮਹਿਸੂਸ ਹੋਈ ਸੀ। ਹੁਣ ਏਨਾ ਬਦਲਾਅ ਆ ਗਿਐ ਕਿ ਤੁਸੀਂ ਏਨੇ ਖ਼ਰਚ ਤੋਂ ਬਗ਼ੈਰ ਜੀਅ ਹੀ ਨਹੀਂ ਸਕਦੇ। ਤੁਸੀਂ ਕਦੇ ਸੁਣਿਆ ਸੀ ਬਰਾਂਡਡ ਕੱਪੜੇ...ਮੈਨੂੰ ਤਾਂ ਇਨ੍ਹਾਂ ਚੀਜ਼ਾਂ ਵਿਚ ਫ਼ਰਕ ਹੀ ਪਤਾ ਨਹੀਂ ਚੱਲਦਾ...। ਏਨਾ ਜਿਹੜਾ ਆਰਥਕ ਦਬਾਅ ਵਧਿਐ...ਖ਼ਾਸ ਕਰਕੇ ਜਿਹੜਾ ਮੱਧ ਵਰਗ ਐ...ਉਹ ਬੁਰੀ ਤਰ੍ਹਾਂ ਪਿਸ ਰਿਹੈ। ਇਕ ਬਾਜ਼ਾਰ ਤੇ ਦੂਜਾ ਬੌਧਿਕ ਕੰਗਾਲੀ ਤੇ ਝੂਠੀ ਲੀਡਰਸ਼ਿਪ...ਜਿਹੜੀ ਛੋਟੀ ਜਿਹੀ ਗੱਲ 'ਤੇ ਲੋਕਾਂ ਨੂੰ ਉਡਾ ਕੇ ਲੈ ਜਾਂਦੀ ਹੈ...ਤੇ ਕੁਛ ਹੱਦ ਤਕ ਸਾਡੀ ਖੱਬੀ ਧਿਰ ਦੀਆਂ ਨਾਕਾਮੀਆਂ...ਲੈਫ਼ਟ ਨੇ ਆਪਣੇ ਆਸ-ਪਾਸ ਐਸਾ ਔਰਾ ਬਣਾਇਆ ਹੋਇਆ ਸੀ...ਕਿ ਉਹਦੇ 'ਚ ਦਾਖ਼ਲ ਹੋਣਾ ਹੀ ਬੜਾ ਮੁਸ਼ਕਲ ਸੀ...ਪਾਰਟੀ 'ਚ ਸ਼ਾਮਲ ਕਰਨ ਨੂੰ ਹੀ ਇਵੇਂ ਸਮਝਿਆ ਜਾਂਦਾ ਸੀ ਕਿ ਜਿਵੇਂ ਬਹੁਤ ਵੱਡਾ ਕੰਮ ਕਰ ਰਹੇ ਨੇ। ਉਨ੍ਹਾਂ ਨੇ ਆਪਣੇ ਦਰਵਾਜ਼ੇ ਉਸ ਤਰ੍ਹਾਂ ਖੁੱਲ੍ਹੇ ਨਹੀਂ ਰੱਖੇ...ਲੀਡਰਸ਼ਿਪ ਉਨ੍ਹਾਂ ਕੋਲ ਆਈ ਜਿਹੜੇ ਜਾਂ ਤਾਂ ਖ਼ੁਦ ਬੜੇ ਅਮੀਰ ਸਨ ਜਾਂ ਯੂਨੀਵਰਸਿਟੀਆਂ 'ਚੋਂ ਪੜ੍ਹ ਕੇ ਆਏ ਤੇ ਉਹ ਲੋਕਾਂ ਦੇ ਲੀਡਰ ਨਹੀਂ ਸਨ। ਇਹ ਮਹਿਜ਼ ਫ਼ੈਸ਼ਨ ਸੀ...ਤੇ ਜਿੱਥੇ ਗੱਲ ਪਹੁੰਚਣੀ ਚਾਹੀਦੀ ਸੀ, ਉਥੇ ਪਹੁੰਚ ਨਹੀਂ ਸੀ ਰਹੀ। ਪੰਜਾਬ ਯੂਨੀਵਰਸਿਟੀ ਵਿਚ ਕਾਂਗਰਸ ਦਾ ਬੜੀ ਦੇਰ ਦਬਦਬਾ ਰਿਹੈ...ਤੇ ਫੇਰ ਸ਼੍ਰੋਮਣੀ ਅਕਾਲੀ ਦਲ ਦਾ...ਸ਼ੁਕਰ ਐ ਇਸ ਵਾਰ ਪ੍ਰਸੂ ਤੇ ਕਾਂਗਰਸ ਦਾ ਬਾਗ਼ੀ ਧੜਾ ਉਭਰ ਕੇ ਸਾਹਮਣੇ ਆਇਆ। ਤੇ ਜੇ.ਐਨ.ਯੂ. (ਜਵਾਹਰ ਲਾਲ ਯੂਨੀਵਰਸਿਟੀ) ਦਾ ਨਾਂ ਇੰਜ ਲਿਆ ਜਾਂਦੈ ਜਿਵੇਂ ਕੋਈ ਗਾਲ ਹੋਵੇ...ਜਾਣ-ਬੁਝ ਕੇ ਇਸ ਨੂੰ ਨਿਸ਼ਾਨੇ 'ਤੇ ਲਿਆ ਗਿਆ। ਕੋਈ ਚੰਗੀ ਗੱਲ 'ਤੇ ਹੁਣ ਹੋ ਹੀ ਨਹੀਂ ਰਹੀ... ਧਰਮ ਤੇ ਜਾਤ ਦਾ ਬੇਤੁਕਾ ਵਖਰੇਵਾਂ। ਜਦੋਂ ਤੋਂ ਇਹ ਕੱਟੜਤਾ ਵਧਦੀ ਐ ਤਾਂ ਲਿਬਰਲ ਤਾਂ ਨਿਸ਼ਾਨੇ 'ਤੇ ਆਉਂਦਾ ਹੀ ਐ ਪਰ ਔਰਤਾਂ ਸਭ ਤੋਂ ਵੱਧ ਨਿਸ਼ਾਨੇ 'ਤੇ ਹੁੰਦੀਆਂ ਨੇ। ਮਸਲਨ, ਉਹ ਕੀ ਪਹਿਨਣ, ਕੀ ਨਾ ਪਹਿਨਣ...ਆ ਕਰਨ, ਓ ਨਾ ਕਰਨ...। ਇਹ ਬੁਰਾ ਦੌਰ ਐ...ਇਹ ਤਾਕਤਾਂ ਪਿਛਾਂਹ ਖਿਚੂ ਨੇ ਤੇ ਸਾਨੂੰ ਫੇਰ ਪਿਛੇ ਧੂਹ ਰਹੀਆਂ ਨੇ...ਲੋਕਾਂ ਦੇ ਸੰਘਰਸ਼ ਨੂੰ ਬਹੁਤ ਪਿਛੇ ਧੱਕ ਰਹੀਆਂ ਨੇ।

## ਪੈਰਾਂ 'ਚ ਚੱਕਰ

***ਸਵਾਲ*** : ਤੁਹਾਨੂੰ ਪੱਤਰਕਾਰੀ ਵਿਚ ਲਗਭਗ 45 ਸਾਲ ਦਾ ਤਜਰਬਾ ਹਾਸਲ ਹੈ। ਕਈ ਨਾਮਵਰ ਅਖ਼ਬਾਰਾਂ ਤੇ ਪੱਤ੍ਰਿਕਾਵਾਂ ਵਿਚ ਉਚ ਅਹੁਦਿਆਂ 'ਤੇ ਕੰਮ ਕੀਤਾ ਪਰ ਕਿਸੇ ਇਕ ਅਦਾਰੇ ਨਾਲ ਠਹਿਰਾ ਨਹੀਂ, ਕਿਉਂ?

***ਨਿਰੁਪਮਾ*** : ਟਿੱਕ ਕੇ ਨੀਂ ਬਹਿੰਦੀ ਕਿਤੇ...ਹਾ...ਹਾ...। ਪੈਰਾਂ 'ਚ ਚੱਕਰ ਐ ਮੇਰੇ। ਮੈਂ ਅਕਸਰ ਮਜ਼ਾਕ ਕਰਨੀ ਆਂ ਕਿ ਇਹ ਬਦਲਾਅ ਮੇਰੀ ਜ਼ਿੰਦਗੀ ਦਾ ਹਿੱਸਾ ਹੀ ਰਿਹੈ...11 ਸਾਲ ਹੁੰਦੇ ਨੇ ਸਕੂਲ ਦੇ ਤੇ ਮੈਂ 12 ਸਕੂਲ ਬਦਲੇ ਨੇ...ਵੱਖ ਵੱਖ ਸ਼ਹਿਰਾਂ ਵਿਚ...ਹਾ...ਹਾ...। ਕੁਛ ਕਾਰਨ ਸਨ...ਦਰਅਸਲ, ਹਾਲਾਤ ਹੀ ਐਸੇ ਸਨ ਪਰਿਵਾਰ ਦੇ... ਦੂਜਾ ਅਸੀਂ ਰਫਿਊਜੀ ਹਾਂ...ਪਾਕਿਸਤਾਨ ਤੋਂ ਆਏ ਹੋਏ...ਉਜੜੇ ਲੋਕ...ਹਾ...ਹਾ...। ਏਨੇ ਸਕੂਲ ਬਦਲੇ...ਐਨੇ ਘਰ ਬਦਲੇ। ਮੈਂ 8 ਸਾਲ ਦਿੱਲੀ ਰਹੀ...ਅਖ਼ੀਰਲੇ ਤਿੰਨ ਸਾਲ ਵਿਚ ਮੇਰਾ ਆਪਣਾ ਫਲੈਟ ਸੀ...ਪਹਿਲੇ ਪੰਜ ਸਾਲ ਮੈਂ 7 ਘਰ ਬਦਲੇ...ਚੰਡੀਗੜ੍ਹ ਆ ਕੇ ਵੀ ਇਸੇ ਤਰ੍ਹਾਂ ਰਿਹਾ। ਸ਼ੁਕਰ ਐ ਮੈਂ ਵਿਆਹ ਨਹੀਂ ਕੀਤਾ...ਹਾ...ਹਾ...ਪਤਾ ਨਹੀਂ ਕਿੰਨੇ ਕਰਨੇ ਪੈ ਜਾਣੇ ਸਨ...ਅੱਜ ਵਾਰ ਪਤੀ ਬਦਲਣਾ ਪੈਂਦਾ...ਅੱਜ ਇਹਨੂੰ ਕੱਢੋ...ਹੁਣ ਦੂਜਾ ਲੈ ਆਓ...ਹਾ...ਹਾ...।

ਬਚਪਨ ਦਾ ਜਿਹੜਾ ਕਾਰਨ ਰਿਹਾ...ਅਸੀਂ ਆਪਣੇ ਪਿਤਾ ਨੂੰ ਡੈਡੀ ਸਾਹਿਬ ਬੁਲਾਉਂਦੇ ਸੀ...ਉਹ

ਪਾਕਿਸਤਾਨ ਵਾਲੇ ਪਾਸੇ ਦੇ ਗੁਜਰਾਤ ਤੋਂ ਬ੍ਰਾਹਮਣ ਪਰਿਵਾਰ ਵਿਚੋਂ ਸਨ...ਜਿਨ੍ਹਾਂ ਕੋਲ ਥੋੜ੍ਹੀ ਜ਼ਮੀਨ ਸੀ...ਮੇਰੇ ਦਾਦੇ ਨੂੰ ਉਨ੍ਹਾਂ ਦੇ ਪਿਤਾ ਨੇ ਬੇਦਖ਼ਲ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਦੀ ਕਿਸੇ ਮੁਸਲਮਾਨ ਔਰਤ ਨਾਲ ਦੋਸਤੀ ਸੀ...ਦਾਦੇ ਮੇਰੇ ਦੇ ਦੋ ਵਿਆਹ ਹੋਏ...ਦੋਵੇਂ ਕੁੜੀਆਂ ਮੁਕਲਾਵੇ ਤੋਂ ਪਹਿਲਾਂ ਹੀ ਮਰ ਗਈਆਂ...ਇਹ ਹੋ ਗਿਆ ਕਿ ਬਈ ਇਹ ਤਾਂ ਮੰਗਲੀਕ ਨੇ...ਇਥੇ ਤਾਂ ਕੁੜੀ ਬਚਦੀ ਨਹੀਂ...ਤੇ ਉਹ ਕਿੰਨੇ ਸਾਲ 'ਕੱਲੇ ਹੀ ਰਹੇ...ਪਿੰਡ ਦੀ ਕਿਸੇ ਮੁਸਲਮਾਨ ਔਰਤ ਨਾਲ ਉਨ੍ਹਾਂ ਦਾ ਝੁਕਾਅ ਹੋ ਗਿਆ...ਉਸ ਦੌਰ ਵਾਸਤੇ ਇਹ ਬਹੁਤ ਵੱਡੀ ਗੱਲ ਸੀ...ਇਸ ਕਰਕੇ ਪੜਦਾਦੇ ਨੇ ਉਨ੍ਹਾਂ ਨੂੰ ਬੇਦਖ਼ਲ ਕਰ ਦਿੱਤਾ...ਇਸ ਤੋਂ ਬਾਅਦ ਮੇਰੇ ਦਾਦੇ ਦੀ ਭਾਬੀ ਨੇ ਕਿਹਾ, ''ਫ਼ਿਕਰ ਨਾ ਕਰੋ, ਮੈਂ ਆਪਣੀ ਭਤੀਜੀ ਲੈ ਕੇ ਆਵਾਂਗੀ...ਦੇਖਣਾ ਉਹ ਜੀਏਗੀ...ਦਾਦਾ ਜੀ ਉਦੋਂ 30 ਸਾਲ ਦੇ ਸਨ ਤੇ ਪੰਜ ਸਾਲ ਦੀ ਮੇਰੀ ਦਾਦੀ ਸੀ ਜਿਹਦੇ ਨਾਲ ਵਿਆਹ ਹੋਇਆ...ਦਾਦਾ ਜੀ ਦੀ ਮੌਤ ਜਲਦੀ ਹੋ ਗਈ...ਮੇਰੇ ਡੈਡੀ ਸਾਹਿਬ ਘਰ ਵਿਚ ਵੱਡੇ ਸਨ... ਬੜੇ ਲਾਇਕ ਸਨ ਉਹ...ਜੰਮੂ ਜਾ ਕੇ ਦਸਵੀਂ ਕੀਤੀ...ਲਾਹੌਰ ਜਾ ਕੇ ਬੀ.ਏ. ਕੀਤੀ...16 ਸਾਲ ਦੀ ਉਮਰ ਵਿਚ ਉਨ੍ਹਾਂ ਦਾ ਵਿਆਹ ਹੋ ਗਿਆ...ਮੇਰੀ ਪਹਿਲੀ ਮਾਂ ਬਹੁਤ ਅੱਛੀ ਔਰਤ ਸੀ...ਡੈਡੀ ਸਾਹਿਬ ਦੀ ਅੰਗਰੇਜ਼ੀ ਏਨੀ ਅੱਛੀ ਸੀ ਕਿ ਉਸ ਵੇਲੇ ਕੋਈ ਪ੍ਰਧਾਨ ਮੰਤਰੀ ਸਨ ਸਰ ਸਿਕੰਦਰ ਅਯਾਦ ਖ਼ਾਨ, ਉਹ ਜੱਟ ਪਰਿਵਾਰ ਸੀ, ਉਨ੍ਹਾਂ ਨੇ ਡੈਡੀ ਸਾਹਿਬ ਨੂੰ ਸਕੂਲ ਵਿਚ ਟੀਚਰ ਰੱਖ ਲਿਆ...ਇਹ 1920 ਤੋਂ ਪਹਿਲੇ ਦੀਆਂ ਗੱਲਾਂ ਨੇ...ਡੈਡੀ ਸਾਹਿਬ ਨੂੰ 350 ਰੁਪਏ ਮਹੀਨਾ ਤਨਖ਼ਾਹ, ਰਹਿਣ ਵਾਸਤੇ ਕੁਆਰਟਰ, ਇਕ ਮੱਝ, ਕਣਕ ਤੇ ਉਸ ਜ਼ਮਾਨੇ ਵਿਚ ਇਹ ਪੈਸਾ ਬਹੁਤ ਬਹੁਤ ਜ਼ਿਆਦਾ ਸੀ...ਉਹ ਪੈਸਾ ਲੁਕਾ ਲੁਕਾ ਕੇ ਰੱਖਦੇ ਰਹੇ ਤੇ 1920 ਵਿਚ ਚੁੱਪ-ਚਪੀਤੇ ਆਪਣੀ ਗਰਭਵਤੀ ਪਤਨੀ ਨੂੰ ਛੱਡ ਕੇ ਵਲੈਤ ਪੜ੍ਹਨ ਚਲੇ ਗਏ... ਤੇ ਗਰੀਸ ਵਿਚ ਜਦੋਂ ਜਹਾਜ਼ ਰੁਕਿਆ ਤਾਂ ਉਨ੍ਹਾਂ ਨੇ ਮੇਰੀ ਪਹਿਲੀ ਮਾਂ ਨੂੰ ਖ਼ਤ ਪਾਇਆ ਕਿ ਮੈਂ ਤਾਂ ਵਲੈਤ ਪੜ੍ਹਨ ਜਾ ਰਿਹਾਂ...ਉਥੇ ਡੈਡੀ ਸਾਹਿਬ ਨੇ ਕੈਂਬਰਿਜ ਯੂਨੀਵਰਸਿਟੀ ਤੋਂ ਫਿਲਾਸਫ਼ੀ ਤੇ ਹਿਸਟਰੀ ਦੇ ਕੋਰਸ ਕੀਤੇ...ਇਸ ਤੋਂ ਬਾਅਦ ਆਇਰਲੈਂਡ, ਡਬਲਿਨ ਤੋਂ ਉਨ੍ਹਾਂ ਨੇ ਬਾਰ ਐਟ ਲਾਅ ਕੀਤਾ...ਬਰਤਾਨਵੀ ਹਕੂਮਤ ਦੇ ਬਸਤੀਵਾਦੀ ਵਿਚਾਰਧਾਰਾ ਤੋਂ ਪੂਰੀ ਤਰ੍ਹਾਂ ਪ੍ਰਭਾਵਤ ਸਨ...ਅੰਗਰੇਜ਼ੀ ਵਿਚ ਮੁਹਾਰਤ...ਮੇਰੇ ਇਕ ਭਰਾ ਦਾ ਹਾਲ ਤਾਂ ਇਹ ਐ ਕਿ ਜੇ ਕੋਈ ਗ਼ਲਤ ਲਫ਼ਜ਼ ਬੋਲ ਦੇਵੇ ਤਾਂ ਗਰਾਮੈਟੀਕਲੀ ਦਰੁਸਤ ਕਰੇਗਾ...ਉਹ ਉਦੋਂ ਹੀ ਟੋਕ ਕੇ ਕਹੇਗਾ-''ਇਟ ਇਜ਼ ਨੋਟ ਪਲੀਯਰ, ਇਟ ਇਜ਼ ਪਲੈਜ਼ਰ...ਰਪੀਟ ਟੈਨ ਟਾਈਮਜ਼।'' ਹਾ...ਹਾ...। ਖ਼ੈਰ, ਡੈਡੀ ਸਾਹਿਬ ਆਈ.ਸੀ.ਐਸ. ਅਫ਼ਸਰ ਬਣਨਾ ਚਾਹੁੰਦੇ ਸਨ ਪਰ ਕਿਸੇ ਕਾਰਨ ਫੇਲ੍ਹ ਹੋ ਗਏ ਤੇ ਉਨ੍ਹਾਂ ਦਾ ਸੁਪਨਾ ਪੂਰਾ ਨਾ ਹੋ ਸਕਿਆ। ਤੇ 7 ਸਾਲ ਬਾਅਦ ਜਦੋਂ ਉਹ ਵਾਪਸ ਆਏ ਤਾਂ ਮੇਰੀ ਪਹਿਲੀ ਮਾਂ, ਜੋ ਮੀਰਪੁਰ (ਪਾਕਿਸਤਾਨ) ਦੇ ਸਨ ਕੋਲ 6 ਸਾਲ ਦਾ ਬੇਟਾ ਸੀ...ਉਥੋਂ ਦੇ ਲੋਕਾਂ ਵਾਸਤੇ ਕਿਸੇ ਬੰਦੇ ਦਾ ਵਲੈਤ ਤੋਂ ਪੜ੍ਹ ਕੇ ਆਉਣਾ...ਵਗੈਰਾ, ਵਗੈਰਾ...ਏਨੀ ਵੱਡੀ ਗੱਲ ਸੀ ਕਿ ਉਨ੍ਹਾਂ ਦੇ ਸਵਾਗਤ ਵਿਚ ਸ਼ਾਨਦਾਰ ਪਾਰਟੀ ਰੱਖੀ ਗਈ...ਬੈਂਡ ਵਾਜੇ ਵੱਜ ਰਹੇ ਨੇ ਤੇ ਡੈਡੀ ਸਾਹਿਬ ਜਦੋਂ ਪੌੜੀਆਂ ਚੜ੍ਹ ਰਹੇ ਸਨ ਤਾਂ ਕੋਈ 6 ਕੁ ਸਾਲ ਦਾ ਮੁੰਡਾ ਉਨ੍ਹਾਂ ਦੇ ਪਿਛੇ ਪਿਛੇ ਜਾ ਰਿਹਾ ਸੀ...ਤੇ ਮੇਰੀ ਡੈਡੀ ਕਹਿੰਦੇ ਨੇ, ਇਹ ਗੱਲ ਉਨ੍ਹਾਂ ਬਾਰੇ ਬੜੀ ਮਸ਼ਹੂਰ ਵੀ ਹੋਈ, ''ਹੇ ਬਵਾਏ, ਹੇ ਬਵਾਏ...ਹੂ ਆਰ ਯੂ?'' ਤੇ ਫੇਰ ਵਿਚੋਂ ਕਿਸੇ ਨੇ ਕਿਹਾ ਕਿ ਜੀ ਇਹ ਤੁਹਾਡਾ ਬੇਟਾ ਹੈ...ਹਾ...ਹਾ...।

ਡੈਡੀ ਸਾਹਿਬ ਚੰਗੇ ਲੇਖਕ ਵੀ ਸਨ...ਮੈਨੂੰ ਉਨ੍ਹਾਂ ਦੀ ਇਕ ਲਿਖਤ ਮਿਲੀ ਸੀ ਜਿਸ ਵਿਚ ਉਨ੍ਹਾਂ ਨੇ ਆਪਣੇ ਆਈ.ਸੀ.ਐਸ. ਅਫ਼ਸਰ ਨਾ ਬਣਨ ਦਾ ਗ਼ਮ ਬਿਆਨ ਕੀਤਾ ਸੀ...ਉਦੋਂ ਹੁੰਦੀ ਸੀ ਪ੍ਰੋਵਿੰਸ਼ਨਲ ਸਰਵਿਸ ਜੋ ਬਾਅਦ ਵਿਚ ਪੀ.ਸੀ.ਐਸ. ਬਣੀ...ਉਹ ਜੁਆਇਨ ਕੀਤੀ...ਵਲੈਤੀ ਜੀਵਨ ਸ਼ੈਲੀ ਲੈ ਕੇ ਆਏ ਸਨ...ਰਹਿਣਾ, ਖਾਣਾ, ਪੀਣਾ...ਇਹ ਸਟਾਈਲ ਬਹੁਤ ਵਧੀਆ ਸੀ...ਮੇਰੇ ਦੋਵੇਂ ਛੋਟੇ ਚਾਚੇ ਨਹੀਂ ਪੜ੍ਹ ਸਕੇ ਪਰ ਮੇਰੇ ਡੈਡੀ ਅਡਵੈਂਚਰਸ ਸਨ...ਖ਼ੁਦ ਨੂੰ ਲਾਰਡ ਵਾਂਗ ਹੀ ਸਮਝਦੇ ਸਨ ਜਿਵੇਂ ਕੋਈ ਬਹੁਤ ਵੱਡੇ ਜ਼ਿਮੀਦਾਰ ਹੋਣ ਕਿਉਂਕਿ ਲਾਈਫ਼ ਸਟਾਈਲ ਹੀ ਐਸਾ ਸੀ...ਪੈਸਾ ਹੈ ਨਹੀਂ ਸੀ...ਜਿੰਨੀ ਦੇਰ ਨੌਕਰੀ ਰਹੀ ਠੀਕ ਚਲਦਾ ਰਿਹਾ...ਜਦੋਂ ਰਿਟਾਇਰਮੈਂਟ ਹੋਈ ਤਾਂ ਉਹ ਸ਼ਾਨੋ-ਸ਼ੌਕਤ ਨਾ ਰਹੀ...। ਅਸੀਂ ਹਾਲੇ ਸਾਰੇ ਸਕੂਲਾਂ ਵਿਚ ਪੜ੍ਹਦੇ ਸਾਂ...ਮੈਂ ਤਾਂ ਪੈਦਾ ਹੀ ਉਨ੍ਹਾਂ ਦੀ ਰਿਟਾਇਰਮੈਂਟ ਤੋਂ ਬਾਅਦ ਹੋਈ...ਡੈਡੀ ਸਾਹਿਬ ਉਦੋਂ 57 ਦੇ ਨੇੜੇ ਸਨ ਤੇ ਬੀਜੀ 40 ਦੇ ਕਰੀਬ...ਮੇਰੀ ਪਹਿਲੀ ਮਾਂ ਤੋਂ ਤਿੰਨ ਬੱਚੇ ਤੇ ਬੀਜੀ ਦੀ ਮੌਤ ਤੋਂ ਕੋਈ ਪੰਜ ਸਾਲ ਬਾਅਦ ਡੈਡੀ ਸਾਹਿਬ ਨੇ ਮੇਰੀ ਮਾਂ ਨਾਲ ਵਿਆਹ ਕਰਵਾਇਆ ਸੀ ਇਸ ਲਈ ਉਮਰ ਵਿਚ ਵੱਡਾ ਫ਼ਰਕ ਸੀ। ਅਸਲ ਵਿਚ ਉਹ ਜ਼ਿੰਦਗੀ ਵਿਚ ਪ੍ਰੈਕਟੀਕਲ ਨਹੀਂ ਸਨ...ਮੇਰੇ ਬੀਜੀ ਦੀਆਂ ਆਪਣੀਆਂ ਉਲਝਣਾਂ ਸਨ...ਛੋਟੀ ਉਮਰੇ ਉਨ੍ਹਾਂ ਦੀ ਮਾਂ ਮਰ ਗਈ ਸੀ...ਉਹ ਆਪਣੀ ਭੈਣ ਦੇ ਘਰ ਰਹਿ ਕੇ ਵੱਡੇ ਹੋਏ ਸਨ...22 ਵਰ੍ਹਿਆਂ ਦੀ ਹੋ ਗਈ ਸੀ ਮੇਰੀ ਮਾਂ...ਬੀਜੀ ਕਹਿੰਦੇ ਹੁੰਦੇ ਸਨ ਕਿ ਉਦੋਂ ਜੇ ਕੁੜੀ 14-15 ਵਰ੍ਹਿਆਂ ਦੀ ਹੋ ਜਾਂਦੀ ਸੀ ਤਾਂ ਲੋਕੀ ਡੰਡੇ ਲੈ ਕੇ ਪਿਛੇ ਪੈ ਜਾਂਦੇ ਸਨ ਕਿ ਕੁੜੀ ਨੂੰ ਹਾਲੇ ਤਕ ਘਰੇ ਕਿਉਂ ਬਿਠਾਇਐ...ਤੇ ਮੇਰੇ ਬੀਜੀ ਤਾਂ 22 ਵਰ੍ਹਿਆਂ ਦੇ ਹੋ ਗਏ ਸਨ...ਤੇ ਮੈਰਿਜ ਮਾਰਕਿਟ ਵਿਚ ਆਪਣੀ ਉਮਰ ਖੁੰਝਾ ਚੁੱਕੇ ਸਨ...ਮੇਰੇ ਨਾਨਾ ਜੀ ਕਰੈਕਪੌਟ ਸਨ...ਉਹ ਕਹਿੰਦੇ ''ਮੈਂ ਕੁੜੀ ਦੀ ਤਸਵੀਰ ਦਿਖਾ ਕੇ ਨੁਮਾਇਸ਼ ਨਹੀਂ ਲਾਉਣੀ।'' ਅਖ਼ੀਰ ਡੈਡੀ ਹੋਰਾਂ ਦਾ ਕੋਈ ਗੁਰੂ ਸੀ ਗੋਸਾਈਂ ਗੋਸਾਈਂ ਕਰਕੇ...ਉਹ ਵਿਚ ਪਿਆ...ਤੇ ਵਿਆਹ ਹੋ ਗਿਆ...ਉਮਰ ਦਾ ਫ਼ਾਸਲਾ ਬਹੁਤ ਜ਼ਿਆਦਾ ਸੀ...। ਇਕ ਵਾਰ ਮੈਂ ਬੀਜੀ ਨੂੰ ਪੁਛਿਆ ਵੀ ਸੀ, ''ਤੁਸੀਂ





ਆਪਣੇ ਤੋਂ ਏਨੀ ਵੱਡੀ ਉਮਰ ਦੇ ਬੰਦੇ ਨਾਲ ਕਿਉਂ ਕਰਵਾਇਆ।'' ਬੀਜੀ ਨੇ ਇਕ ਵਾਰ ਦੱਸਿਆ ਕਿ ਉਨ੍ਹਾਂ ਦੀ ਭੈਣ ਦੀ ਸੱਸ ਦਾ ਭਤੀਜਾ ਸੀ...ਉਹ ਚੋਰੀ ਚੋਰੀ ਦੇਖਦਾ ਸੀ ਤੇ ਪ੍ਰੇਮ ਪੱਤਰ ਵੀ ਉਸ ਨੇ ਲਿਖਿਆ ਸੀ। ਬੀਜੀ ਜੀ ਨੇ ਜਾ ਕੇ ਭੈਣ ਦੇ ਸਹੁਰੇ...ਲਾਲਾ ਜੀ ਕਹਿੰਦੇ ਸਨ ਉਨ੍ਹਾਂ...ਨੂੰ ਜਾ ਕੇ ਫੜਾ ਦਿੱਤਾ...ਇਹਦਾ ਨਤੀਜਾ ਇਹ ਹੋਇਆ ਕਿ ਉਸ ਬੰਦੇ ਦਾ ਘਰ ਆਉਣਾ-ਜਾਣਾ ਬੰਦ ਹੋ ਗਿਆ...ਤੇ ਬੜਾ ਹੋ-ਹੱਲਾ ਹੋਇਆ...। ਮੈਂ ਕਿਹਾ, ''ਬੀਜੀ, ਉਹ ਏਨਾ ਚਾਹੁੰਦਾ ਸੀ ਤੁਹਾਨੂੰ...ਏਨਾ ਪਿਆਰ ਕਰਦਾ ਸੀ, ਫੇਰ ਤੁਸੀਂ ਉਹਦੇ ਨਾਲ ਵਿਆਹ ਕਿਉਂ ਨਹੀਂ ਕਰਵਾਇਆ...?'' ਬੀਜੀ ਮੇਰੇ ਤਹਿਸੀਲਦਾਰ ਦੀ ਕੁੜੀ ਸਨ...ਤਹਿਸੀਲਦਾਰ ਛੋਟਾ ਮੰਨਿਆ ਜਾਂਦਾ ਸੀ ਤੇ ਉਨ੍ਹਾਂ ਦੇ ਦਾਦਾ ਜੀ ਸੈਸ਼ਨ ਜੱਜ ਸਨ, ਬੀਜੀ ਦਾ ਨਾਨਾ ਸਿਵਲ ਸਰਜਨ ਸੀ (ਸਾਰੇ ਬ੍ਰਿਟਿਸ਼ ਹਕੂਮਤ ਦੇ ਚਾਕਰ ਸਨ) ਅੱਗੋਂ ਬੀਜੀ ਕਹਿੰਦੇ ਨੇ, ''ਲੈ, ਉਹ ਤਾਂ ਸਕੂਲ ਵਿਚ ਫਿਜ਼ੀਕਲ ਟਰੇਨਰ ਸੀ।'' ਹਾ...ਹਾ...। ਮੈਂ ਪੁਛਿਆ, ''ਬੀਜੀ ਫੇਰ ਤੁਸੀਂ ਡੈਡੀ ਨਾਲ ਇਸ ਕਰਕੇ ਵਿਆਹ ਲਈ ਮੰਨ ਗਏ ਕਿ ਉਹ ਅਫ਼ਸਰ ਸਨ?'' (ਉਸ ਵੇਲੇ ਡੈਡੀ ਸਾਹਿਬ ਇਨਫੋਰਮੇਸ਼ਨ ਐਂਡ ਬਰੋਡਕਾਸਟਿੰਗ ਵਿਚ ਡਾਇਰੈਕਟਰ ਸਨ) ਬੀਜੀ ਕਹਿੰਦੇ, ''ਹੋਰ ਕੀ''। ਕਹਿੰਦੇ, ''ਪਰ ਇਕ ਗੱਲ ਐ...ਕਾਰ ਨਹੀਂ ਸੀ ਥੋਡੇ ਫਾਦਰ ਕੋਲ।'' ਹਾ...ਹਾ...। ਸੋ, ਸਟੈਂਡਰਡ ਸਾਰੇ ਪਾਸੇ ਬਹੁਤ ਹਾਈ ਸਨ। ਜਦੋਂ ਰਿਟਾਇਰ ਹੋਏ ਤੇ ਚੰਡੀਗੜ੍ਹ ਆਣ ਦਾ ਸੋਚਿਆ...'54 ਦੀ ਗੱਲ ਐ...ਮੈਂ '55 ਵਿਚ ਪੈਦਾ ਹੋਈ ਸਾਂ...ਲਾਹੌਰ ਵਾਲੀ ਕੋਠੀ ਦਾ ਕਲੇਮ ਮਿਲਿਆ ਸੀ...ਪੈਨਸ਼ਨ ਕਮਿਊਟ ਕਰਕੇ ਚਾਰ ਕਨਾਲ ਦਾ ਪਲਾਟ ਲਿਆ...ਜਿਵੇਂ ਦਾ ਘਰ ਬਣਾਇਆ...ਜਿਨ੍ਹਾਂ ਨੇ ਬਾਅਦ ਵਿਚ ਖ਼ਰੀਦਿਆ...ਹਾਲੇ ਤਕ ਉਵੇਂ ਦਾ ਉਵੇਂ ਐ...ਉਨ੍ਹਾਂ ਨੇ ਤੋੜਿਆ ਨਹੀਂ...19 ਸੈਕਟਰ ਵਿਚ ਸੀ ਪੌਣੇ ਚਾਰ ਕਨਾਲ ਦਾ...ਕਾਰਨਰ ਦਾ ਪਲਾਟ। ਉਹ ਘਰ ਬਹੁਤ ਦੁਖ ਸਹੇੜ ਕੇ ਲਿਆ ਸੀ...ਪੈਨਸ਼ਨ ਕਮਿਊਟ ਕਰਵਾ ਲਈ...ਸਾਰੇ ਬੱਚੇ ਵੱਡੇ ਵੱਡੇ ਸਕੂਲਾਂ ਵਿਚ ਪੜ੍ਹ ਰਹੇ ਨੇ...ਸਭ ਤੋਂ ਵੱਡੇ ਭਰਾ ਸਾਡੇ ਤੋਂ ਅਲੱਗ ਸਨ...ਤੀਜੇ ਨੰਬਰ ਵਾਲੇ ਭਰਾ ਆਰਮੀ ਵਿਚ ਸਨ ਤੇ ਬਾਕੀ ਸਾਰੇ ਬੱਚੇ ਪੜ੍ਹਾਈਆਂ ਕਰ ਰਹੇ ਸਨ...ਘਰ ਦਾ ਨਕਸ਼ਾ ਪਤਾ ਨਹੀਂ ਕਿਥੋਂ ਲਿਆ...ਦੇਖਣ ਵਾਲਾ ਘਰ ਸੀ...ਵੱਡਾ ਸਾਰਾ ਬੰਗਲਾ...ਕਮਰਿਆਂ ਜਿੱਡੇ ਜਿੱਡੇ ਬਾਥਰੂਮ ਹੀ ਸਨ...ਲੇਡੀਜ਼ ਲਾਉਂਜ...ਡਰੈਸਿੰਗ ਟੇਬਲ...ਸਾਰੇ ਪੈਸੇ ਇਸੇ 'ਚ ਬਰਬਾਦ ਕਰ ਦਿੱਤੇ...ਗੈਰ ਤਜਰਬੇਦਾਰ ਗੱਲ ਸੀ...ਆਮਦਨ ਦਾ ਕੋਈ ਸਾਧਨ ਨਹੀਂ ਸੀ...ਵੱਡੀ ਆਰਥਕ ਤੰਗੀ ਦਾ ਸੰਕਟ ਖੜ੍ਹਾ ਹੋ ਗਿਆ...ਬੀਜੀ ਤੇ ਡੈਡੀ ਸਾਹਿਬ ਦੀਆਂ ਲੜਾਈਆਂ ਸ਼ੁਰੂ ਹੋ ਗਈਆਂ...ਹੁਣ ਮੈਨੂੰ ਕਈ ਵਾਰ ਤਰਸ ਵੀ ਆਉਂਦੈ ਡੈਡੀ ਸਾਹਿਬ 'ਤੇ...ਏਨੀ ਮੜ੍ਹਕ ਵਾਲਾ ਬੰਦਾ, ਕਦੇ ਯੂਨੀਵਰਸਿਟੀ ਜਾ ਰਿਹੈ ਪੇਪਰ ਚੈੱਕ ਕਰਨ...ਕਦੇ ਟ੍ਰਿਬਿਊਨ ਵਿਚ ਆਰਟੀਕਲ ਭੇਜ ਦੇਣਾ...50 ਪੰਜਾਹ ਰੁਪਏ ਮਿਲਦੇ ਸਨ...ਕਿਤਾਬ ਦਾ ਰਿਵਿਊ ਕਰ ਦੇਣਾ...ਕਦੀ ਕੁਝ, ਕਦੀ ਕੁਝ...ਉਨ੍ਹਾਂ ਦੀ ਮੌਤ ਤੋਂ 4-5 ਮਹੀਨੇ ਪਹਿਲਾਂ ਉਨ੍ਹਾਂ ਨੂੰ ਦਿੱਲੀ ਵਿਚ ਇੰਡੀਅਨ ਐਕਸਪ੍ਰੈੱਸ ਵਿਚ ਅਸਿਸਟੈਂਟ ਐਡੀਟਰ ਦੀ ਨੌਕਰੀ ਮਿਲ ਗਈ...ਇਹ '62 ਦੀ ਗੱਲ ਐ...ਅਸੀਂ ਮੱਧ ਪ੍ਰਦੇਸ਼ ਕੈਨਟੋਨਮੈਂਟ ਵਿਚ ਸਾਂ...ਚੰਡੀਗੜ੍ਹ ਘਰ ਦਾ ਹਾਲ ਇਹ ਸੀ ਨਾ ਤਾਂ ਉਹ ਵਿਕਦਾ ਸੀ ਤੇ ਨਾ ਕਿਰਾਏ 'ਤੇ ਚੜ੍ਹਦਾ ਸੀ...ਅਖ਼ੀਰ 1981 ਵਿਚ ਜਾ ਕੇ ਵਿਕਿਆ...ਸਾਢੇ 6 ਲੱਖ ਦਾ। ਉਸ ਵੇਲੇ ਚੰਡੀਗੜ੍ਹ ਵਿਚ ਪ੍ਰਾਪਟੀ ਦਾ ਕੋਈ ਹਾਲ ਨਹੀਂ ਸੀ...ਇਹ ਤਾਂ '90 ਵਿਚ ਆ ਕੇ ਬਦਲਿਆ...ਡੈਡੀ ਦੀ ਮੌਤ ਮਗਰੋਂ ਘਰ ਦਾ ਭਾਰ ਚੁੱਕਣ ਵਾਲੇ ਵੱਡੇ ਭਰਾ ਹੀ ਸਨ...ਸਰਕਾਰੀ ਕਰਜ਼ਾ ਚੁੱਕ ਕੇ ਘਰ ਬਣਾਇਆ ਸੀ...ਘਰ ਬਚਾਉਣ ਲਈ ਹਾਰ ਕੇ 300 ਰੁਪਏ ਮਹੀਨੇ 'ਤੇ ਘਰ ਕਿਰਾਏ 'ਤੇ ਦਿੱਤਾ...ਅਸੀਂ ਭਰਾ ਕੋਲ ਚਲੇ ਗਏ...ਤਿੰਨ ਭਰਾਵਾਂ ਨੂੰ ਨੌਕਰੀਆਂ ਮਿਲ ਗਈਆਂ...ਉਸ ਵੇਲੇ ਆਰਮੀ, ਏਅਰਫੋਰਸ ਵਰਗੀਆਂ ਨੌਕਰੀਆਂ ਹੁੰਦੀਆਂ ਸਨ ਤੇ ਅਲੀਟ ਕਲਾਸ, ਅਫ਼ਸਰਸ਼ਾਹੀ ਨੌਕਰੀਆਂ ਮੰਨੀਆਂ ਜਾਂਦੀਆਂ ਸਨ...ਤਿੰਨੋਂ ਭਰਾ ਅੱਧੀ ਤਨਖ਼ਾਹ ਆਪ ਰੱਖਦੇ ਸਨ ਤੇ ਅੱਧੀ ਵੱਡੇ ਭਰਾ ਨੂੰ ਭੇਜਦੇ ਸਨ...ਕਿ ਕਿਸੇ ਤਰ੍ਹਾਂ ਕਰਜ਼ਾ ਖ਼ਤਮ ਕਰਕੇ ਘਰ ਛੁਡਵਾਈਏ...ਮੈਥੋਂ ਵੱਡਾ ਭਰਾ ਮੈਨੂੰ ਤੇ ਬੀਜੀ ਨੂੰ ਨਾਲ ਲੈ ਜਾਂਦਾ ਸੀ...ਬੋਝ ਬਣ ਜਾਣਾ ਉਹਦੇ 'ਤੇ...ਉਨ੍ਹਾਂ ਨੂੰ ਵੀ ਗੁੱਸਾ ਆ ਜਾਣਾ ਤੇ ਉਨ੍ਹਾਂ ਨੇ ਸਾਨੂੰ ਵਾਪਸ ਚੰਡੀਗੜ੍ਹ ਭੇਜ ਦੇਣਾ...ਫੇਰ ਸਾਲ ਕੁ ਰਹਿਣਾ ਤੇ ਸਾਨੂੰ ਦੂਜੀ ਛਾਉਣੀ ਲੈ ਜਾਣਾ...ਆਖ਼ਰੀ ਚਾਰ ਸਾਲ ਮੈਂ ਸ਼ਿਲੌਂਗ ਪੜ੍ਹੀ...ਇਹ ਬਹੁਤ ਖ਼ੁਸ਼ਹਾਲ ਦਿਨ ਸਨ...ਬਹੁਤ ਅੱਛੇ...ਮਸਾਂ ਕਿਤੇ ਜਾ ਕੇ ਸਥਿਰਤਾ ਆਈ...ਵੱਖ ਵੱਖ ਸ਼ਹਿਰਾਂ ਦੀ ਭੱਜ ਦੌੜ ਖ਼ਤਮ ਹੋਈ...ਦੋਸਤੀਆਂ ਬਣੀਆਂ...। ਸੋ, ਇਹ ਜਿਹੜੀ ਭੱਜ ਦੌੜ ਰਹੀ...ਹੁਣ ਤਕ ਜਾਰੀ ਐ...ਮੈਂ ਹੁਣ ਤਕ 8 ਘਰ ਬਦਲ ਚੁੱਕੀ ਆਂ...ਦੂਜਾ ਨੌਕਰੀ ਦਾ ਇੰਜ ਸੀ ਕਿ ਮੇਰਾ ਵੀ ਡੈਡੀ ਸਾਹਿਬ ਵਾਂਗ ਸੁਪਨਸਾਜ਼ ਸੁਭਾਅ ਸੀ...ਔਰ ਮੈਂ ਦਿਲ 'ਤੇ ਬਹੁਤ ਜਲਦੀ ਗੱਲ ਲਾਉਂਦੀ ਆਂ...ਬਹੁਤ ਛੇਤੀ ਕਿਸੇ ਨਾਲ ਲੜ ਪੈਣਾ...ਰੁਸ ਜਾਣਾ ਕਿ ਐਂਜ ਕਿਹੈ ਮੈਨੂੰ...ਨੌਕਰੀ ਬਦਲ ਲੈਣੀ...। ਹਾਸੇ ਵਾਲੀ ਗੱਲ ਐ ਕਿ ਮੈਂ ਮਾਮੂਲੀ ਗੱਲ 'ਤੇ ਵੀ ਕੰਮ ਛੱਡ ਇਕ ਥਾਂ ਤੋਂ ਦੂਜੀ ਥਾਂ ਚਲੇ ਜਾਣਾ...ਇੰਡੀਅਨ ਐਕਸਪ੍ਰੈੱਸ ਮੈਂ ਚਾਰ ਵਾਰੀ ਛੱਡੀ...ਚਾਰ ਵਾਰ ਜੁਆਇਨ ਕੀਤਾ...। ਸੋ, ਇਹਨੂੰ ਤੁਸੀਂ ਮੇਰੀ ਭਟਕਣ ਕਹੋ ਜਾਂ ਕੁਝ ਹੋਰ। ਹਾ...ਹਾ...।

### ਮੋਹ ਦਾ ਰਿਸ਼ਤਾ

***ਸਵਾਲ*** : ਇੰਡੀਅਨ ਐਕਸਪ੍ਰੈੱਸ ਨਾਲ ਇਸ ਸਾਂਝ ਦਾ ਕੀ ਕਾਰਨ?

***ਨਿਰੂਪਮਾ*** : ਮੇਰਾ 'ਇੰਡੀਅਨ ਐਕਸਪ੍ਰੈੱਸ' ਨਾਲ ਬੜੀ ਨੇੜਤਾ ਰਹੀ ਐ...ਭਾਵੁਕ ਸਾਂਝ ਰਹੀ ਐ... ਰਾਮ ਨਾਥ ਗੋਇਨਕਾ ਨੇ ਸ਼ਾਇਦ ਪਹਿਲਾਂ ਸ਼ੁਰੂ ਕਰਨੀ ਸੀ ਪਰ ਉਹਦੇ ਖ਼ਿਲਾਫ਼ ਕੇਸ ਹੋ ਗਏ... ਐਮਰਜੈਂਸੀ ਤੋਂ ਬਾਅਦ 6 ਅਗਸਤ 1977 ਵਿਚ ਉਨ੍ਹਾਂ ਨੇ ਸ਼ੁਰੂ ਕੀਤਾ...ਉਦੋਂ ਨੌਜਵਾਨ, ਖ਼ਾਸ ਕਰ ਕੁੜੀਆਂ ਨੂੰ ਰੱਖਿਆ...ਕਿਉਂਕਿ ਸ਼ਾਇਦ ਉਸ ਦੌਰ ਵਿਚ 'ਟ੍ਰਿਬਿਊਨ' ਕੁੜੀਆਂ ਨੂੰ ਨਹੀਂ ਰੱਖਦਾ ਸੀ...ਸਾਡੇ ਕੋਲ ਕੋਈ ਚੈਨਲ ਹੀ ਨਹੀਂ ਸੀ ਕਿ ਜਰਨਲਿਜ਼ਮ ਦਾ ਕੋਰਸ ਕਰਕੇ ਨੌਕਰੀ ਕਿੱਥੇ ਮਿਲੇਗੀ...ਸੋ ਦਿੱਲੀ ਸ਼ਿਫਟ ਕਰਨਾ ਪਿਆ...ਮੈਨੂੰ ਸਾਲ ਹੀ ਹੋਇਆ ਸੀ ਜਰਨਲਿਜ਼ਮ ਕੀਤਿਆਂ ਤੇ ਬਾਕੀ ਹਾਲੇ ਫਰੈਸ਼ ਹੀ ਸਨ...ਤੇ ਉਹ ਦੌਰ ਬੜਾ ਹੀ ਰੁਮਾਂਚਕ ਸੀ...ਮੁਲਗਾਉਂਕਰ ਸਾਡਾ ਚੀਫ਼ ਸਬ ਐਡੀਟਰ ਸੀ...ਕੁਲਦੀਪ ਨਈਅਰ ਹੈੱਡ ਐਕਸਪ੍ਰੈੱਸ ਨਿਊਜ਼ ਸਰਵਿਸ...ਪੂਰੇ ਦੇਸ਼ ਵਿਚੋਂ ਸੀਨੀਅਰ ਲੋਕ ਆਏ ਸਨ...ਇਕ ਤਰ੍ਹਾਂ ਟਰੇਨਿੰਗ ਸਕੂਲ...ਬੜੀ ਆਜ਼ਾਦੀ ਸੀ ਇੱਥੇ...ਜੇ ਕਿਸੇ ਕੋਲ ਸਾਧਾਰਨ ਮੁਹਾਰਤ ਵੀ ਹੁੰਦੀ ਸੀ, ਉਹ ਵੀ ਐਕਸਪ੍ਰੈੱਸ ਵਿਚ ਸ਼ਾਈਨ ਕਰ ਜਾਂਦੀ ਸੀ...ਹਰੇਕ ਨੂੰ ਕੁਝ ਨਾ ਕੁਝ ਕਰਨ ਦਾ ਮੌਕਾ ਮਿਲਦਾ ਸੀ...ਉਹ ਮਾਹੌਲ ਵੀ ਬਾਗ਼ੀਆਨਾ ਤਬੀਅਤ ਵਾਲਾ ਸੀ...ਹੁਣ ਤੇ ਕੋਈ ਅਦਾਲਤੀ ਨੋਟਿਸ ਆ ਜਾਵੇ ਤਾਂ ਐਡੀਟਰ ਘਬਰਾ ਜਾਂਦੇ ਨੇ...ਤੇ ਕੁਲਦੀਪ ਨਈਅਰ ਕਹਿੰਦਾ ਸੀ ਕਿ ਜਦੋਂ ਤਕ ਦੋ-ਤਿੰਨ ਅਦਾਲਤੀ ਨੋਟਿਸ ਨਾ ਆਉਣ ਤੁਸੀਂ ਜਰਨਲਿਸਟ ਕਿਸ ਕੰਮ ਦੇ। ਹਾ...ਹਾ...। ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਦੇ ਕਹਿਣ 'ਤੇ ਮੁਲਗਾਉਂਕਰ ਨੂੰ ਹਟਾ ਕੇ ਨਰਸਿਮਹਾ ਰਾਓ ਨੂੰ ਲਾ ਦਿੱਤਾ...ਮੁਲਗਾਉਂਕਰ ਘਰ ਬੈਠ ਗਿਆ...ਜਦੋਂ ਐਮਰਜੈਂਸੀ ਖ਼ਤਮ ਹੋਈ ਤਾਂ ਮੁਲਗਾਉਂਕਰ ਆਏ ਤੇ ਆਪਣੀ ਸੀਟ 'ਤੇ ਬੈਠ ਕੇ ਚਾਹ ਪੀਣ ਲੱਗੇ...ਨਰਸਿਮਹਾ ਰਾਓ ਜਦੋਂ ਆਏ ਤਾਂ ਮੁਲਗਾਉਂਕਰ ਕਹਿੰਦੇ, ''ਯੈੱਸ, ਵੱਟ ਆਈ ਕੈਨ ਡੂ ਫਾਰ ਯੂ?'' ਜਿਹੜਾ ਜ਼ਬਰਦਸਤੀ ਲਾਇਆ ਸੀ, ਕੱਢ ਵੀ ਦਿੱਤਾ। ਮੈਨੂੰ ਉਨ੍ਹਾਂ ਨੇ ਜਦੋਂ ਦੋ ਹਫ਼ਤੇ ਦੇ ਟਰਾਈਲ ਵਾਸਤੇ ਸੱਦਿਆ ਸੀ ਤਾਂ ਸਾਡਾ ਕੰਮ ਮੁਲਗਾਉਂਕਰ ਚੈੱਕ ਕਰਦਾ ਸੀ...ਅੱਜ ਕੱਲ੍ਹ ਦੇ ਐਡੀਟਰ ਮੈਨੇਜਰ ਨੇ...ਮੁਲਗਾਉਂਕਰ ਨੇ ਕਿਹਾ-''ਠੀਕ ਐ, ਪਰ ਅਸੀਂ ਤੈਨੂੰ ਸਿੱਧਾ ਸਬ ਐਡੀਟਰ ਨਹੀਂ ਲੈ ਸਕਦੇ...ਕਿਉਂਕਿ ਤੈਨੂੰ ਹਾਲੀ ਟਰੇਨਿੰਗ ਦੀ ਲੋੜ ਐ...ਟਰੇਨਿੰਗ ਕਰ, 6 ਕੁ ਮਹੀਨਿਆਂ ਤਕ ਬਣਾ ਦਿਆਂਗੇ...ਉਦੋਂ ਤਕ ਹੋਰ ਵੀ ਬੜੇ ਨੌਜਵਾਨ ਆ ਗਏ ਸਨ... ਰਮੇਸ਼ ਕਪਿਲਾ ਵਰਗੇ ਇਕ-ਦੋ ਸੀਨੀਅਰ ਐਡੀਟਰ ਵੀ ਸਨ, ਸੋ ਨੌਜਵਾਨਾਂ ਵਿਚ ਬੜਾ ਚੰਗਾ ਮੁਕਾਬਲਾ ਚਲਦਾ ਸੀ...। ਮੇਰਾ ਮਕਸਦ ਅਸਲ ਵਿਚ ਪੱਤਰਕਾਰ ਘੱਟ ਤੇ ਲੇਖਕ ਬਣਨ ਦਾ ਜ਼ਿਆਦਾ ਸੀ...ਕੁਝ ਉਥੇ ਸੀਨੀਅਰਾਂ ਦੇ ਚਹੇਤੇ ਵੀ ਸਨ...ਕੁਲਦੀਪ ਨਈਅਰ ਦੇ ਦੋਸਤ ਦੀ ਬੇਟੀ ਉਥੇ ਸੀ...ਉਨ੍ਹਾਂ ਨੂੰ ਅਸਾਈਨਮੈਂਟ ਮਿਲਦੀਆਂ ਸਨ...ਮੈਂ ਫੇਰ ਫ਼ਿਲਮਾਂ ਦੇ ਛੋਟੇ-ਛੋਟੇ ਰਿਵਿਊ ਕਰਨੇ ਸ਼ੁਰੂ ਕੀਤੇ...ਪਤਾ ਨਹੀਂ ਸੀ ਹੁੰਦਾ ਕਿ ਲੱਗਣਾ ਵੀ ਐ ਕਿ ਨਹੀਂ...ਫੇਰ ਨਿੱਕੇ ਨਿੱਕੇ ਫੀਚਰ ਕਰਨੇ ਸ਼ੁਰੂ ਕੀਤੇ...ਉਹਦੇ ਬਾਅਦ ਗੁੱਡ ਲੱਕ ਇਹ ਹੋਈ ਕਿ ਕੁਲਦੀਪ ਨਈਅਰ ਦੀ ਜਿਹੜੀ ਚਹੇਤੀ ਸੀ ਉਹਦਾ ਵਿਆਹ ਹੋ ਗਿਆ...ਹਾ...ਹਾ...। ਉਸ ਵੇਲੇ ਮੈਂ ਉਥੋਂ ਦੇ ਲੇਖਕਾਂ ਦੇ ਛੋਟੇ-ਛੋਟੇ ਪ੍ਰੋਗਰਾਮ ਕਵਰ ਕਰਨੇ ਸ਼ੁਰੂ ਕੀਤੇ...ਮੈਨੂੰ ਬਹੁਤ ਚੰਗਾ ਲਗਦਾ

ਸੀ...ਫਿਰ ਮੈਨੂੰ ਇਕ ਕਾਲਮ ਸ਼ੁਰੂ ਕਰਨ ਲਈ ਕਿਹਾ ਗਿਆ ਤਾਂ ਪੰਜਾਬੀ ਲੇਖਕਾਂ 'ਤੇ ਕਾਲਮ ਸ਼ੁਰੂ ਕੀਤਾ...ਨਾਲੋ-ਨਾਲ ਮੈਂ ਡੈਸਕ 'ਤੇ ਕੰਮ ਕਰ ਰਹੀ ਸੀ...ਹੋਇਆ ਇਹ ਕਿ ਸਾਲ ਬਾਅਦ ਜਿਹੜਾ ਫ਼ੀਚਰ ਪੇਜ ਸੀ, ਉਹਦਾ ਚਾਰਜ ਮੈਨੂੰ ਦੇ ਦਿੱਤਾ। ਨਵੀਂ ਜਿਹੜੀ ਮੈਨੂੰ ਕਵਰੇਜ ਮਿਲੀ-'ਅਭੀਵਿਅਕਤੀ' ਵਿਚ ਕੁਮਾਰ ਵਿਕੱਲ ਦੀਆਂ ਕਵਿਤਾਵਾਂ ਦਾ ਪਾਠ ਸੀ...ਕੁਮਾਰ ਵਿਕੱਲ ਵੱਡੀ ਚੀਜ਼ ਸੀ, ਸ਼ਾਇਰ-ਏ-ਆਜ਼ਮ ਬੁਲਾਉਂਦੇ ਸਨ ਉਹਨੂੰ...ਮੈਂ ਆ ਕੇ ਕੋਈ 350 ਸ਼ਬਦਾਂ ਦਾ ਫ਼ੀਚਰ ਲਿਖਿਆ...ਤੇ ਉਹਦੇ 'ਚ ਉਹਦੀਆਂ ਕੁਝ ਨਜ਼ਮਾਂ ਦੇ ਹਿੱਸੇ ਅੰਗਰੇਜ਼ੀ ਵਿਚ ਅਨੁਵਾਦ ਕੀਤੇ ਸਨ ਤੇ ਉਸ ਦੇ ਬਲ 'ਤੇ ਵਿਕੱਲ ਨੇ ਮੈਨੂੰ ਅਡਾਪਟ ਕਰ ਲਿਆ...ਉਨ੍ਹਾਂ ਨੇ ਮੈਨੂੰ ਨਕਸਲ ਲਹਿਰ ਵੇਲੇ ਦੀ ਸ਼ਾਇਰੀ ਦੀ ਕਿਤਾਬ 'ਸਪਰਿੰਗ' ਅਨੁਵਾਦ ਲਈ ਦਿੱਤੀ...ਉਨ੍ਹਾਂ ਨੇ ਨਾਲ ਬਿਠਾ ਕੇ ਸਮਝਾਉਣਾ...। ਸੋ, ਐਕਸਪ੍ਰੈੱਸ ਨਾਲ ਮੇਰੀ 20 ਸਾਲਾਂ ਦੀ ਭਾਵੁਕ ਸਾਂਝ ਸੀ ਜਿਸ ਵੇਲੇ ਮੈਂ ਨਹੀਂ ਵੀ ਕੰਮ ਕਰਦੀ ਸੀ ਤਾਂ ਉਦੋਂ ਵੀ ਫਰੀਲਾਂਸ ਵਜੋਂ ਐਕਸਪ੍ਰੈੱਸ ਲਈ ਰਿਪੋਰਟ ਕਵਰ ਕਰਦੀ ਸੀ। ਦੂਜੀ ਗੱਲ ਇਹ ਐ ਕਿ ਮੈਂ ਨੌਕਰੀਆਂ ਛੱਡੀਆਂ ਜ਼ਰੂਰ ਨੇ ਪਰ ਲਿਖਣਾ ਨਹੀਂ ਛੱਡਿਆ...ਲਿਖਣ ਦੀ ਲਗਾਤਾਰਤਾ ਸੀ...ਜਦੋਂ ਮੈਂ 'ਟ੍ਰਿਬਿਊਨ' ਵਿਚ ਵੀ ਕੰਮ ਕਰਦੀ ਸਾਂ ਤਾਂ ਉਨ੍ਹਾਂ ਨੂੰ ਵੀ ਪਤਾ ਸੀ ਕਿ ਇਹ ਸਿਰ ਫਿਰੀ ਐ ਪਰ ਕੋਈ ਨੁਕਸਾਨ ਨਹੀਂ ਪਹੁੰਚਾਏਗੀ...ਸੋ ਜੇ ਮੈਂ ਡੇਢ ਸਾਲ ਉਨ੍ਹਾਂ ਲਈ ਡੈਸਕ 'ਤੇ ਕੰਮ ਕਰਦੀ ਤਾਂ ਤਿੰਨ ਸਾਲ ਫਰੀਲਾਂਸ ਵਜੋਂ ਕੰਮ ਕਰਦੀ। ਦੋਵੇਂ ਅਖ਼ਬਾਰਾਂ ਨਾਲ ਇੰਜ ਦਾ ਰਿਸ਼ਤਾ ਰਿਹਾ।

## ਬਾਗ਼ੀਆਨਾ ਤਬੀਅਤ

***ਸਵਾਲ*** : ਪੱਤਰਕਾਰੀ ਦੇ ਸਫ਼ਰ ਦੌਰਾਨ ਕੋਈ ਦਿਲਚਸਪ ਘਟਨਾ ਵਾਪਰੀ ਹੋਵੇ, ਉਹ ਵੀ ਆਪਣੇ ਪਾਠਕਾਂ ਨਾਲ ਸਾਂਝੀ ਕਰਨਾ ਚਾਹੋਗੇ?

***ਨਿਰੂਪਮਾ*** : 'ਇੰਡੀਅਨ ਐਕਸਪ੍ਰੈੱਸ' ਨਾਲ ਪੇਨਫੁੱਲ ਰਿਸ਼ਤਾ ਉਦੋਂ ਟੁੱਟਿਆ ਜਦੋਂ ਕੇ.ਪੀ.ਐਸ. ਗਿੱਲ ਨੇ ਰੂਪਨ ਦਿਓਲ ਬਜਾਜ ਦੀ ਪਿੱਠ 'ਤੇ ਥੱਪੜ ਮਾਰਿਆ...ਉਸ ਪਾਰਟੀ ਵਿਚ ਸਾਰੇ ਐਡੀਟਰ ਹਾਜ਼ਰ ਸਨ।

***ਸਵਾਲ*** : ਤੁਸੀਂ ਵੀ ਉਥੇ ਹਾਜ਼ਰ ਸੀ?

***ਨਿਰੂਪਮਾ*** : ਨਹੀਂ...ਨਹੀਂ... ਚੀਫ਼ ਸੈਕਟਰੀ ਦੇ ਘਰ ਪਾਰਟੀ ਸੀ...ਮੈਂ ਉਥੇ ਹਾਜ਼ਰ ਨਹੀਂ ਸੀ...ਸਾਡੇ ਵਰਗਿਆਂ ਨੂੰ ਉਥੇ ਕੌਣ ਪੁਛਦੈ? ਉਹ ਦੌਰ ਸੀ ਰਾਸ਼ਟਰਵਾਦ ਦਾ...ਮੀਡੀਆ ਹਿੰਦੂ ਪੱਖੀ ਹੋਇਆ ਹੋਇਆ ਸੀ...ਇਹ ਸਿਧਾਂਤ ਸ਼ੰਕਰ ਰੇਅ ਦੇ ਸਲਾਹਕਾਰ ਸਨ...ਸਾਰੇ ਐਡੀਟਰਜ਼ ਨੂੰ ਐਡਵਾਈਜ਼ਰੀ ਜਿਹਾ ਰੋਲ ਦਿੱਤਾ ਗਿਆ ਸੀ...ਸਾਰੇ ਹੀ ਜਰਨਲਿਸਟਾਂ ਨੂੰ ਵੱਡੇ ਵੱਡੇ ਘਰ ਦਿੱਤੇ ਗਏ ਸਨ...ਜਿੱਥੇ ਮੁੱਖ ਸਕੱਤਰ ਵਗੈਰਾ ਰਹਿੰਦੇ ਸਨ...ਬਹੁਤੇ ਰਿਪੋਰਟਰ ਉਥੇ ਰਹਿੰਦੇ ਸਨ-ਉਹ ਭਾਵੇਂ ਪੀ.ਟੀ.ਆਈ. ਦਾ ਬਾਲੀ ਹੋਵੇ...ਭਾਵੇਂ ਅਖਿਲ ਗੌਤਮ ਹੋਵੇ...ਸਭ ਨੂੰ ਵੱਡੇ ਵੱਡੇ ਘਰ ਮਿਲ ਗਏ ਸਨ...ਉਹ ਆਪਣੇ ਆਪ ਨੂੰ ਸਿਸਟਮ ਦਾ ਹਿੱਸਾ ਸਮਝਣ ਲੱਗ ਪਏ ਸਨ...ਭਾਵ ਉਨ੍ਹਾਂ ਨੇ ਕੀ ਛਾਪਣੈ ਤੇ ਕੀ ਨਹੀਂ...'ਸਟੇਟਸਮੈਨ' ਦੇ ਅਡੀਟਰ ਪ੍ਰੇਮ ਕੁਮਾਰ ਸਨ...ਐਹੋ ਜਿਹਾ ਐਡੀਟਰ ਮੈਂ ਨਹੀਂ ਦੇਖਿਆ...। ਆਪਣੀ ਗੱਲ ਅੱਗੇ ਤੋਰਨ ਤੋਂ ਪਹਿਲਾਂ ਮੈਂ ਥੋੜ੍ਹੀ ਜਿਹੀ ਹੋਰ ਬੈਗਰਾਉਂਡ ਦੇ ਦਿਆਂ।

ਖ਼ੁਸ਼ਵੰਤ ਸਿੰਘ ਦਾ ਬੇਟਾ ਰਾਹੁਲ ਵੀ 'ਐਕਸਪ੍ਰੈੱਸ' ਵਿਚ ਸੀ...ਉਸ ਵੇਲੇ ਟ੍ਰਿਬਿਊਨ ਨੂੰ ਟੱਕਰ ਦੇਣਾ ਕੋਈ ਸੌਖਾ ਨਹੀਂ ਸੀ...। ਪ੍ਰੇਮ ਭਾਟੀਆ ਉਦੋਂ 'ਟ੍ਰਿਬਿਊਨ' ਦੇ ਐਡੀਟਰ ਸਨ। ਪ੍ਰੇਮ ਭਾਟੀਆ ਨੇ ਮੈਨੂੰ ਜੌਬ ਆਫ਼ਰ ਦਿੱਤੀ...ਮੈਂ ਕਾਲਮ ਲਿਖ ਰਹੀ ਸਾਂ ਹੀਰੋਈਨ ਬਣੀ ਹੋਈ ਸਾਂ ਪੰਜਾਬ ਦੀ। ਮੈਂ ਕਿਹਾ, 'ਮੈਨੂੰ ਕਾਲਮ ਦਿਓ।' ਕਹਿੰਦੇ-ਨਹੀਂ ਕਾਲਮ ਨਹੀਂ...ਹਾਲੇ ਤੁਸੀਂ ਬਹੁਤ ਛੋਟੇ ਹੋ। ਮੈਂ ਕਿਹਾ, 'ਫੇਰ ਕੀ ਕੰਮ ਦਿਓਗੇ ਮੈਨੂੰ?' ਫੇਰ ਮੈਨੂੰ ਪ੍ਰੇਮ ਭਾਟੀਆ ਨੇ ਲੇਡੀਜ਼ ਕਲੱਬ, ਡੌਗ ਸ਼ੋਅ ਵਰਗੇ ਕੰਮਾਂ ਦੀ ਕਵਰੇਜ ਕਰਨ ਲਈ ਕਿਹਾ। ਮੇਰਾ ਤਾਂ ਦਿਲ ਟੁੱਟ ਗਿਆ ਕਿ ਮੈਂ ਤਾਂ ਐਹੋ ਜਿਹਾ ਕੰਮ ਕਰਨਾ ਨਹੀਂ। ਦਰਅਸਲ ਮੈਂ ਆਪਣੀ ਵੱਖਰੀ ਪਛਾਣ ਬਣਾਈ...ਉਹਦਾ ਵੱਡਾ ਕਾਰਨ ਇਹ ਸੀ ਕਿ ਮੈਂ ਪੰਜਾਬੀ ਜਾਣਦੀ ਸੀ ਤਾਂ ਉਸ ਵੇਲੇ ਬਾਕੀ ਦੇ ਐਡੀਟਰ ਪੰਜਾਬੀ, ਹਿੰਦੀ ਨੂੰ ਛੋਟੇ ਦਰਜੇ ਦੀ ਸਮਝਦੇ ਸਨ। ਸੋ, ਪੰਜਾਬੀ ਲੇਖਕਾਂ ਨੂੰ ਕਵਰ ਕੀਤਾ...ਵੱਡੇ ਵੱਡੇ ਲੇਖਕਾਂ ਨੂੰ...ਲਗਦੈ ਮੈਂ ਕਿਸੇ ਨੂੰ ਛੱਡਿਆ ਹੀ ਨਹੀਂ...।

ਹਾਂ, ਸੱਚ ਮੈਂ ਰਾਹੁਲ ਸਿੰਘ ਦੀ ਗੱਲ ਕੀਤੀ ਸੀ...ਉਹ ਐਕਸਪ੍ਰੈੱਸ ਨਾਲ '85 ਤਕ ਰਿਹਾ...ਜਦੋਂ ਤਕ ਉਹ ਰਿਹਾ ਅਸੀਂ ਸਰਕੁਲੇਸ਼ਨ ਵਿਚ 10-12 ਹਜ਼ਾਰ ਤੋਂ 75,000 ਤਕ ਪਹੁੰਚ ਗਏ ਸਾਂ...ਸਿਰਫ਼ ਇਸ ਕਰਕੇ ਕਿ ਗੈਰ ਪੱਖਪਾਤੀ ਰਿਪੋਰਟਿੰਗ ਸੀ...ਦੂਜਾ ਲਾਭ ਇਹ ਸੀ ਕਿ ਸਾਡਾ ਐਡੀਟਰ ਸਿੱਖ ਸੀ...ਤੇ 75,000 'ਤੇ ਸਰਕੁਲੇਸ਼ਨ ਦਾ ਪਹੁੰਚਣਾ ਬਹੁਤ ਵੱਡੀ ਗੱਲ ਸੀ। ਰਾਹੁਲ ਸਿੰਘ ਪੁਰਾਣੇ ਜ਼ਮਾਨੇ ਦਾ ਐਡੀਟਰ ਸੀ...ਐਡੀਟਰ ਵੀ ਇੰਜ ਦਾ ਕਿ ਰੀ-ਰਾਇਟਿੰਗ ਨਹੀਂ ਕਰਨੀ, ਇਕ ਸ਼ਬਦ ਇਸ ਤਰ੍ਹਾਂ ਬਦਲਣਾ ਕਿ ਉਸ ਵਿਚ ਪੂਰੀ ਤਬਦੀਲੀ ਲੈ ਆਉਣਾ...। ਦੂਜਾ ਉਹਨੂੰ ਪੰਜਾਬ ਬਾਰੇ ਨਹੀਂ ਸੀ ਪਤਾ ਪਰ ਉਹਨੇ ਸਭ ਨੂੰ ਖੁੱਲ੍ਹ ਦਿੱਤੀ ਹੋਈ ਸੀ...ਉਸ ਦੌਰ ਵਿਚ ਸਾਹਮਣੇ ਆਏ ਕੰਵਰ ਸੰਧੂ, ਸੰਜੀਵ ਗੌੜ ਤੇ ਹੋਰ। ਰਾਹੁਲ ਸਿੰਘ ਨੇ ਕੰਟਰੈਕਟ ਰਨਿਊ ਨਹੀਂ ਕੀਤਾ ਤੇ ਉਨ੍ਹਾਂ ਦੇ ਛੱਡਣ ਮਗਰੋਂ ਪ੍ਰੇਮ ਕੁਮਾਰ ਜੀ ਆ ਗਏ...। 'ਸਟੇਟਸਮੈਨ' ਵਿਚੋਂ ਆਏ ਸਨ...ਪੰਜਾਬ ਕਵਰ ਕਰਦੇ ਸਨ...ਜਦੋਂ ਉਹ ਆਏ ਤਾਂ ਸ਼ਾਇਦ ਭਿੰਡਰਾਵਾਲੇ ਦੀ ਮੌਤ ਹੋ ਚੁੱਕੀ ਸੀ...ਉਹਨੇ ਜਿੰਨੀ ਵੀ ਰਿਪੋਰਟਿੰਗ ਕੀਤੀ, ਭਿੰਡਰਾਵਾਲੇ ਦਾ ਨਾਂ ਨਹੀਂ ਲਿਆ...ਪੂਰੀ ਤਰ੍ਹਾਂ ਬਲੈਕ ਆਊਟ ਕੀਤਾ ਹੋਇਆ ਸੀ ਕਿ ਮੈਂ ਉਹਨੂੰ ਮੰਨਦਾ ਹੀ ਨਹੀਂ...। ਹੁਣ ਤੁਸੀਂ ਦੱਸੋ, ਉਸ ਦੌਰ ਵਿਚ ਤੁਸੀਂ ਭਿੰਡਰਾਵਾਲੇ ਦਾ ਨਾਂ ਕਿਉਂ ਨਹੀਂ ਦਿਓਗੇ? ਇਕ ਤਰ੍ਹਾਂ ਨਾਲ ਹਿੰਦੂ ਗੈਂਗ ਸ਼ੁਰੂ ਹੋ ਗਿਆ...ਰਾਸ਼ਟਰਵਾਦ ਦਾ ਦੌਰ...। ਮੈਂ ਉਦੋਂ ਦਿੱਲੀ ਤੋਂ ਵਾਪਸ ਆਈ ਸੀ...ਦਸੰਬਰ '87 ਵਿਚ। ਉਹ ਕਾਲਾ ਦੌਰ ਸੀ...ਸਾਰੇ ਕਿਤੇ ਸੈਂਸਰਸ਼ਿਪ ਹੋਈ...ਇੱਥੇ ਹੁਣ ਐਡੀਟਰ ਹੀ ਐਡਵਾਈਜ਼ਰ ਬਣ ਗਿਐ...ਕੇ.ਪੀ.ਐਸ. ਗਿੱਲ ਹੁਣ ਇੱਥੇ ਹੀਰੋ ਸੀ...ਅੱਤਵਾਦ ਖ਼ਤਮ ਕਰਨ ਦਾ ਸਿਹਰਾ ਉਹਦੇ ਸਿਰ ਸੀ...ਬੜਾ ਵੱਡਾ ਬੰਦਾ ਸੀ ਤੇ ਸਿਆਸਤਦਾਨ ਵੀ ਸੀ...ਪੱਤਰਕਾਰਾਂ ਨੂੰ ਕਦੇ ਭਾਖੜਾ ਡੈਮ 'ਤੇ ਪਿਕਨਿਕ ਲਈ ਲੈ ਕੇ ਜਾ ਰਿਹੈ ਤੇ ਕਈਆਂ ਦੇ ਘਰ ਏ.ਸੀ. ਪਹੁੰਚ ਜਾਂਦੇ ਸਨ...ਐਕਸਪ੍ਰੈੱਸ ਦਾ ਦੌਰ ਆ ਗਿਆ ਸੀ...ਸਾਡੇ ਨਿਊਜ਼ ਤਾਂ ਛਪਦੀ ਨਹੀਂ ਸੀ...ਫ਼ੀਚਰ ਛਪਦੇ ਸਨ...ਵਨ-ਸਾਈਡਡ ਨਿਊਜ਼



ਛਪਦੀ ਸੀ...ਸਾਡਾ ਸੈੱਟਅਪ ਬਾਗ਼ੀਆਨਾ ਸੀ...ਤੇ ਅਸੀਂ ਸਾਰੇ ਦੁਖੀ ਹੁੰਦੇ ਸੀ...ਇਹ ਕੀ ਹੋ ਗਿਆ? ਤੇ ਰੂਪਨ ਦਿਓਲ ਬਜਾਜ ਸੰਜੀਵ ਗੌੜ ਦੀ ਦੋਸਤ ਸੀ...ਸੰਜੀਵ ਗੌੜ ਉਨ੍ਹਾਂ ਦਿਨਾਂ ਵਿਚ 'ਸਟੇਟਸਮੈਨ' ਵਿਚ ਸੀ...ਜਦੋਂ ਗਿੱਲ ਬਾਰੇ ਐਫ.ਆਈ.ਆਰ ਹੋ ਗਈ ਤਾਂ ਬਜਾਜ ਨੇ ਕਿਹਾ ਕਿ ਮੈਂ ਦੋ-ਤਿੰਨ ਪੱਤਰਕਾਰਾਂ ਨੂੰ ਖ਼ਬਰ ਰਿਲੀਜ਼ ਕਰਨਾ ਚਾਹੁੰਦੀ ਆਂ...ਤੁਸੀਂ ਚੁੱਪ-ਚਾਪ ਆ ਜਾਓ...ਕਿਉਂਕਿ ਅਖ਼ਬਾਰਾਂ ਨੇ ਇਹ ਖ਼ਬਰ ਬਲਾਕ ਕਰ ਦਿੱਤੀ ਸੀ...ਟ੍ਰਿਬਿਊਨ ਨੇ ਵੀ ਇਸ ਤਰ੍ਹਾਂ ਛਾਪੀ ਸੀ ਕਿ ਇਕ ਮਹਿਲਾ ਅਫ਼ਸਰ ਨਾਲ ਛੇੜ-ਛਾੜ...ਕਿਸੇ ਪੁਲੀਸ ਅਧਿਕਾਰੀ ਦਾ ਨਾਂ ਨਹੀਂ ਸੀ...ਜਦੋਂ ਮੈਂ ਉਥੇ ਪਹੁੰਚੀ ਤਾਂ ਇਕ ਚੰਗੀ ਗੱਲ ਇਹ ਹੋਈ ਕਿ ਉਸ ਵੇਲੇ ਪ੍ਰੇਮ ਕੁਮਾਰ ਜੀ ਦਿੱਲੀ ਦੌਰੇ 'ਤੇ ਗਏ ਹੋਏ ਸਨ...ਮੇਰੇ ਨਾਲ ਸੰਜੀਵ ਗੌੜ ਦੇ ਇਲਾਵਾ 'ਜਨਸੱਤਾ' ਦੇ ਵਿਦਿਆ ਸਾਗਰ ਸਨ...ਉਥੇ ਜਦੋਂ ਪਹੁੰਚੀ ਤਾਂ ਪੰਜਾਬ ਦੇ ਸਪੈਸ਼ਲ ਕੋਰਸਪੋਂਡੈਂਟ ਬੀ.ਕੇ. ਚੰਮ ਵੀ ਉਥੇ ਬੈਠੇ ਹੋਏ ਸਨ ਤੇ ਕਹਿੰਦੇ ਮੈਂ ਖ਼ਬਰ ਕਰਨੀ ਐ...ਨਿਊਜ਼ ਐਡੀਟਰ ਮੈਨੂੰ ਕਹਿੰਦਾ ਕਿ ਤੂੰ ਇਹ ਸਟੋਰੀ ਕਰਕੇ ਬੀ.ਕੇ. ਚੰਮ ਨੂੰ ਦੇ ਦੇ...ਮੈਂ ਅੜ ਗਈ ਕਿ ਇਹ ਸਟੋਰੀ ਮੇਰੀ ਐ...ਮੈਂ ਕਿਉਂ ਦਿਆਂ...ਬੀ.ਕੇ. ਚੰਮ ਨੇ ਜਦੋਂ ਐਫ.ਆਈ.ਆਰ. ਦਾ ਸੁਣਿਆ, ਉਹ ਆਪ ਹੀ ਕਹਿ ਗਿਆ ਕਿ ਮੈਂ ਇਹ ਸਟੋਰੀ ਨਹੀਂ ਕਰਨੀ। ਚੱਲੋ ਖ਼ੈਰ, ਮੈਂ ਸਟਰੇਟ ਸਟੋਰੀ ਲਿਖੀ...ਰੂਪਨ ਦਿਓਲ ਦਾ ਕੋਟ ਸੀ-ਕਿ ਅਸੀਂ ਉਹਨੂੰ ਸਜ਼ਾ ਦਿਆਂਗੇ...ਕਹਿੰਦੇ ਉਹ ਕੋਈ ਸਕੂਲ ਬਵਾਏ ਥੋੜ੍ਹਾ ਨਾ ਐ...ਕੀ ਤੁਸੀਂ ਉਹਨੂੰ ਕੋਨੇ 'ਚ ਖੜ੍ਹਾ ਕਰ ਦਿਓਗੇ...ਇਹ ਕੁਲੀਗ ਨਾਲ ਸੈਕਸੂਅਲ ਹੈਰਾਸਮੈਂਟ ਐ...। ਮੈਂ ਉਹੀ ਕੋਟ ਕਰਤਾ ਕਿ ਉਹ ਕੋਈ ਸਕੂਲ ਬਵਾਏ ਥੋੜ੍ਹੀ ਐ ਕਿ ਤੁਸੀਂ ਉਹਦਾ ਲੌਲੀ ਪਾਪ ਖੋਹ ਲਓਗੇ...ਉਦੋਂ ਨਬੂਦਰੀਪਾਦ ਚੀਫ਼ ਸਬ ਐਡੀਟਰ ਸੀ...ਬੜਾ ਲਾਇਕ ਬੰਦਾ ਸੀ...ਉਹਨੇ ਖ਼ਬਰ ਨਾਲ ਕੋਈ ਛੇੜ-ਛਾੜ ਨਹੀਂ ਕੀਤੀ...ਖ਼ਬਰ ਛਪ ਗਈ-ਐਫ.ਆਈ.ਆਰ. ਅੰਗੇਸਟ ਏ.ਡੀ.ਜੀ.ਪੀ.।

ਬੱਲੀ ਨੇ ਵੀ ਉਸੇ ਦਿਨ ਇਹ ਖ਼ਬਰ ਲਾ ਦਿੱਤੀ ਸੀ ਕਿਉਂਕਿ ਹੁਣ ਇਹ ਗੱਲ ਨਿਕਲ ਗਈ ਸੀ ਤੇ ਕੋਈ ਵੀ ਇਸ ਨੂੰ ਰੋਕ ਨਹੀਂ ਸੀ ਸਕਦਾ...ਸੋ ਚੰਮ ਜੀ ਨੇ ਮੇਰੀ ਕਾਪੀ ਮੰਗਵਾਈ, ਉਹਦੇ 'ਚ ਚੰਮ ਜੀ ਨੇ ਦੋ ਗੱਲਾਂ ਐਡ ਕੀਤੀਆਂ ਕਿ ਚੀਫ਼ ਸੈਕਟਰੀ ਦੀ ਪ੍ਰਾਈਵੇਟ ਪਾਰਟੀ ਸੀ...ਦੂਜਾ ਇਹ ਕਿ ਰੂਪਨ ਦਿਓਲ ਬਜਾਜ ਨੇ ਵੀ ਉਸ ਵੇਲੇ ਪੀਤੀ ਹੋਈ ਸੀ...ਉਸ ਵੇਲੇ ਤਾਂ ਇਹ ਗੱਲ ਔਰਤ ਦੇ ਖ਼ਿਲਾਫ਼ ਜਾਂਦੀ ਸੀ...ਜਦੋਂ ਇਹ ਖ਼ਬਰ ਛਪੀ ਤਾਂ ਅਗਲੇ ਦਿਨ ਮੈਂ ਹੀਰੋ ਸੀ...ਮੈਨੂੰ ਯਾਦ ਐ ਮੈਂ ਕਿਸੇ ਦੋਸਤ ਨੂੰ ਮਿਲਣ ਪੰਜਾਬ ਯੂਨੀਵਰਸਿਟੀ ਗਈ ਸੀ...ਤੇ ਮਾਪੇ ਆਪਣੇ ਬੱਚਿਆਂ ਨੂੰ ਭੇਜ ਰਹੇ ਨੇ ਕਿ ਜਾ ਕੇ ਉਹ ਮੈਡਮ ਦੇ ਆਟੋ ਗਰਾਫ਼ ਲੈ ਕੇ ਆਓ...ਦਫ਼ਤਰ ਵਿਚ ਵੀ ਸਾਰੇ ਖ਼ੁਸ਼...ਜਿਹੜੀ ਖ਼ਬਰ ਟ੍ਰਿਬਿਊਨ ਨੇ ਟੱਚ ਨਹੀਂ ਸੀ ਕੀਤੀ, ਅਸੀਂ ਬਰੇਕ ਕੀਤੀ...ਪਰ ਦਿੱਲੀ ਵਿਚ ਇਹ ਸਟੋਰੀ ਕਿੱਲ ਕਰਵਾ ਦਿੱਤੀ ਗਈ...ਉਥੇ ਉਦੋਂ ਅਰੁਣ ਸ਼ੋਰੀ ਸੀ...ਤੇ ਮੈਂ ਉਹਨੂੰ ਇਕ ਲਾਈਨ ਦਾ ਨੋਟ ਮੇਲ ਕਰ ਦਿੱਤਾ ਕਿ ਮਿਸਟਰ ਸ਼ੋਰੀ ਮੈਨੂੰ ਬੜਾ ਦੁੱਖ ਹੋਇਆ ਕਿ ਤੁਸੀਂ ਇਹ ਸਟੋਰੀ ਕਵਰ ਨਹੀਂ ਕੀਤੀ...ਤੇ ਸ਼ੋਰੀ ਦਾ ਜਵਾਬ ਆਇਆ ਕਿ ਮੈਂ ਵੀ ਹੈਰਾਨ ਹਾਂ ਕਿ ਸਟੋਰੀ ਕਿਉਂ ਨਹੀਂ ਛਪੀ...ਮੈਂ ਚੈੱਕ ਕਰਵਾਊਨਾ...ਤੀਸਰੇ ਦਿਨ ਪ੍ਰੇਮ ਕੁਮਾਰ ਆਇਆ...ਉਹਦੇ ਬਾਰੇ ਸਾਰਿਆਂ ਨੂੰ ਪਤਾ ਸੀ ਕਿ ਉਹਦੀਆਂ ਹਿੰਦੂ ਪੱਖੀ ਭਾਵਨਾਵਾਂ ਨੇ...ਉਹਨੇ ਆਉਂਦਿਆਂ ਹੀ ਮੈਨੂੰ ਸੰਮਨ ਕੀਤਾ ਕਿ ਤੂੰ ਇਹ ਖ਼ਬਰ ਕਵਰ ਕੀਤੀ ਤਾਂ ਕੀਤੀ ਕਿੰਜ? ਮੈਂ ਕਿਹਾ, ''ਸਰ ਸਾਨੂੰ ਉਥੇ ਸੱਦਿਆ ਗਿਆ ਸੀ ਤੇ ਤਿੰਨ ਰਿਪੋਰਟਰ ਸਨ ਸੋ ਮੈਂ ਉਹ ਖ਼ਬਰ ਕੀਤੀ।'' ਕਹਿੰਦਾ-ਨਹੀਂ...ਨਹੀਂ ਇਹ ਕਰਾਈਮ ਰਿਪੋਰਟ ਦੀ ਖ਼ਬਰ ਸੀ...ਬਾਅਦ ਵਿਚ ਗਿੱਲ ਤੇ ਬਜਾਜ ਤਾਂ ਦੋਸਤੀ ਕਰ ਲੈਣਗੇ, ਅਸੀਂ ਫਸ ਜਾਵਾਂਗੇ...ਮੈਂ ਉਥੇ ਪੈਰਲਲ ਡਰਾਮਾ ਸ਼ੁਰੂ ਕਰ ਦਿੱਤਾ। ਮੈਂ ਕਿਹਾ, ''ਮੈਂ ਸੋਚਿਆ ਤੁਸੀਂ ਵਾਪਸ ਆਓਗੇ ਤੇ ਮੈਨੂੰ ਮੁਬਾਰਕਾਂ ਦਿਓਗੇ...।'' ਪਰ ਉਹ ਕਿੱਥੇ ਸੁਣੇ...ਉਹਨੇ ਸਟੋਰੀ ਮੈਥੋਂ ਲਈ ਤੇ ਉਂਕਾਰ ਨੂੰ ਦੇ ਦਿੱਤੀ...ਡੈਮੇਜ ਕੰਟਰੋਲ ਲਈ...। ਹਾ...ਹਾ...। ਉਹਨੇ ਘੰਟੇ ਬਾਅਦ ਮੈਨੂੰ ਫੇਰ ਸੰਮਨ ਕੀਤਾ...ਤੂੰ ਇਹ ਚੀਫ਼ ਐਡੀਟਰ ਨੂੰ ਕਿਉਂ ਲਿਖਿਆ...ਵਗੈਰਾ ਵਗੈਰਾ...ਤੇ ਮੈਂ ਆਪਣਾ ਉਹੀ ਰੋਣਾ ਜਾਰੀ ਰੱਖਿਆ ਕਿ ਤੁਸੀਂ ਮੇਰੀ ਤਾਰੀਫ਼ ਨਹੀਂ ਕੀਤੀ। ਫੇਰ ਮੈਂ ਪ੍ਰੇਮ ਕੁਮਾਰ ਦੇ ਖ਼ਿਲਾਫ਼ ਹੋ ਗਈ...ਪਰ ਉਹਦੇ ਨਾਲ ਉਹਨੂੰ ਕੀ ਫ਼ਰਕ ਪੈਂਦਾ ਸੀ...ਮੈਂ ਉਹਦੇ ਲਈ ਕੋਈ ਮਾਇਨੇ ਨਹੀਂ ਰੱਖਦੀ ਸੀ...ਅਖ਼ਬਾਰ ਸਾਡਾ ਡਾਊਨ ਜਾ ਰਿਹਾ ਸੀ...ਖ਼ਬਰਾਂ ਛਪਦੀਆਂ ਨਹੀਂ ਸਨ...ਜਿਹੜੇ ਅਸੀਂ 75,000 'ਤੇ ਪਹੁੰਚੇ ਸੀ, ਉਹ ਹੇਠਾਂ 40,000 ਦੇ ਨੇੜੇ ਆ ਗਏ...। ਇਸ ਤਰ੍ਹਾਂ ਦੀ ਸਿਆਸਤ ਨਾਲ ਹੁਣ ਐਕਸਪ੍ਰੈੱਸ 10-12 ਹਜ਼ਾਰ 'ਤੇ ਐ...ਐਡੀਟਰਾਂ ਦੀ ਦਖ਼ਲਅੰਦਾਜ਼ੀ ਕਾਰਨ...ਉਨ੍ਹਾਂ ਦੀ ਬੇਵਕੂਫ਼ੀ ਨਾਲ...ਜਦਕਿ ਬਹੁਤ ਵਧੀਆ ਅਖ਼ਬਾਰ ਸੀ ਇਹ। ਮੈਂ ਪੂਰੇ ਵਿਰੋਧ ਵਿਚ ਸਾਂ...ਮੈਂ ਕਵਿਸ਼ਰੀ ਸਟਾਈਲ ਵਿਚ ਨਜ਼ਮ ਲਿਖੀ-

*ਲਾਟ ਸਾਹਬ ਜੋ ਚਾਹੇਗਾ, ਉਹ ਅਖ਼ਬਾਰ ਵਿਚ ਜਾਏਗਾ*
*ਦੇਸ਼ ਵਿਚ ਸੰਕਟ ਭਾਰੀ ਐ, ਹੋ ਰਹੀ ਮਾਰਾ-ਮਾਰੀ ਐ*
*ਆਲਾ ਅਫਸਰ ਆਇਆ ਹੈ, ਇਕ-ਅੱਧੀ ਨੂੰ ਹੱਥ ਲਾਇਆ ਹੈ*

ਪ੍ਰੈੱਸ ਕਲੱਬ ਬੈਠ ਕੇ ਮੈਂ ਉਹ ਨਜ਼ਮ ਪੜ੍ਹਨੀ। ਗੁਰਸ਼ਰਨ ਭਾਜੀ ਨੇ ਆਪਣੇ ਮੈਗਜ਼ੀਨ 'ਸਰਦਲ' ਵਿਚ ਉਹ ਨਜ਼ਮ ਛਾਪੀ।

ਪ੍ਰੇਮ ਕੁਮਾਰ ਬੜਾ ਚਾਲਾਕ ਬੰਦਾ ਸੀ...ਉਹ ਮੂੰਹ 'ਤੇ ਨਹੀਂ ਸੀ ਕੁਝ ਕਹਿੰਦਾ...ਪਰ ਮੇਰੇ ਕਰਕੇ ਉਹ ਅੰਦਰੋ-ਅੰਦਰੀ ਖਿਝਿਆ ਹੋਇਆ ਸੀ...। ਇਨ੍ਹਾਂ ਦੀ ਪੰਜਾਬ ਬਾਰੇ ਪਹੁੰਚ ਹੀ ਉਵੇਂ ਦੀ ਨਹੀਂ ਸੀ। '88 ਵਿਚ ਗਵਰਨਰ ਦੀ ਪਾਲਸੀ ਇਹ ਆਈ ਕਿ ਪੰਜਾਬ ਹੁਣ ਨਾਰਮਲ ਹੋ ਰਿਹੈ...ਪ੍ਰੇਮ ਕੁਮਾਰ ਨੇ ਮੈਨੂੰ ਆਪ ਭੇਜਿਆ ਕਿ ਤੁਸੀਂ ਪੰਜਾਬ ਦੌਰੇ 'ਤੇ ਜਾਓ ਤੇ ਖ਼ਬਰਾਂ ਲੈ ਕੇ ਆਓ...ਜਿਨ੍ਹਾਂ ਵਿਚ ਅੱਤਵਾਦ ਦਾ ਕੋਈ ਜ਼ਿਕਰ ਨਾ ਹੋਵੇ...ਜਿਨ੍ਹਾਂ ਵਿਚ ਐ ਦੱਸਣੈ ਕਿ ਪੰਜਾਬ ਖ਼ੁਸ਼ਹਾਲ ਐ...ਇਥੋਂ ਤਕ ਕਿ ਉਹ ਕਲਾ ਦੀ ਵੀ ਆਲੋਚਨਾ ਨਹੀਂ ਸੀ ਕਰਨ ਦਿੰਦਾ ਤੇ ਮੇਰਾ ਉਥੇ ਰਹਿਣਾ ਮੁਸ਼ਕਲ ਹੁੰਦਾ ਜਾ ਰਿਹਾ ਸੀ...ਉਸ ਦੌਰ ਵਿਚ ਮੈਨੂੰ ਫੇਰ ਤੋਂ ਟ੍ਰਿਬਿਊਨ ਤੋਂ ਆਫ਼ਰ ਆਈ...ਜਦੋਂ ਮੈਂ ਪਹਿਲੀ ਵਾਰ ਟ੍ਰਿਬਿਊਨ ਜੁਆਇਨ ਕੀਤਾ ਉਦੋਂ ਵੀ.ਐਨ. ਨਾਰਾਇਣਨ ਐਡੀਟਰ ਸਨ...ਉਨ੍ਹਾਂ ਨੇ ਐਕਸਪ੍ਰੈੱਸ ਵਿਚ ਵੀ ਕੰਮ ਕੀਤਾ ਸੀ...ਉਨ੍ਹਾਂ ਦੇ ਅੰਡਰ ਮੈਂ ਬਹੁਤ ਕੰਮ ਕੀਤਾ...ਉਹ ਹੱਲਾਸ਼ੇਰੀ ਵੀ ਬਹੁਤ ਦਿੰਦੇ ਸਨ...ਪਰ ਟ੍ਰਿਬਿਊਨ ਵੜਦਿਆਂ ਹੀ ਬੰਦਾ ਟ੍ਰਿਬਿਊਨਾਈਜ਼ ਹੋ ਜਾਂਦੈ...ਕਿਉਂਕਿ ਤੁਹਾਨੂੰ ਟਰੱਸਟੀਜ਼ ਨੂੰ ਪਲੀਜ਼ ਕਰਨਾ ਪੈਂਦੈ...ਇਹੋ ਜਿਹੇ ਪਾਪੜ ਵੇਲਣੇ ਪੈਂਦੇ ਨੇ...ਮੇਰੇ ਜਾਂਦਿਆਂ ਈ ਪਹਿਲਾਂ ਤਾਂ ਇਹ ਸਿਆਸਤ ਸ਼ੁਰੂ ਹੋ ਗਈ ਕਿ ਇਹ ਆਈ ਐ ਤਾਂ ਕਿੰਜ ਆਈ...ਉਦੋਂ ਪ੍ਰੇਮ ਦੱਤ ਮਹਿੰਦਰਾ ਸੀ...ਬੜੀ ਦੇਰ ਉਹਨੇ ਟ੍ਰਿਬਿਊਨ ਵਿਚ ਕੰਮ ਕੀਤਾ...ਚਾਹ-ਕੌਫ਼ੀ ਪੀਣ ਬੈਠਣਾ ਤੇ ਉਹਨੇ ਬੜੀਆਂ ਵਲਗਰ ਜਿਹੀਆਂ ਗੱਲਾਂ ਸੁਣਾਉਣੀਆਂ...ਸੋ ਪਹਿਲਾਂ ਤਾਂ ਇਹ ਮੇਰੇ ਖ਼ਿਲਾਫ਼ ਸ਼ੁਰੂ ਹੋ ਗਿਆ...ਫੇਰ ਇਸ ਦੇ ਚੈਂਪੀਅਨ ਸਨ-ਯੂ.ਕੇ. ਭਨੋਟ, ਸ਼ਾਮ ਖੋਸਲੇ...ਇਹ ਆਰ.ਐਸ.ਐਸ. ਟਾਈਪ ਬੰਦਾ ਸੀ...। 11 ਸਾਲ ਦੀ ਸੀਨੀਆਰਟੀ ਛੱਡ ਕੇ ਮੈਂ ਟ੍ਰਿਬਿਊਨ ਵਿਚ ਸਭ ਤੋਂ ਹੇਠਾਂ ਰਿਪੋਰਟਰ ਵਜੋਂ ਆਈ ਸੀ...ਇਨ੍ਹਾਂ ਨੇ ਕਹਿਣਾ ਕਿ ਇਹ ਕਿਵੇਂ ਆ ਸਕਦੀ ਐ...ਇਹਦਾ ਜ਼ਰੂਰ ਪ੍ਰੇਮ ਦੱਤ ਮਹਿੰਦਰਾ ਨਾਲ ਕੋਈ ਚੱਕਰ ਹੋਣੈ...ਇਨ੍ਹਾਂ ਵਾਸਤੇ ਤਾਂ ਕੋਈ ਮੁੰਡਾ-ਕੁੜੀ 'ਕੱਠੇ ਚਾਹ ਪੀਣ ਬਹਿ ਜਾਣ ਤਾਂ ਵੱਡੀ ਗੱਲ ਹੁੰਦੀ ਸੀ...। ਸਾਡੇ ਲਈ ਇਹ ਆਮ ਜਿਹੀ ਗੱਲ ਸੀ ਕਿਉਂਕਿ ਐਕਸਪ੍ਰੈੱਸ ਵਿਚ ਅਜਿਹਾ ਕੋਈ ਮਾਹੌਲ ਨਹੀਂ ਸੀ। ਦਰਅਸਲ, ਮੈਂ ਐਸੀਆਂ ਗੱਲਾਂ ਕਹਿ ਦਿੰਦੀ ਸਾਂ ਜਾਂ ਕਹਿਣੀਆਂ ਨਹੀਂ ਚਾਹੀਦੀਆਂ ਸਨ ਜਾਂ ਇਹ ਕਹਿ ਲਓ ਇਨ੍ਹਾਂ ਨੂੰ ਚੰਗੀਆਂ ਨਹੀਂ ਸਨ ਲਗਦੀਆਂ, ਸੋ ਇਹ ਕਹਿ ਦਿੰਦੇ ਸਨ ਕਿ ਇਹਨੂੰ ਦੂਰ ਹੀ ਰੱਖੋ...।

ਉਥੋਂ ਦੇ ਮੈਸੰਜਰ ਕਹਿਣ ਲੱਗੇ ਮੈਡਮ ਤੁਸੀਂ ਸਾਨੂੰ ਵੀਟ ਡਰੰਮ ਦੇ ਦੇਣਾ...ਮੈਨੂੰ ਪਹਿਲਾਂ ਸਮਝ ਨਹੀਂ ਆਈ, ਫੇਰ ਬਾਅਦ ਵਿਚ ਪਤਾ ਲੱਗਾ ਕਿ ਇਹ ਸਿਆਹੀ ਵਾਲਾ ਡਰੰਮ ਐ ਜੋ ਕਣਕ ਸਟੋਰ ਕਰਨ ਲਈ ਮਿਲਦੈ। ਫੇਰ ਉਥੇ ਕਣਕ ਲਈ ਕਰਜ਼ਾ ਵੀ ਮਿਲਦਾ ਸੀ...ਫੇਰ ਮੈਂ ਇਕੋ-ਇਕ ਅਖ਼ਬਾਰ ਦੇਖਿਆ ਜਿੱਥੇ ਲੰਚ ਤੇ ਡਿਨਰ ਸਮੇਂ ਪੀ.ਬੀ.ਐਕਸ ਬੰਦ ਹੋ ਜਾਂਦਾ ਸੀ...ਤੁਸੀਂ ਫ਼ੋਨ ਵੀ ਨਹੀਂ ਚੁੱਕ ਰਹੇ ਕਿਉਂਕਿ ਤੁਸੀਂ ਖਾਣਾ ਖਾ ਰਹੇ ਹੋ...ਇਕ ਹੋਰ ਗੱਲ ਮੈਂ ਦੇਖੀ ਸੀ ਕਿ ਦਿਆਲ ਸਿੰਘ ਮਜੀਠੀਆ ਨੇ ਇਹ ਕੀਤਾ ਸੀ ਕਿ ਕਾਮਿਆਂ ਨੂੰ ਦੁੱਧ-ਜਲੇਬੀ ਮਿਲੇ ਜੋ ਹੌਲੀ ਹੌਲੀ ਦੁੱਧ ਕਲਾਕੰਦ ਤੇ ਫੇਰ ਵੇਸਣ 'ਤੇ ਆ ਗਈ...ਬਹੁਤ ਥੋੜ੍ਹੀਆਂ ਔਰਤਾਂ ਸਨ ਇੱਥੇ...ਡੈਸਕ 'ਤੇ ਨਾਨਕੀ ਹਾਂਸ ਸੀ...ਹਿੰਦੀ ਵਿਚ ਰੇਣੂਕਾ ਨਈਅਰ ਤੇ ਇਕ ਹੋਰ ਸੀ ਮੈਨੂੰ ਨਾਂ ਚੇਤੇ ਨਹੀਂ...ਉਨ੍ਹਾਂ ਦਿਨਾਂ ਵਿਚ ਦੋ ਐਸੀਆਂ ਸਟੋਰੀਆਂ ਸਨ ਜਿਨ੍ਹਾਂ ਨੂੰ ਕਰਕੇ ਮੈਨੂੰ ਖ਼ੁਸ਼ੀ ਮਿਲੀ ਸੀ-ਇਕ ਤਾਂ ਚਮਨ ਨਾਹਲ ਦਾ ਨਾਵਲ ਸੀ ਦੇਸ਼ ਵੰਡ 'ਤੇ...ਉਸ ਨਾਵਲ ਦੇ ਇਕ ਚੈਪਟਰ ਵਿਚ ਜ਼ਿਕਰ ਆਉਂਦਾ ਸੀ-ਕਿ ਹਿੰਦੂ ਆਰੀਆ ਸਮਾਜੀ ਪਰਿਵਾਰ ਸੀ...ਦੋ ਭੈਣ-ਭਰਾ ਸਨ ਇਕ ਕਮਰੇ ਵਿਚ...ਉਨ੍ਹਾਂ ਦਾ ਆਪਸੀ ਸਰੀਰਕ ਸਬੰਧ ਕਾਇਮ ਹੋ ਜਾਂਦੈ...ਤੇ ਪੰਜਾਬ ਯੂਨੀਵਰਸਿਟੀ ਵਿਚ ਭਾਜਪਾ ਪੱਖੀ ਰਾਮ ਪ੍ਰਕਾਸ਼ ਸੀ ਤੇ ਦਰਸ਼ਨ ਸਿੰਘ ਹੁੰਦੇ ਸਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ...ਇਨ੍ਹਾਂ ਨੇ ਬੜਾ ਸਖ਼ਤ ਵਿਰੋਧ ਸ਼ੁਰੂ ਕਰ ਦਿੱਤਾ ਕਿ ਨਾਵਲ 'ਤੇ ਪਾਬੰਦੀ ਲਾਈ ਜਾਵੇ...ਕਾਰਨ ਇਹ ਦਿੰਦੇ ਸਨ ਕਿ ਹਿੰਦੂ ਪਰਿਵਾਰਾਂ ਵਿਚ ਇੰਜ ਨਹੀਂ ਹੁੰਦਾ...ਇਹ ਸਟੋਰੀ ਕਰਨ ਦੀ ਮੈਨੂੰ ਆਗਿਆ ਦਿੱਤੀ ਗਈ...ਦੂਜੀ ਸੀ, ਕੋਈ ਐਂਥਰਪੋਲੋਜੀ ਡਿਪਾਰਟਮੈਂਟ ਤੋਂ ਕੋਈ ਗੁਪਤਾ ਗੁਪਤਾ ਕਰਕੇ ਬੰਦਾ ਸੀ...ਉਹਨੇ ਜਿਹੜਾ ਥੀਸੀਜ਼ ਕੀਤਾ, ਉਹ ਝੂਠਾ ਸੀ...ਨਾਰਾਇਣਨ ਨੇ ਵੀ ਇਨ੍ਹਾਂ ਦੋਹੇਂ ਸਟੋਰੀਆਂ ਦੀ ਤਾਰੀਫ਼ ਕੀਤੀ ਪਰ ਜਿਵੇਂ ਉਥੇ ਚੁਗਲੀਆਂ ਹੁੰਦੀਆਂ ਸਨ ਤਾਂ ਉਨ੍ਹਾਂ ਨੇ ਮੈਨੂੰ ਫੇਰ ਪੀ.ਜੀ.ਆਈ. ਦੀ ਬੀਟ ਦਿੱਤੀ...ਹੁਣ ਸਿਹਤ ਬਾਰੇ ਰਿਪੋਰਟਿੰਗ ਕਰਨਾ ਮੇਰੇ ਵੱਸ ਦੀ ਗੱਲ ਨਹੀਂ ਸੀ...ਮੇਰੀ ਰੁਚੀ ਕਲਾ ਤੇ ਸਾਹਿਤ ਵਿਚ ਸੀ...ਬੱਸ ਕਿਸੇ ਗੱਲ ਤੋਂ ਲੜਾਈ ਹੋਈ ਤੇ ਮੈਂ ਅਸਤੀਫ਼ਾ ਦੇ ਦਿੱਤਾ...ਫੇਰ ਉਹਦੇ ਬਾਅਦ ਫਰੀਲਾਂਸ ਕਰਦੀ ਰਹੀ...ਹਾ...ਹਾ...। ਬੱਸ ਏਦਾਂ ਚੱਲੀ ਗਿਆ।

(ਚਲਦਾ)

## GEF Seniors Housing SAKAW Terrace Accepting Applications

## South Asian Long Term Care Foundation

**is happy to share this information:**

**The deadline is April 30, 2018 at 4:30 pm.**

- There are Supportive Living - Lodge units (70) and Independent Living - Apartment units (88).
- On-site amenities include hair salon, exercise facility, tuck shop, theatre room, multifaith room, two courtyards, and a communal greenhouse.
- Food will meet the Canada Food Guide.
- Canadian Citizen/10 years residency.
- First applicant must be at least 65 years old and second applicant must be 60 years old.
- For lodge there are standard subsidized rooms and market rooms.
- For apartments there are one and two bedroom units (affordable and market).
- Please go to www.gef.org for Sakaw Terrace Brochure and application form.
- You have to provide information on your income, line 150 from the most current tax year from the notice of assessment. Foreign pensions are also included.
- Please mark SAKAW TERRACE as your first choice.

Application Process:

- You can call GEF's main office for forms 780-482-6561
- Fill the forms, and drop it off in person at GEF building
- Mail to GEF Seniors Housing, Central Services, 14220-109Avenue, Edmonton, AB T5N 4B3
- Scan the filled form and email to housinginfo@gef.org

* Please note that after application is submitted, you will receive a letter confirming receipt of your application and the application will be placed in a lottery on May 8. In person interviews will take place with each qualified applicant starting, mid-May

**Contact SALTCF for help in filling in the forms or answering questions.**

**Harchand Grewal: 780-952-9550**

**Mohyuddin Mirza: 780-463-0652**

email: southasianseniorfoundation@gmail.com

# ਭਾਗਲਪੁਰ ਤੋਂ ਗਰਾਊਂਡ ਰਿਪੋਰਟ :

# '1989 ਨਹੀਂ ਭੁੱਲੀ ਹਾਂ, ਖ਼ੁਦਾ ਵਾਸਤੇ ਬੰਦ ਕਰੋ'



ਰਜਨੀਸ਼ ਕੁਮਾਰ

"24 ਅਕਤੂਬਰ 1989। ਦਿਨ ਦੇ 12 ਵੱਜ ਰਹੇ ਸਨ। ਭਾਗਲਪੁਰ ਸ਼ਹਿਰ ਦੇ ਪਰਬਤੀ ਇਲਾਕੇ 'ਚੋਂ ਰਾਮ ਜਨਮ ਭੂਮੀ ਅੰਦੋਲਨ ਦੇ ਮੂਰਤੀ ਪੂਜਾ ਦਾ ਜਲੂਸ ਸ਼ੁਰੂ ਹੋਇਆ ਸੀ।"

ਭਾਗਲਪੁਰ ਜ਼ਿਲ੍ਹਾ ਕਾਂਗਰਸ ਦੇ ਮੁਖੀ ਸੱਜਾਦ ਅਲੀ ਨੇ ਜਦੋਂ ਪਿਛਲੇ ਮਹੀਨੇ 17 ਮਾਰਚ ਨੂੰ ਕੇਂਦਰੀ ਮੰਤਰੀ ਅਸ਼ਵਨੀ ਚੌਬੇ ਦੇ ਪੁੱਤਰ ਅਰਜਿਤ ਚੌਬੇ ਦੀ 'ਸ਼ੋਭਾ ਯਾਤਰਾ' ਦੌਰਾਨ ਫ਼ਿਰਕੂ ਤਣਾਅ ਦੇਖਿਆ ਤਾਂ ਉਨ੍ਹਾਂ ਨੂੰ ਅਚਾਨਕ ਹੀ 1989 ਦਾ ਉਹ ਜਲੂਸ ਯਾਦ ਆ ਗਿਆ ਤੇ ਅੱਖੀਂ ਦੇਖੀ ਦੱਸਣ ਲੱਗੇ।

"ਜਲੂਸ ਵਿਚ ਜੰਮ ਕੇ ਨਾਅਰੇ ਲਾਏ ਜਾ ਰਹੇ ਸਨ। ਨਾਅਰੇ ਪੂਰੀ ਤਰ੍ਹਾਂ ਡਰਾਉਣ ਵਾਲੇ ਸਨ। ਜਲੂਸ ਸ਼ਹਿਰ ਵਿਚ ਦਸਤਕ ਦੇਣ ਵਾਲਾ ਸੀ। ਜਲੂਸ ਵਿਚ ਸ਼ਾਮਲ ਭੀੜ ਦੀ ਨੀਅਤ ਨੂੰ ਆਸਾਨੀ ਨਾਲ ਮਹਿਸੂਸ ਕੀਤਾ ਜਾ ਸਕਦਾ ਸੀ। ਜਲੂਸ ਤਤਾਰਪੁਰ ਵੱਲ ਵੱਧ ਰਿਹਾ ਸੀ। ਤਤਾਰਪੁਰ ਮੁਸਲਿਮ ਇਲਾਕਾ ਹੈ। ਜਲੂਸ ਨੂੰ ਤਤਾਰਪੁਰ ਵਾਲਿਆਂ ਨੇ ਰੋਕਿਆ। ਮੁਸਲਿਮ ਸਕੂਲ ਕੋਲ ਪੁਲੀਸ ਨੇ ਵੀ ਰੋਕਣ ਵਿਚ ਮਦਦ ਕੀਤੀ।"

"ਪੁਲੀਸ ਨੇ ਜਲੂਸ ਦੀ ਅਗਵਾਈ ਕਰ ਰਹੇ ਲੋਕਾਂ ਨੂੰ ਕਿਹਾ ਕਿ ਤਤਾਰਪੁਰ ਵਾਲੇ ਅੜੇ ਹੋਏ ਹਨ ਤੇ ਉਹ ਚੌਕ ਤੋਂ ਬਾਅਦ ਜਲੂਸ ਨੂੰ ਜਾਣ ਨਹੀਂ ਦੇਣਗੇ। ਗੁੱਸੇ ਵਿਚ ਲੋਕਾਂ ਨੇ ਪੁਲੀਸ 'ਤੇ ਬੰਬ ਸੁੱਟਿਆ। ਉਹ ਬੰਬ ਪਟਾਕੇ ਸਨ। ਇਸ ਨਾਲ ਧੂੰਏਂ ਦਾ ਗੁਬਾਰ ਬਣਿਆ ਜਿਸ ਵਿਚ ਐਸ.ਪੀ., ਡੀ.ਐਮ. ਸਾਰੇ ਲੁਕ ਗਏ। ਉਸ ਵਕਤ ਭਾਗਵਤ ਝਾ ਆਜ਼ਾਦ ਕਾਂਗਰਸ ਦੇ ਸੰਸਦ ਮੈਂਬਰ ਹੁੰਦੇ ਸਨ।"

"ਉਨ੍ਹਾਂ ਨੇ ਮੁਸਲਮਾਨਾਂ ਨੂੰ ਪੈਸੇ ਦੇ ਕੇ ਜਲੂਸ ਰੋਕਣ ਲਈ ਤਿਆਰ ਕੀਤਾ ਸੀ। ਉਨ੍ਹਾਂ ਨੂੰ ਲੱਗਾ ਸੀ ਕਿ ਕੁਝ ਹੋਵੇਗਾ ਤਾਂ ਪੈਸਾ ਦੇ ਕੇ ਸਮਝੌਤਾ ਕਰਵਾ ਦਿੱਤਾ ਜਾਵੇਗਾ ਅਤੇ ਮੁਸਲਮਾਨਾਂ ਦਾ ਵੋਟ ਆਸਾਨੀ ਨਾਲ ਹਾਸਲ ਕਰ ਲਿਆ ਜਾਵੇਗਾ। ਪਰ ਮਾਮਲਾ ਹੱਥੋਂ ਨਿਕਲ ਗਿਆ। ਜਲੂਸ ਨੇ ਪਰਬਤੀ ਤੋਂ ਹੀ ਮੁਸਲਮਾਨਾਂ ਨੂੰ ਮਾਰਨਾ ਸ਼ੁਰੂ ਕਰ ਦਿੱਤਾ ਸੀ ਤੇ ਤਿੰਨ ਦਿਨਾਂ ਤੱਕ ਕਤਲੇਆਮ ਚਲਦਾ ਰਿਹਾ।"

**ਸ਼ਹਿਰ ਦਾ ਮਾਹੌਲ** : ਉਨ੍ਹਾਂ ਨਾਲ ਬੈਠੇ ਕਾਂਗਰਸ ਦੇ ਜ਼ਿਲ੍ਹਾ ਮੀਤ ਪ੍ਰਧਾਨ ਗਿਰੀਸ਼ ਪ੍ਰਸਾਦ ਸਿੰਘ ਕੰਬਦੀ ਆਵਾਜ਼ ਵਿਚ ਦੱਸਦੇ ਹਨ ਕਿ ਕਿਵੇਂ ਭਾਗਵਤ ਝਾ ਆਜ਼ਾਦ ਅਤੇ ਸ਼ਿਵਚੰਦਰ ਝਾ ਨੇ ਆਪਸੀ ਟਕਰਾਅ ਵਿਚ ਸ਼ਹਿਰ ਦਾ ਮਾਹੌਲ ਖ਼ਰਾਬ ਕੀਤਾ ਸੀ, ਜਦਕਿ ਦੋਵੇਂ ਕਾਂਗਰਸ ਦੇ ਨੇਤਾ ਸੀ।

ਗਿਰੀਸ਼ ਸਿੰਘ ਕਹਿੰਦੇ ਹਨ ਕਿ ਦੋਵੇਂ ਮੁਸਲਮਾਨਾਂ ਦੇ ਨੇਤਾ ਬਣਨਾ ਚਾਹੁੰਦੇ ਸਨ। ਸ਼ਹਿਰ ਦੇ ਮੁਸਲਮਾਨ 17 ਮਾਰਚ ਨੂੰ ਅਰਜਿਤ ਚੌਬੇ ਦੇ ਜਲੂਸ ਵਿਚ ਨਾਅਰੇ ਅਤੇ ਉਸ ਦੀ ਇੱਛਾ ਦੀ ਤੁਲਨਾ 1989 ਦੇ ਸ਼ੁਰੂਆਤੀ ਦਿਨਾਂ ਨਾਲ ਕਰ ਰਹੇ ਸਨ। ਗਿਰੀਸ਼ ਸਿੰਘ ਕਹਿੰਦੇ ਹਨ ਕਿ ਉਸ ਵਕਤ ਸ਼ਹਿਰ ਦੇ ਐਸ.ਪੀ. ਬਿਹਾਰ ਦੇ ਮੌਜੂਦਾ ਡੀ.ਜੀ.ਪੀ. ਕੇ.ਐਸ. ਦ੍ਵਿਵੇਦੀ ਸਨ। ਜਿਵੇਂ ਪ੍ਰਸ਼ਾਸਨ ਨੇ ਹੁਣੇ ਜਿਹੇ ਚੌਕਸੀ ਦਿਖਾ ਕੇ ਹਾਲਾਤ ਨੂੰ ਕੰਟਰੋਲ ਵਿਚ ਕਰ ਲਿਆ, ਉਵੇਂ ਉਦੋਂ ਨਹੀਂ ਕੀਤਾ ਗਿਆ ਸੀ।

**ਫ਼ਿਰਕੂ ਤਣਾਅ** : 1989 ਦੇ ਦੰਗਿਆਂ ਵਿਚ ਮੁਸਲਮਾਨਾਂ ਖ਼ਿਲਾਫ਼ ਦੋ ਜਾਤੀਆਂ ਦੇ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਗੱਲ ਕਹੀ ਜਾਂਦੀ ਹੈ। ਉਹ ਹਨ- ਯਾਦਵ ਤੇ ਗੰਗੋਤਾ। ਕਾਮੇਸ਼ਵਰ ਯਾਦਵ ਨੂੰ ਸ਼ਹਿਰ ਇਸੇ ਰੂਪ ਵਿਚ ਜਾਣਦਾ ਹੈ। ਉਹ ਲੰਬੇ ਸਮੇਂ ਤੱਕ ਜੇਲ੍ਹ ਵਿਚ ਵੀ ਬੰਦ ਰਹੇ। ਇਸ ਵਾਰ ਵੀ ਅਰਜਿਤ ਚੌਬੇ ਦੀ ਸ਼ੋਭਾ ਯਾਤਰਾ ਮਗਰੋਂ ਜੋ ਫ਼ਿਰਕੂ ਤਣਾਅ ਫੈਲਿਆ ਉਸ ਨੂੰ ਲੈ ਕੇ ਮੁਸਲਮਾਨਾਂ ਦਾ ਕਹਿਣਾ ਹੈ ਕਿ ਯਾਦਵਾਂ ਨੇ ਜਲੂਸ ਦਾ ਸਾਥ ਦਿੱਤਾ। ਜਿਸ ਨਾਥਨਗਰ ਇਲਾਕੇ ਵਿਚ ਸ਼ੋਭਾ ਯਾਤਰਾ ਦੌਰਾਨ ਤਣਾਅ ਫੈਲਿਆ ਸੀ, ਉਥੇ ਮੁਹੰਮਦ ਅਕਬਰ ਨੇ ਇਕ ਛੋਟਾ ਜਿਹਾ ਕਲੀਨਿਕ ਖੋਲ੍ਹ ਰੱਖਿਆ ਹੈ। ਅਕਬਰ 17 ਮਾਰਚ ਦੇ ਫ਼ਿਰਕੂ ਤਣਾਅ ਬਾਰੇ ਕਹਿੰਦੇ ਹਨ, "ਲੋਕ ਜੰਮ ਕੇ ਮੁਸਲਿਮ ਵਿਰੋਧੀ ਨਾਅਰੇ ਲਗਾ ਰਹੇ ਸਨ। ਜੇਕਰ ਇਸ ਜਲੂਸ ਨੂੰ ਬਹੁ-ਗਿਣਤੀ ਹਿੰਦੂ ਦਾ ਸਾਥ ਮਿਲਿਆ ਹੁੰਦਾ ਤਾਂ ਹਾਲਾਤ ਕੰਟਰੋਲ ਤੋਂ ਬਾਹਰ ਹੋ ਜਾਂਦੇ। ਹਾਲਾਂਕਿ ਯਾਦਵਾਂ ਨੇ ਜਲੂਸ ਦਾ ਸਾਥ ਦਿੱਤਾ, ਪਰ ਤਾਂਤੀ ਜਾਤੀ ਦੇ ਹਿੰਦੂ ਉਨ੍ਹਾਂ ਦੇ ਨਾਲ ਨਹੀਂ ਗਏ।"

**ਰਾਮ ਨੌਮੀ ਦੇ ਮੌਕੇ 'ਤੇ** : ਪ੍ਰਸ਼ਾਸਨ ਪੂਰੀ ਘਟਨਾ ਨੂੰ ਛੋਟੀ ਘਟਨਾ ਤੋਂ ਅੱਗੇ ਵਧ ਕੇ ਦੇਖ ਰਿਹਾ ਹੈ। ਭਾਗਲਪੁਰ (ਪ੍ਰਮੰਡਲ) ਦੇ ਕਮਿਸ਼ਨਰ ਰਾਜੇਸ਼ ਕੁਮਾਰ ਦਾ ਕਹਿਣਾ ਹੈ ਕਿ ਜਲੂਸ ਫੌਰੀ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨ ਦੇਖਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਬਸਤੀਆਂ ਵਿਚ ਕੀ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਅੰਦਰੇ-ਅੰਦਰ ਕੋਈ ਗੁੱਸਾ ਤਾਂ ਨਹੀਂ ਹੈ, ਜਿਸ ਨੂੰ ਸ਼ੋਭਾ ਯਾਤਰਾ ਨਾਲ ਹਵਾ ਮਿਲੀ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਮਾਮਲਾ ਜਲੂਸ ਬਨਾਮ ਖ਼ਾਸ ਭਾਈਚਾਰੇ ਦਾ ਹੁੰਦਾ ਤਾਂ ਹਾਲਾਤ ਜ਼ਿਆਦਾ ਗੰਭੀਰ ਹੁੰਦੇ ਕਿਉਂਕਿ ਜਲੂਸ ਵਿਚ ਸ਼ਾਮਲ ਹਿੰਸਕ ਭੀੜ ਦੀ ਮਾਨਸਿਕਤਾ ਬਿਨਾਂ ਸੋਚੇ ਸਮਝੇ ਕੰਮ ਕਰਦੀ ਹੈ। ਰਾਮ ਨੌਮੀ ਤੋਂ ਇਕ ਮਹੀਨਾ ਪਹਿਲਾਂ ਸ਼ਹਿਰ ਵਿਚ ਭਗਵਾ ਕਰਾਂਤੀ ਨਾਂ ਦੇ ਇਕ ਸੰਗਠਨ ਦਾ ਜਨਮ ਹੋਇਆ। ਉਸ ਨੇ ਰਾਮ ਨੌਮੀ ਦੇ ਮੌਕੇ 'ਤੇ ਵਿਸ਼ਾਲ ਪ੍ਰੋਗਰਾਮ ਕੀਤਾ ਤੇ ਰਾਮ ਦੀ ਵਿਸ਼ਾਲ ਮੂਰਤੀ ਵੀ ਬਣਵਾਈ ਸੀ।

ਭਗਵਾ ਕਰਾਂਤੀ ਦਾ ਪ੍ਰਸ਼ਾਸਨ ਨਾਲ ਜਲੂਸ ਕੱਢਣ ਨੂੰ ਲੈ ਕੇ ਟਕਰਾਅ ਦੀ ਵੀ ਸਥਿਤੀ ਬਣੀ। ਰਾਜੇਸ਼ ਕੁਮਾਰ ਨੇ ਕਿਹਾ ਕਿ ਅਜਿਹੇ ਸੰਗਠਨਾਂ 'ਤੇ ਤਿੱਖੀ ਨਜ਼ਰ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ।

**ਸਿਆਸੀ ਜ਼ਮੀਨ** : ਇਕ ਚੀਜ਼ ਇੱਥੇ ਦਿਲਚਸਪ ਦਿਖਾਈ ਦਿੱਤੀ ਕਿ ਅਰਜਿਤ ਚੌਬੇ ਦੀ ਸ਼ੋਭਾ ਯਾਤਰਾ ਅਤੇ ਉਸ ਤੋਂ ਬਾਅਦ ਫੈਲੇ ਫ਼ਿਰਕੂ ਤਣਾਅ ਨੂੰ ਲੈ ਕੇ ਮੁਸਲਮਾਨ ਭਾਈਚਾਰਾ ਖੁੱਲ੍ਹ ਕੇ ਨਾਰਾਜ਼ਗੀ ਅਤੇ ਖ਼ਦਸ਼ਾ ਜ਼ਾਹਰ ਕਰ ਰਿਹਾ ਹੈ ਪਰ ਹਿੰਦੂ ਭਾਈਚਾਰੇ ਦੇ ਲੋਕ ਗੱਲ ਕਰਨ ਤੋਂ ਬਚ ਰਹੇ ਹਨ। ਹਿੰਦੂ ਪਥਰਾਬਾਜ਼ੀ ਬਾਰੇ ਤਾਂ ਦੱਸਦੇ ਹਨ ਪਰ ਕਿਸ ਦੀ ਗਲਤੀ ਸੀ ਤੇ ਸ਼ੋਭਾ ਯਾਤਰਾ ਕੱਢਣਾ ਕਿੰਨਾ ਸਹੀ ਸੀ ਜਾਂ ਗ਼ਲਤ ਇਸ 'ਤੇ ਕੋਈ ਵੀ ਟਿੱਪਣੀ ਕਰਨ ਤੋਂ ਬਚਦੇ ਦਿਖਾਈ ਦਿੱਤੇ।

ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰੋਹਿਤ ਪਾਂਡੇ ਦਾ ਕਹਿਣਾ ਹੈ ਕਿ ਟਕਰਾਅ ਜਾਂ ਤਣਾਅ ਦੀ ਸਥਿਤੀ ਸ਼ੋਭਾ ਯਾਤਰਾ ਦੌਰਾਨ ਨਹੀਂ, ਸਗੋਂ ਉਸ ਤੋਂ ਬਾਅਦ ਪੈਦਾ ਹੋਈ ਹੈ। ਉਥੇ ਹੀ ਮੌਜੂਦ ਭਾਜਪਾ ਦੇ ਇਕ ਹੋਰ ਨੇਤਾ ਨੇ ਕਿਹਾ ਕਿ ਨਾਥਨਗਰ ਵਿਚ ਦੋਹਾਂ ਫ਼ਿਰਕਿਆਂ ਵਿਚਾਲੇ ਪਹਿਲਾਂ ਦਾ ਹੀ ਕੁਝ ਮਾਮਲਾ ਸੀ ਤੇ ਸ਼ੋਭਾ ਯਾਤਰਾ ਬਹਾਨਾ ਬਣ ਗਈ।

ਕਈ ਲੋਕਾਂ ਦਾ ਮੰਨਣਾ ਹੈ ਕਿ ਅਰਜਿਤ ਚੌਬੇ ਸ਼ਹਿਰ ਵਿਚ ਸਿਆਸੀ ਜ਼ਮੀਨ ਨੂੰ ਮੁਕੰਮਲ ਕਰਨਾ ਚਾਹੁੰਦੇ ਹਨ, ਇਸ ਲਈ ਉਹ ਇਨ੍ਹਾਂ ਚੀਜ਼ਾਂਦਾ ਸਹਾਰਾ ਲੈ ਰਹੇ ਹਨ।

ਸਾਲ 2015 ਦੀਆਂ ਬਿਹਾਰ ਵਿਧਾਨ ਸਭਾ ਚੋਣਾਂ ਵਿਚ ਅਰਜਿਤ ਨੇ ਭਾਗਲਪੁਰ ਸ਼ਹਿਰ ਤੋਂ ਭਾਜਪਾ ਦੀ ਟਿਕਟ 'ਤੇ ਚੋਣ ਲੜੀ ਸੀ, ਪਰ ਕਾਂਗਰਸ ਦੇ ਅਜੀਤ ਸ਼ਰਮਾ ਤੋਂ ਹਾਰ ਗਏ ਸਨ।

**ਮੁਸਲਮਾਨ ਅਤੇ ਪਾਕਿਸਤਾਨ** : ਨਿਹਾਲੁਦੀਨ 80ਦੇ ਦਹਾਕੇ ਵਿਚ ਭਾਜਪਾ ਵਿਚ ਸੀ। ਨਿਹਾਲੁਦੀਨ ਨੇ ਭਾਜਪਾ ਦੀ ਟਿਕਟ 'ਤੇ ਮਹਿਗਾਮਾ ਵਿਧਾਨ ਸਭਾ ਸੀਟ ਤੋਂ ਚੋਣ ਵੀ ਲੜੀ ਸੀ। ਮਹਿਗਾਮਾ ਹੁਣ ਝਾਰਖੰਡ ਵਿਚ ਹੈ।

ਅਰਜਿਤ ਦੀ ਸ਼ੋਭਾ ਯਾਤਰਾ ਨੂੰ ਲੈ ਕੇ ਨਿਹਾਲੁਦੀਨ ਕਹਿੰਦੇ ਹਨ, "ਭਾਜਪਾ ਤੇ ਅਰਜਿਤ ਵਰਗੇ ਨੇਤਾਵਾਂ ਕੋਲ ਦੋ ਹੀ ਸਾਬਣ ਬਚੇ ਹਨ, ਜਿਨ੍ਹਾਂ ਨਾਲ ਨਹਾ ਕੇ ਉਹ ਖ਼ੁਦ ਨੂੰ ਖ਼ਰਾ ਬਣਾਉਣਾ ਚਾਹੁੰਦੇ ਹਨ।" "ਇਹ ਸਾਬਣ ਹਨ-ਮੁਸਲਮਾਨ ਤੇ ਪਾਕਿਸਤਾਨ। ਪਰ ਇਨ੍ਹਾਂ ਨੂੰ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਹਿੰਦੂ ਵੀ ਇਨ੍ਹਾਂ ਦੀ ਨਫ਼ਰਤ ਦੀ ਸਿਆਸਤ ਨੂੰ ਸਮਝ ਚੁੱਕੇ ਹਨ। ਇਹ 1989 ਨਹੀਂ ਹੈ ਕਿ ਹਿੰਦੂਆਂ ਨੂੰ ਭੜਕਾ ਦਿੱਤਾ ਤੇ ਉਹ ਮੁਸਲਮਾਨਾਂ ਖ਼ਿਲਾਫ਼ ਇਕਜੁੱਟ ਹੋ ਗਏ।"

ਭਾਗਲਪੁਰ ਦੇ ਕਮਿਸ਼ਨਰ ਰਾਜੇਸ਼ ਕੁਮਾਰ ਨੂੰ ਲਗਦਾ ਹੈ ਕਿ ਸ਼ਹਿਰ ਵਿਚ ਅਜਿਹੇ ਤਣਾਅ 'ਤੇ ਕੰਟਰੋਲ ਕਰਨਾ ਬਹੁਤ ਮੁਸ਼ਕਲ ਨਹੀਂ ਹੈ, ਪਰ ਪਿੰਡਾਂ ਵਿਚ ਹੋਇਆ ਤਾਂ ਆਸਾਨ ਨਹੀਂ ਹੋਵੇਗਾ। ਰਾਜੇਸ਼ ਕੁਮਾਰ ਕਹਿੰਦੇ ਹਨ ਕਿ ਪੇਂਡੂ ਇਲਾਕਿਆਂ ਦੀਆਂ ਕੁਝ ਮਸਜਿਦਾਂ ਤੋਂ ਭਾਗਲਪੁਰ ਨਾ ਜਾਣ ਦਾ ਐਲਾਨ ਕੀਤਾ ਗਿਆ ਸੀ। ਉਨ੍ਹਾਂ ਨੇ ਕਿਹਾ ਕਿ ਅਜਿਹੇ ਐਲਾਨਾਂ ਨਾਲ ਅਫ਼ਵਾਹਾਂ ਨੂੰ ਹਵਾ ਮਿਲਦੀ ਹੈ। ਰਾਜੇਸ਼ ਕੁਮਾਰ ਚਾਹੁੰਦੇ ਹਨ ਕਿ ਪੇਂਡੂ ਇਲਾਕਿਆਂ ਵਿਚ ਪੈਦਾ ਹੋਣ ਵਾਲੇ ਫ਼ਿਰਕੂ ਤਣਾਵਾਂ ਜਾਂ ਅਫ਼ਵਾਹਾਂ 'ਤੇ ਸਖ਼ਤ ਨਜ਼ਰ ਰੱਖੀ ਜਾਵੇ।

**'ਸ਼ੋਭਾ ਯਾਤਰਾ' ਤੋਂ ਬਾਅਦ** : ਸ਼ਹਿਰ ਦੇ ਅਹਿਮਦਨਗਰ ਵਿਚ ਰਹਿਣ ਵਾਲੀ ਮਲਕਾ ਬੇਗਮ ਅਰਜਿਤ ਚੌਬੇ ਦੀ 'ਸ਼ੋਭਾ ਯਾਤਰਾ' ਤੋਂ ਬਾਅਦ ਫੈਲੇ ਫ਼ਿਰਕੂ ਤਣਾਅ ਨਾਲ ਡਰੀ ਹੋਈ ਹੈ। ਅਕਤੂਬਰ 1989 ਵਿਚ ਉਨ੍ਹਾਂ ਦੇ ਚੌਧਰੀ ਪਿੰਡ ਵਿਚ ਦੰਗਾਕਾਰੀਆਂ ਨੇ ਕਰੀਬ 60 ਮੁਸਲਮਾਨਾਂ ਨੂੰ ਮਾਰ ਦਿੱਤਾ ਸੀ। ਮਲਕਾ ਨੇ ਆਪਣੀਆਂ ਅੱਖਾਂ ਨਾਲ ਮਾਤਾ-ਪਿਤਾ ਦੀ ਹੱਤਿਆ ਹੁੰਦੀ ਦੇਖੀ ਸੀ। ਮਲਕਾ ਨੂੰ ਦੰਗਾਕਾਰੀਆਂ ਨੇ ਮਰਿਆ ਹੋਇਆ ਸਮਝ ਕੇ ਛੱਡ ਦਿੱਤਾ ਸੀ।

ਉਹ ਇਕ ਤਲਾਬ ਵਿਚ ਦਰਜਨਾਂ ਲਾਸ਼ਾਂ ਨਾਲ ਘੰਟਿਆਂਬੱਧੀ ਰਹੀ ਸੀ। ਇਹ ਕਹਿੰਦਿਆਂ ਮਲਕਾ ਦਾ ਗਲਾ ਭਰ ਜਾਂਦਾ ਹੈ। ਕੁਝ ਦੇਰ ਰੁਕਦੀ ਹੈ ਤੇ ਰੋਂਦੇ ਹੋਏ ਕਹਿੰਦੀ ਹੈ ਕਿ ਇਨਸਾਨੀਅਤ ਦਾ ਜ਼ਰਾ ਵੀ ਖ਼ਿਆਲ ਹੈ ਤਾਂ ਖ਼ੁਦਾ ਲਈ ਸ਼ਹਿਰ ਵਿਚ ਅਜਿਹੇ ਜਲੂਸ ਨਾ ਕੱਢੋ। ਉਹ ਕਹਿੰਦੀ ਹੈ, "ਮੈਂ ਢੇਰ ਲਾਸ਼ਾਂ ਵਿਚਾਲੇ ਖ਼ੂਹ ਵਿਚ ਰਹੀ ਹਾਂ। ਆਪਣੇ ਖ਼ੂਨ ਨਾਲ ਆਪਣੇ ਲੋਕਾਂ ਦੇ ਖ਼ੂਨ ਨਾਲ ਖ਼ੂਹ ਦਾ ਪਾਣੀ ਲਾਲ ਹੋ ਗਿਆ ਸੀ। ਹੁਣ ਬੱਸ ਕਰੋ। ਹੁਣ ਹੋਰ ਨਹੀਂ।"

ਪਵਿੱਤਰ ਧਾਲੀਵਾਲ ਨੂੰ ਮੈਂ ਲੰਮੇ ਅਰਸੇ ਤੋਂ, ਤਕਰੀਬਨ 20-22 ਸਾਲ ਤੋਂ, ਜਾਣਦਾ ਹਾਂ। ਐਡਮਿੰਟਨ ਦੀਆ ਜਥੇਬੰਦੀਆਂ ਜਿਵੇਂ ਕਿ ਸਿੱਖ ਫੈਡਰੇਸ਼ਨ ਆਫ਼ ਐਡਮਿੰਟਨ, ਪੰਜਾਬੀ ਕਲਚਰਲ ਐਸੋਸੀਏਸ਼ਨ ਆਫ਼ ਅਲਬਰਟਾ ਅਤੇ ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ ਆਫ਼ ਐਡਮਿੰਟਨ ਵਿਚ ਉਨ੍ਹਾਂ ਨਾਲ ਕੰਮ ਕਰਨ ਦਾ ਮੌਕਾ ਮਿਲਿਆ ਹੈ। ਪਵਿੱਤਰ ਵਧੀਆ ਗੀਤਕਾਰ ਅਤੇ ਕਵੀ ਹੋਣ ਦੇ ਨਾਲ ਨਾਲ ਬਹੁਤ ਵਧੀਆ ਇਨਸਾਨ ਵੀ ਹੈ। ਮੈਂ ਬਹੁਤ ਮਾਣ ਮਹਿਸੂਸ ਕਰ ਰਿਹਾ ਹਾਂ ਕਿ ਮੈਨੂੰ ਉਨ੍ਹਾਂ ਦੀ ਕਵਿਤਾ ਦੀ ਪਲੇਠੀ ਪੁਸਤਕ 'ਸਮੇਂ ਦਾ ਰੰਗ' ਨੂੰ ਰੀਵਿਊ ਕਰਨ ਦਾ ਮੌਕਾ ਮਿਲਿਆ ਹੈ।




ਇਸ ਕਿਤਾਬ ਵਿਚ ਉਨ੍ਹਾਂ ਦੀਆਂ 87 ਚੋਣਵੀਆਂ ਕਵਿਤਾਵਾਂ ਦਰਜ ਹਨ। ਭਾਵੇਂ ਕਿ ਕਵਿਤਾਵਾਂ ਵਿਚ ਪਵਿੱਤਰ ਨੇ ਬਹੁਤ ਸਾਰੇ ਵੱਖ ਵੱਖ ਵਿਸ਼ਿਆਂ ਨੂੰ ਛੋਹਿਆ ਹੈ ਪਰ ਜ਼ਿਆਦਾ ਕਵਿਤਾਵਾਂ ਤੋਂ ਮਹਿਸੂਸ ਹੁੰਦਾ ਹੈ ਕਿ ਉਹ ਸਮਾਜਕ ਵਰਤਾਰੇ ਵਿਚ ਆ ਰਹੇ ਨਿਘਾਰ ਨੂੰ ਲੈ ਕੇ ਬਹੁਤ ਚਿੰਤਤ ਹੈ। ਭਾਵੇਂ ਉਹ ਬਾਬਿਆਂ ਦੀ ਗੱਲ ਹੋਵੇ, ਕਿਸਾਨਾਂ ਦੀਆਂ ਖੁਦਕਸ਼ੀਆਂ ਦੀ ਗੱਲ ਹੋਵੇ, ਜਾਂ ਫਿਰ ਔਰਤ ਨਾਲ ਵਿਤਕਰੇ ਵਾਲੇ ਵਰਤਾਰੇ ਦੀ ਗੱਲ ਹੋਵੇ, ਬਹੁਤ ਸਾਰੀਆਂ ਕਵਿਤਾਵਾਂ ਵਿਚੋਂ ਉਨ੍ਹਾਂ ਦੀ ਚਿੰਤਾ ਸਾਫ ਜ਼ਾਹਰ ਹੁੰਦੀ ਹੈ। ਇਹ ਚਿੰਤਾ ਹੀ ਸੰਵੇਦਨਸ਼ੀਲਤਾ ਦਾ ਆਧਾਰ ਬਣਦੀ ਹੈ ਤੇ ਸਿਰਜਣਾ ਦੇ ਪਲ ਵਿਆਕੁਲ ਅਵੱਸਥਾ ਵਿਚੋਂ ਲੰਘ ਕੇ ਸ਼ਬਦਾਂ ਦੀ ਲਿਸ਼ਕੋਰ ਬਣਦੇ ਹਨ।

ਰਿਸ਼ਤਿਆਂ ਦੇ ਹੋ ਰਹੇ ਘਾਣ ਦੀ ਗੱਲ ਕਰਦਾ ਹੋਇਆ ਕਵੀ ਆਖਦਾ ਹੈ

*ਹਰ ਥਾਈਂ ਹੋਈ ਜਾਂਦਾ ਰਿਸ਼ਤਿਆਂ ਦਾ ਘਾਣ ਏ*
*ਪੈਸੇ ਦੇ ਹੀ ਜ਼ੋਰ ਨਾਲ ਕਰਾਉਂਦਾ ਬੰਦਾ ਮਾਣ ਏ*
*ਬੰਦਿਆਂ ਦੇ ਵਿਚੋਂ ਇਖਲਾਕ ਖੋਈ ਜਾਂਦਾ ਏ*
*ਬਾਲ ਦੇ ਤੂੰ ਦੀਵਾ ਕੋਈ ਹਨੇਰਾ ਹੋਈ ਜਾਂਦਾ ਏ*

ਭਾਵੇਂ ਕਿ ਅੱਜ ਦੀ ਤੇਜ਼ਜ਼ ਤਰਾਰ ਜ਼ਿੰਦਗੀ ਵਿਚ ਮਨੁੱਖ ਕੁਦਰਤ ਤੋਂ ਬਹੁਤ ਦੂਰ ਹੁੰਦਾ ਜਾ ਰਿਹਾ ਹੈ, ਪਰ 'ਕੁਦਰਤ ਦੇ ਰੰਗ' ਅਤੇ 'ਐਡਮਿੰਟਨ ਦੀ ਪੱਤਝੜ' ਕਵਿਤਾਵਾਂ ਰਾਹੀਂ ਕਵੀ ਨੇ ਕੁਦਰਤ ਦੀ ਖ਼ੂਬਸੂਰਤੀ ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਹੈ। 'ਕੁਦਰਤ ਦੇ ਰੰਗ' ਕਵਿਤਾ ਵਿਚ ਕਵੀ ਮਨੁੱਖੀ ਸੁਭਾਅ ਦੀ ਤੁਲਨਾ ਕੁਦਰਤ ਦੇ ਰੰਗਾਂ ਨਾਲ ਕਰਦਾ ਹੋਇਆ ਆਖਦਾ ਹੈ

*ਰੰਗ ਰੋਵਣ ਰੰਗ ਹੱਸਣ,*
*ਰੰਗ ਕਰਦੇ ਵਿਉਪਾਰ*
*ਰੰਗਾਂ ਦੇ ਵਿਚ ਰੰਗ ਘੁਲਣ,*
*ਸਿਰਜਣ ਇੱਕ ਸੰਸਾਰ*
*ਕੁਦਰਤ ਦੇ ਰੰਗ ਨੇ ਸਾਰੇ,*
*ਵੱਖੋ ਵੱਖ ਪਹਿਚਾਣ*
*ਇੱਕ ਰੰਗ ਤੇਰਾ ਬੰਦਿਆ,*
*ਸੌ ਰੰਗਾਂ ਸਮਾਨ*

ਪੰਜਾਬੀ ਗੀਤਕਾਰਾਂ ਨੂੰ ਸੱਚ ਲਿਖਣ ਦੀ ਨਸੀਹਤ ਦਿੰਦਾ ਹੋਇਆ ਕਵੀ ਆਖਦਾ ਹੈ

*ਗੀਤ ਗਾਉਣੇ ਛੱਡ ਦੇ ਤੂੰ, ਜੱਟ ਅਤੇ ਜੱਟੀਆਂ ਦੇ*
*ਅੰਬਰਾਂ ਤੇ ਘਰ ਨਾ ਤੂੰ ਪਾ ਭੁੱਖ ਨਾਲ ਮਰਦੇ*
*ਇਹ ਬਿਨਾਂ ਸਲਫਾਸ ਖਾਧੇ*
*ਬਲਦੇ ਹੋਏ ਸਿਵੇ ਨੇ ਗਵਾਹ*

ਵਿਛੋੜੇ ਦੀ ਪੀੜ ਨੂੰ ਬਿਆਨ ਕਰਦਾ ਹੋਇਆ ਕਵੀ ਆਖਦਾ ਹੈ

*ਕਾਨਿਆਂਦੀ ਝੁੱਗੀ ਉੱਤੋਂ ਉੱਡ ਗਈ ਏ ਛੱਤ ਵੇ*
*ਰੁਲ਼ ਗਈ ਗਲੀ਼ 'ਚ ਜਿਵੇਂ ਰੁਲਦੇ ਨੇ ਕੱਖ ਵੇ*
*ਜਾਣਿਆ ਹੈ ਅੱਜ ਮੈਂ ਦਰਦ ਗਰੀਬ ਦਾ*
*ਅੱਜ ਤੇਰੇ ਜਾਣ ਪਿੱਛੋਂ*
*ਪਤਾ ਲੱਗਾ ਮੈਨੂੰ ਮੇਰੀ ਇਸ ਪੀੜ ਦਾ*

ਸਮਾਜ ਵਿਚ ਆਰਥਕ ਨਾਬਰਾਬਰੀ ਦੀ ਗੱਲ ਕਰਦਾ ਹੋਇਆ ਕਵੀ 'ਸ਼ਹਿਰ' ਕਵਿਤਾ ਵਿਚ ਆਖਦਾ ਹੈ

*ਕੋਈ ਸੜਦਾ ਹੈ ਤੇਜ ਧੁੱਪ ਅੰਦਰ*
*ਕਿਤੇ ਏ ਸੀ ਦੀ ਸੀਤ ਲਹਿਰ ਹੈ*
*ਕਿਤੇ ਪੂਜੇ ਜਾਂਦੇ ਨੇ ਪੱਥਰ ਤੇ ਕਿਤੇ*
*ਜੀਣ ਦੀ ਥਾਂ ਕਹਿਰ ਹੀ ਕਹਿਰ ਹੈ*

ਮਨੁੱਖ ਨੂੰ ਆਪਣੀ ਜ਼ਿੰਦਗੀ ਵਿਚ ਅਗਾਂਹਵਧੂ ਸੋਚ ਲੈ ਕੇ ਜਿਉਣ ਦੀ ਸਲਾਹ ਦਿੰਦਾ ਹੋਇਆ ਕਵੀ ਆਖਦਾ ਹੈ

*ਨਾ ਕਿਸਮਤ ਕੋਸਿਆਂ ਕੁਝ ਬਣਨਾ ਹੈ*
*ਨਾ ਹੀ ਆਖ ਕੇ ਮਾੜੇ ਕਰਮਾਂ ਨੂੰ*
*ਤੁਰਿਆ ਰਹਿ ਤੂੰ ਚੰਗੀ ਸੋਚ ਲੈ ਕੇ*
*ਨਾ ਮਿਣ ਤੂੰ ਪੁੱਠੀਆਂ ਕਰਮਾਂ ਨੂੰ*

ਸਰਕਾਰਾਂ ਦੇ ਲਾਰਿਆਂ ਦੀ ਗੱਲ ਕਰਦਾ ਹੋਇਆ ਕਵੀ ਲਿਖਦਾ ਹੈ

*ਕੰਨ ਪੱਕ ਗਏ ਸਾਡੇ ਸੁਣ ਸੁਣ ਲਾਰੇ ਸਰਕਾਰਾਂ ਦੇ*
*ਥਾਂ ਥਾਂ ਮਰਨ ਦੇ ਰੌਲ਼ੇ ਹਨ ਕਿਸਾਨਾਂ, ਬੇਰੁਜ਼ਗਾਰਾਂ ਦੇ*

ਮੈਂ ਸਮਝਦਾ ਹਾਂ ਕਿ ਪਵਿੱਤਰ ਧਾਲੀਵਾਲ ਨੇ ਇਹ ਕਵਿਤਾ ਦੀ ਪੁਸਤਕ ਪੰਜਾਬੀ ਪਾਠਕਾਂ ਦੀ ਝੋਲੀ ਪਾ ਕੇ ਪੰਜਾਬੀ ਸਾਹਿਤ ਵਿਚ ਆਪਣਾ ਬਣਦਾ ਯੋਗਦਾਨ ਪਾਇਆ ਹੈ। ਉਮੀਦ ਕਰਦਾ ਹਾਂ ਕਿ ਪਾਠਕ ਇਸ ਕਿਤਾਬ ਨੂੰ ਜੀ ਆਇਆਂ ਕਹਿਣਗੇ ਅਤੇ ਇਹਨਾਂ ਕਵਿਤਾਵਾਂ ਦਾ ਭਰਪੂਰ ਅਨੰਦ ਮਾਨਣਗੇ।



ਪਰਮਿੰਦਰ ਧਾਲੀਵਾਲ
780-994-1886

# ਯੁੱਗ ਪਲਟਾਊ ਗ਼ਦਰ ਕਾਵਿ

ਮੁੱਖ ਸੰਪਾਦਕ ਗੁਰਮੇਲ ਸਿੰਘ ਸਿੱਧੂ ਤੇ ਸਹਾਇਕ ਸੰਪਾਦਕ ਸੁਰਿੰਦਰਪਾਲ ਸਿੰਘ ਦੀ ਡੂੰਘੀ ਖੋਜ ਤੇ ਵੱਡੀ ਘਾਲਣਾ ਸਦਕਾ ਹਥਲੀ ਪੁਸਤਕ 'ਭਗਵਾਨ ਸਿੰਘ ਪ੍ਰੀਤਮ ਦੀ ਸਮੁੱਚੀ ਕਵਿਤਾ' (ਕੀਮਤ: 350 ਰੁਪਏ; ਚੇਤਨਾ ਪ੍ਰਕਾਸ਼ਨ, ਲੁਧਿਆਣਾ) ਪੰਜਾਬੀ ਮਾਂ ਬੋਲੀ ਦੇ ਦਰਬਾਰ ਵਿੱਚ ਸਜ ਗਈ ਹੈ। ਭਾਈ ਭਗਵਾਨ ਸਿੰਘ ਪ੍ਰੀਤਮ ਜਿੱਥੇ ਵੱਖ-ਵੱਖ ਦੇਸ਼ਾਂ ਵਿੱਚ ਘੁੰਮ ਕੇ ਗ਼ਦਰ ਦੇ ਮਹਾਨ ਕੰਮ ਲਈ ਜੂਝਦੇ ਹੋਏ ਜ਼ਿੰਦਾ ਸ਼ਹੀਦ ਦੇ ਮਰਤਬੇ ਨੂੰ ਪਹੁੰਚੇ, ਉੱਥੇ ਉਨ੍ਹਾਂ ਨੇ ਸੁੱਤੇ ਹੋਏ ਭਾਰਤ ਵਾਸੀਆਂ ਨੂੰ ਜਗਾਉਣ ਤੇ ਸਾਮਰਾਜ ਵਿਰੋਧੀ ਜੰਗ 'ਚ ਪਾਉਣ ਲਈ ਯੁੱਗ-ਪਲਟਾਊ ਗ਼ਦਰ ਕਾਵਿ ਦੀ ਸਿਰਜਣਾ ਕੀਤੀ। ਸੰਪਾਦਕਾਂ ਨੇ ਡੂੰਘੀ ਛਾਣਬੀਣ ਕਰਕੇ ਢੁਕਵੇਂ ਨਿਰਣੇ ਕਰਦਿਆਂ ਉਨ੍ਹਾਂ ਦੀ ਸਮੁੱਚੀ ਕਵਿਤਾ ਨੂੰ ਨਵੀਂ ਪੁਸਤਕ ਦਾ ਰੂਪ ਦੇਣ ਦਾ ਸ਼ਾਨਦਾਰ ਤੇ ਸੰਪੂਰਨ ਕਾਰਜ ਕੀਤਾ ਹੈ। ਗੁਰਮੇਲ ਨੇ ਕਵਿਤਾ ਦੇ ਛੰਦ-ਪ੍ਰਬੰਧ 'ਤੇ ਚਾਨਣਾ ਪਾਉਂਦਿਆਂ- ਬੈਂਤ, ਕੋਰੜਾ, ਕਾਫ਼ੀ, ਬਿਰਹਾ, ਕਬਿੱਤ ਛੰਦਾਂ ਦੇ ਸੰਕਲਪਾਂ ਦੀ ਬਾਰੀਕੀ ਨਾਲ ਜਚਣਹਾਰ ਵਿਆਖਿਆ ਕਰਦਿਆਂ ਇਨ੍ਹਾਂ ਛੰਦਾਂ 'ਚ ਰਚੀਆਂ ਕਾਵਿ-ਵੰਨਗੀਆਂ ਢੁਕਵੇਂ ਰੂਪ 'ਚ ਦਰਜ ਕੀਤੀਆਂ ਹਨ।




ਕਵਿਤਾ 'ਸੱਚੀ ਪੁਕਾਰ' 'ਚ ਭਗਵਾਨ ਸਿੰਘ ਪ੍ਰੀਤਮ ਨੇ ਹਿੰਦੀਆਂ ਨੂੰ ਪੁਕਾਰਿਆ, 'ਬੰਦਰ ਵੰਡ ਕਰਦਾ ਜ਼ਾਲਮ ਨਾਲ ਸਾਡੇ, ਬੇਈਮਾਨ ਦੀ ਕੱਢਦੇ ਜਾਨ ਕਿਉਂ ਨੀ?' ਤੇ 'ਜਲਦੀ ਕਰੋ' 'ਚ ਗੋਰੇ ਫਿਰੰਗੀ ਦੀਆਂ ਚਾਲਾਂ, ਲੁੱਟਾਂ ਤੇ ਜ਼ੁਲਮਾਂ ਦਾ ਹਕੀਕੀ ਨਕਸ਼ਾ ਪੇਸ਼ ਕਰਦਿਆਂ ਤੇ ਦ੍ਰਿੜ ਇਰਾਦਾ ਦਰਸਾਉਂਦਿਆਂ ਆਖਿਆ 'ਕੀ ਕਰਸੀ ਜਦ ਚੋਟ ਲਗਾਈ, ਜਲਦੀ ਗ਼ਦਰ ਮਚਾ ਦਿਓ ਭਾਈ।' ਇਸ ਦੇ ਨਾਲ ਹੀ ਕਵਿਤਾ 'ਪਿਆਰੇ ਵਤਨ ਵਾਸੀਆਂ ਨੂੰ.' ਆਖਦੀ ਹੈ, 'ਜਲਦੀ ਮਿਲੇਗੀ ਗ਼ਦਰ ਦੀ ਫ਼ੌਜ ਏਥੇ, ਅਸੀਂ ਗ਼ਦਰ ਦਾ ਬਿਗਲ ਵਜਾ ਗਏ ਹਾਂ' ਵਰਗੀਆਂ ਕਮਾਲ ਦੀਆਂ ਮਿਸਾਲੀ ਰਚਨਾਵਾਂ ਸਮੇਤ ਸਮੁੱਚਾ ਕਾਵਿ ਹੀ ਵਿਲੱਖਣ ਤੇ ਮੁਰਦਿਆਂ 'ਚ ਜਾਨ ਪਾਉਣ ਵਾਲਾ ਹੈ। ਸਮੂਹ ਪੰਜਾਬੀ ਇਹ ਪੁਸਤਕ ਲਾਜ਼ਮੀ ਪੜ੍ਹਨ ਤੇ ਪੜ੍ਹਾਉਣ। ਭਾਈ ਭਗਵਾਨ ਸਿੰਘ ਪ੍ਰੀਤਮ ਦੀ ਜ਼ਿੰਦਗੀ ਅਤੇ ਸਾਹਿਤ ਨੂੰ ਦਿੱਤੀ ਅਨਮੋਲ ਦੇਣ ਬਦਲੇ ਅਮਰ ਰਹਿਣਗੇ।

- ਜਸਦੇਵ ਸਿੰਘ ਲਲਤੋਂ
ਸੰਪਰਕ : 0161-2805677

# ਸਮਾਜਿਕ ਵਿਡੰਬਨਾ ਦਾ ਦਰਪਣ

ਕਹਾਣੀਕਾਰ ਗੁਰਮੀਤ ਸਿੰਘ ਸਿੰਗਲ ਇਸ ਕਹਾਣੀ ਸੰਗ੍ਰਹਿ 'ਝੁਕਿਆ ਹੋਇਆ ਸਿਰ' (ਕੀਮਤ: 200 ਰੁਪਏ; ਤਿਰਲੋਚਨ ਪਬਲਿਸ਼ਰਜ਼) ਤੋਂ ਪਹਿਲਾਂ ਦੋ ਕਹਾਣੀ ਸੰਗ੍ਰਹਿ 'ਟਾਹਲੀ ਵਾਲਾ ਖੇਤ' ਅਤੇ 'ਅੱਗੇ ਦਾ ਸਫ਼ਰ' ਪੰਜਾਬੀ ਸਾਹਿਤ ਜਗਤ ਨੂੰ ਦੇ ਚੁੱਕਾ ਹੈ। ਹੱਥਲੀ ਪੁਸਤਕ ਵਿੱਚ ਕੁੱਲ ਗਿਆਰਾਂ ਕਹਾਣੀਆਂ ਹਨ ਜੋ ਦਿਲਚਸਪ ਵਾਰਤਾਲਾਪ ਪੇਸ਼ ਕਰਦਿਆਂ ਸਮਾਜਿਕ ਮੁੱਦਿਆਂ ਨੂੰ ਉਭਾਰਦੀਆਂ ਹਨ। ਬਕੌਲ ਲੇਖਕ ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਦੇ ਪਾਤਰ ਚਿਤਰਨ ਸਮੇਂ ਅਨੁਸਾਰ ਲੋੜੀਂਦਾ ਵਾਤਾਵਰਨ, ਲੋੜੀਂਦੇ ਸਮੇਂ ਦੀਆਂ ਪ੍ਰਸਥਿਤੀਆਂ ਵਿੱਚ ਗੁਜ਼ਰਦਿਆਂ ਪਾਤਰਾਂ ਦਾ ਪ੍ਰੇਮ, ਨਫ਼ਰਤ, ਘ੍ਰਿਣਾ, ਵੈਰ-ਵਿਰੋਧ ਅਤੇ ਜੀਵਨ ਦੇ ਦੂਸਰੇ ਪ੍ਰਸੰਗਾਂ ਨੂੰ ਚਿਤਰਦਿਆਂ ਉਨ੍ਹਾਂ ਦੇ ਹਾਵਾਂ-ਭਾਵਾਂ ਨੂੰ ਇੰਨ-ਬਿੰਨ ਸਰਲ ਅਤੇ ਸਿੱਧੇ ਸਾਦੇ ਢੰਗ ਨਾਲ ਪੇਸ਼ ਕੀਤਾ ਹੈ।




'ਹਾਦਸੇ ਦਰ ਹਾਦਸੇ' ਕਹਾਣੀ ਦੀ ਮੁੱਖ ਪਾਤਰ ਦੀ ਦਿਲ ਵਿੰਨ੍ਹਵੀਂ ਕਹਾਣੀ ਹੈ ਜੋ ਅੱਲ੍ਹੜ ਉਮਰ ਤੋਂ ਬੁੱਢਾਪੇ ਤਕ ਹਾਦਸਿਆਂ ਦੀ ਸ਼ਿਕਾਰ ਹੈ। ਉਸ ਨੂੰ ਕਈ ਮੁੰਡਿਆਂ ਤੇ ਇੱਥੋਂ ਤਕ ਕਿ ਪੁਲੀਸ ਦੇ ਥਾਣੇਦਾਰ ਨੇ ਵੀ ਬਦਨਾਮ ਕੀਤਾ। ਉਸ ਦਾ ਪਿਤਾ ਮਰ ਚੁੱਕਾ ਸੀ। ਆਖ਼ਿਰ ਉਸ ਨੇ ਜ਼ਿੰਦਗੀ ਦੇ ਲੱਖ ਤਸੀਹੇ ਝੱਲ ਕੇ ਅਧਿਆਪਕੀ ਪ੍ਰਾਪਤ ਕੀਤੀ। ਚਾਵਾਂ ਨਾਲ ਬੇਟੇ ਰਾਕੇਸ਼ ਨੂੰ ਪਾਲਿਆ ਕਿ ਉਸ ਦੇ ਬੁਢਾਪੇ ਲਈ ਡੰਗੋਰੀ ਬਣੇਗਾ। ਪਰ ਬੇਟਾ ਆਪਣੀ ਫੈਸ਼ਨੇਬਲ ਵਹੁਟੀ ਦੇ ਹੀ ਬਾਂਹਾਂ ਦੇ ਘੇਰੇ ਵਿੱਚ ਰਹਿੰਦਾ। ਇਸ ਕਹਾਣੀ ਵਿੱਚ ਔਰਤ ਜਾਤੀ ਨਾਲ ਕਦਮ-ਕਦਮ 'ਤੇ ਹੁੰਦੀਆਂ ਵਧੀਕੀਆਂ ਦੀ ਦਰਦਨਾਕ ਗਾਥਾ ਹੈ।

'ਬੰਸੀ' ਕਹਾਣੀ ਵਿੱਚ ਇੱਕ ਗ਼ਰੀਬ ਦੰਪਤੀ ਦੀ ਕਹਾਣੀ ਹੈ ਜੋ ਇੱਕ ਹੁਸੀਨ ਸ਼ਹਿਰ ਦੀ ਇੱਕ ਗੰਦੀ ਬਸਤੀ ਵਿੱਚ ਗੁਜ਼ਾਰਾ ਕਰਦੀ ਹੈ। ਕ੍ਰਿਸ਼ਨ ਰਿਕਸ਼ਾ ਚਲਾਉਂਦਾ ਹੈ ਜਦੋਂਕਿ ਬੰਸੀ ਰੱਦੀ ਤੇ ਲਿਫ਼ਾਫ਼ੇ ਚੁਗਦੀ ਹੈ। ਬੰਸੀ ਦਾ ਪਤੀ ਸ਼ਰਾਬ ਦਾ ਆਦੀ ਹੈ। ਬੰਸੀ ਜੋ ਰੱਦੀ ਦੇ ਪੈਸੇ ਵੱਟਦੀ ਹੈ ਕ੍ਰਿਸ਼ਨ ਖੋਹ ਕੇ ਸ਼ਰਾਬ ਪੀ ਲੈਂਦਾ ਹੈ। ਪਰ ਫਿਰ ਵੀ ਬੰਸੀ ਆਪਣੇ ਨੰਨ੍ਹੇ ਬੇਟੇ ਨੂੰ ਪਾਲ ਰਹੀ ਹੈ। ਇੱਕ ਦਿਨ ਉਹ ਕਿਸੇ ਕੋਠੀ ਵੱਲ ਹਸਰਤ ਭਰੀ ਨਿਗ੍ਹਾ ਨਾਲ ਵੇਖ ਰਹੀ ਸੀ ਕਿ ਕੋਠੀ ਦੀ ਮਾਲਕ ਨੇ ਉਸ ਨੂੰ ਚੋਰਨੀ ਸਮਝ ਲਿਆ। ਭੀੜ ਵਿੱਚੋਂ ਕਿਸੇ ਨੇ ਉਸ ਵਿਚਾਰੀ ਦੇ ਸਿਰ ਵਿੱਚ ਪੱਥਰ ਮਾਰਿਆ।

ਬਾਕੀ ਕਹਾਣੀਆਂ ਵੀ ਸਮਾਜਿਕ ਵਿਡੰਬਨਾਵਾਂ ਪੇਸ਼ ਕਰਨ ਵਿੱਚ ਸਫਲ ਹਨ। ਪੁਸਤਕ ਸਲਾਹੁਣਯੋਗ ਹੈ।

- ਸੁਲੱਖਣ ਸਰਹੱਦੀ
ਸੰਪਰਕ: 94174-84337

# ਕੋਲੈਸਟਰੋਲ ਦੀ ਕਹਾਣੀ



ਡਾ. ਦਰਸ਼ਨ ਖੇੜੀ

ਅਮਰੀਕੀ ਰਾਸ਼ਟਰਪਤੀ ਆਈਜ਼ਨਹਾਵਰ ਨੂੰ 23 ਸਤੰਬਰ 1955 ਨੂੰ ਦਿਲ ਦਾ ਪਹਿਲਾ ਦੌਰਾ ਪਿਆ। ਉਨ੍ਹਾਂ ਦਾ ਕੋਲੈਸਟਰੋਲ 165 ਮਿਲੀਗ੍ਰਾਮ ਪ੍ਰਤੀ ਡੈਸੀਲਿਟਰ (ਐਮਜੀ/ਡੀਐਲ) ਨਿਕਲਿਆ ਜਿਹੜਾ ਆਮ ਪੱਧਰ 'ਤੇ ਹੀ ਸੀ। ਸਰੀਰਕ ਵਜ਼ਨ ਵੀ ਬਿਲਕੁਲ ਸਹੀ, 78 ਕਿਲੋਗਰਾਮ ਸੀ। ਦਿਲ ਦੇ ਰੋਗਾਂ ਦੇ ਮਾਹਰ ਡਾ. ਪਾਲ ਡੁਡਲੇ ਵ੍ਹਾਈਟ ਨੇ ਉਨ੍ਹਾਂ ਨੂੰ ਬੇਹੱਦ ਘੱਟ ਕੁਦਰਤੀ ਫੈਟ ਵਾਲਾ ਖਾਣਾ ਖਾਣ ਦੀ ਨਸੀਹਤ ਦਿੱਤੀ ਜਿਸ ਨੂੰ ਰਾਸ਼ਟਰਪਤੀ ਨੇ ਗੰਭੀਰਤਾ ਨਾਲ ਲਾਗੂ ਕੀਤਾ। ਉਹ ਕਦੇ ਕਦਾਈਂ ਇਕ-ਅੱਧ ਆਂਡਾ ਖਾਂਦੇ ਸਨ। ਸਿਗਰਟ ਉਨ੍ਹਾਂ 1949 ਵਿਚ ਹੀ ਛੱਡ ਦਿੱਤੀ ਸੀ। ਇੰਨੇ ਸਖ਼ਤ ਪਰਹੇਜ਼ ਅਤੇ ਸੰਜਮ ਦੇ ਬਾਵਜੂਦ 1958 ਤਕ ਉਨ੍ਹਾਂ ਦਾ ਭਾਰ 80 ਕਿਲੋਗਰਾਮ ਹੋ ਗਿਆ। ਪ੍ਰੇਸ਼ਾਨ ਹੋਏ ਰਾਸ਼ਟਰਪਤੀ ਨੇ ਹੋਰ ਵੀ ਥੋੜ੍ਹਾ ਖਾਣਾ ਸ਼ੁਰੂ ਕਰ ਦਿੱਤਾ। ਮੱਖਣ ਮੀਟ ਆਦਿ ਬਿਲਕੁੱਲ ਛੱਡ ਦਿੱਤਾ। ਇੰਨੇ ਓਹੜ-ਪੋਹੜ ਦੇ ਬਾਵਜੂਦ ਸੇਵਾਮੁਕਤੀ ਵਾਲੇ ਦਿਨ (19 ਜਨਵਰੀ 1961) ਕੋਲੈਸਟਰੋਲ 259 ਐਮਜੀ/ਡੀਐਲ ਤਕ ਪਹੁੰਚ ਗਿਆ ਸੀ ਅਤੇ ਉਹ 1969 ਵਿਚ ਦਿਲ ਦੀ ਬਿਮਾਰੀ ਨਾਲ ਚੱਲ ਵਸੇ। 'ਖੁਰਾਕ-ਦਿਲ ਮਨੌਤ' ਵਾਲੇ ਡਾਕਟਰ ਇਸ ਵਿਰੋਧਾਭਾਸ ਦੀ ਅੱਜ ਤਕ ਸਹੀ ਵਿਆਖਿਆ ਨਹੀਂ ਕਰ ਸਕੇ।

1955 ਵਿਚ ਅਮਰੀਕੀ ਸ਼ਹਿਰ ਬੋਸਟਨ ਨੇੜੇ ਫਰਮਿੰਘਮ ਵਿਚ ਅਧਖੜ੍ਹ ਉਮਰ ਦੇ ਪੰਜ ਹਜ਼ਾਰ ਮਨੁੱਖਾਂ ਉੱਪਰ ਅਧਿਐਨ ਕੀਤਾ ਗਿਆ। ਤੀਹ ਸਾਲ ਤਕ ਚੱਲਣ ਵਾਲੇ ਇਸ ਅਧਿਐਨ ਦੇ ਕੁਝ ਬਹੁਤੇ ਕਾਹਲੇ ਖੋਜਕਾਰਾਂ ਨੇ ਛੇ ਸਾਲ ਬਾਅਦ ਹੀ 1961 ਵਿਚ ਸਿੱਟਾ ਕੱਢ ਮਾਰਿਆ ਕਿ ਕੋਲੈਸਟਰੋਲ ਦਿਲ ਦੇ ਰੋਗਾਂ ਦੇ ਪੂਰਵ ਅਨੁਮਾਨ ਲਈ ਭਰੋਸੇਯੋਗ ਸੂਚਕ ਹੈ।

ਫਰਮਿੰਘਮ ਦੇ ਮੈਡੀਕਲ ਨਿਰਦੇਸ਼ਕ ਵਿਲੀਅਮ ਕਾਨਲ ਨੇ ਇਹ ਐਲਾਨ ਵੀ ਕਰ ਦਿੱਤਾ ਕਿ 'ਦਿਲ ਦੇ ਰੋਗਾਂ ਅਤੇ ਕੋਲੈਸਟਰੋਲ ਦਾ ਨੇੜਲਾ ਸਬੰਧ ਹੈ' ਪਰ ਇਸੇ ਅਧਿਐਨ ਦੀ ਤੀਹ ਸਾਲ ਦੀ ਲਗਾਤਾਰਤਾ ਤੋਂ 1987 ਵਿਚ ਸਾਹਮਣੇ ਆਏ ਵੱਧ ਭਰੋਸੇਯੋਗ ਅੰਕੜਿਆਂ ਤੋਂ ਉਲਟਾ ਸਬੰਧ ਸਥਾਪਤ ਹੁੰਦਾ ਸਾਹਮਣੇ ਆਇਆ। ਅਧਿਐਨ ਦੌਰਾਨ ਦਿਲ ਦੇ ਦੌਰੇ ਤੋਂ ਪੀੜਤ ਅੱਧੇ ਲੋਕਾਂ ਦਾ ਕੋਲੈਸਟਰੋਲ ਪੱਧਰ ਸਗੋਂ ਆਮ (220 ਐਮਜੀ/ਡੀਐਲ) ਨਾਲੋਂ ਘੱਟ ਸੀ ਅਤੇ 48 ਤੋਂ 57 ਸਾਲ ਦੇ 183-222 ਐਮਜੀ/ਡੀਐਲ ਕੋਲੈਸਟਰੋਲ ਵਾਲੇ ਆਦਮੀਆਂ ਵਿਚ ਦਿਲ ਦੇ ਦੌਰੇ ਨਾਲ ਮੌਤ ਹੋਣ ਦਾ ਖ਼ਤਰਾ 222-261 ਐਮਜੀ/ਡੀਐਲ ਕੋਲੈਸਟਰੋਲ ਵਾਲੇ ਆਦਮੀਆਂ ਨਾਲੋਂ ਜ਼ਿਆਦਾ ਸੀ। ਸੋ, ਕੋਲੈਸਟਰੋਲ ਦਿਲ ਦੇ ਰੋਗਾਂ ਦਾ ਵਿਸ਼ਵਾਸਯੋਗ ਸੂਚਕ ਸਿੱਧ ਨਹੀਂ ਹੋ ਸਕਿਆ।

ਭਾਵੇਂ ਤੁਸੀਂ ਪਹਿਲੀ ਵਾਰ ਆਪਣੇ ਔਜਾਰ ਖ਼ਰੀਦ ਜਾਂ ਲੀਜ਼ 'ਤੇ ਲੈ ਰਹੇ ਹੋ ਜਾਂ ਤੁਸੀਂ ਆਪਣੀ ਕੰਪਨੀ ਦਾ ਵਿਸਥਾਰ ਕਰਨਾ ਚਾਹੁੰਦੇ ਹੋ। ਸਮਰਸਾਈਡ ਫ਼ਾਈਨੈਂਸ਼ੀਅਲ ਤੁਹਾਡਾ ਭਰੋਸੇਮੰਦ ਵਿੱਤੀ ਸਾਥੀ ਹੈ। ਤੁਹਾਡੀਆਂ ਵਿੱਤੀ ਲੋੜਾਂ ਪੂਰੀਆਂ ਕਰਨ 'ਚ ਹਰ ਸੰਭਵ ਮਦਦ ਕਰਨ ਦੀ ਸਾਡੀ ਕੋਸ਼ਿਸ਼ ਰਹਿੰਦੀ ਹੈ।

ਸਮਰਸਾਈਡ ਫ਼ਾਈਨੈਂਸ਼ੀਅਲ ਨਾ ਸਿਰਫ਼ ਖ਼ਰੀਦ/ਲੀਜ਼ (ਨਿਰਮਾਣ ਕਾਰਜਾਂ ਤੋਂ ਲੈ ਕੇ ਦਫ਼ਤਰ ਤੇ ਮੈਡੀਕਲ ਔਜਾਰ) 'ਚ ਤੁਹਾਡੀ ਮਦਦ ਕਰਦਾ ਹੈ, ਸਗੋਂ ਹੋਰਨਾਂ ਕੰਮਾਂ 'ਚ ਵੀ ਤੁਹਾਨੂੰ ਸਹਿਯੋਗ ਕਰੇਗਾ ਜੋ ਦੂਜੀਆਂ ਵਿੱਤੀ ਕੰਪਨੀਆਂ ਨਹੀਂ ਕਰਦੀਆਂ। ਇਸ ਖੇਤਰ 'ਚ ਸਾਡੇ ਸਾਰੇ ਪ੍ਰਤੀਨਿਧ ਬੇਹੱਦ ਤਜਰਬੇਕਾਰ ਹਨ।

ਸਾਡੇ ਨਾਲ ਸੰਪਰਕ ਕਰੋ ਅਤੇ ਸਾਨੂੰ ਆਪਣਾ ਬਿਹਤਰੀਨ ਕੰਮ ਦਿਖਾਉਣ ਦਾ ਮੌਕਾ ਦਿਓ। ਸਮਰਸਾਈਡ ਫ਼ਾਈਨੈਂਸ਼ੀਅਲ ਨੂੰ ਆਪਣਾ ਸੱਚਾ, ਭਰੋਸਾਮੰਦ ਸਾਥੀ ਬਣਾਓ।

## For More info Contact Summerside Financial

ਵਧੇਰੇ ਜਾਣਕਾਰੀ ਲਈ ਸਮਰਸਾਈਡ ਫ਼ਾਈਨੈਂਸ਼ੀਅਲ ਨਾਲ ਸੰਪਰਕ ਕਰੋ:

**Toll Free:1-877-816-3510**
**www.summersidefinancial.com**
#200, 17834 106A Avenue Edmonton, Alberta T5S 1V3

**Alan Ajit Walia**
**780-995-2719 (Cell)**
**780-705-6668 (Off.)**

*Email: info@summersidefinancial.com, Fax : 780-705-6641*

ਸਫ਼ਾ 16 ਦੀ ਬਾਕੀ

## ਚੋਣ ਨਤੀਜੇ ; ਕੁਝ ਲਾਜ਼ਮੀ ਸਬਕ

ਲੋਕਾਂ ਦੇ ਸੇਵਾਦਾਰ ਹੋਣ ਦੀ ਥਾਂ ਬਹੁਤ ਵਾਰੀ ਆਗੂ ਤੇ ਕਾਰਕੁਨ ਚੌਧਰਪੁਣੇ ਤੇ ਆਪਹੁਦਰੇਪਣ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਨਾਲ ਕਮਿਊਨਿਸਟਾਂ ਦਾ ਦੂਸਰੇ ਦਲਾਂ ਨਾਲੋਂ ਵੱਖਰੇਵਾਂ ਧੁੰਦਲਾ ਪੈ ਜਾਂਦਾ ਹੈ ਤੇ ਆਮ ਲੋਕ ਖੱਬੀ ਧਿਰ ਤੋਂ ਦੂਰ ਹੁੰਦੇ ਜਾਂਦੇ ਹਨ। ਇਸ ਕਮਜ਼ੋਰੀ ਉਪਰ ਬਹੁਤ ਹੀ ਚੌਕਸ ਰਹਿ ਕੇ ਸਮੇਂ ਸਿਰ ਕਾਬੂ ਪਾਇਆ ਜਾ ਸਕਦਾ ਹੈ। ਤ੍ਰਿਪੁਰਾ ਸਮੇਤ ਦੇਸ਼ ਦੇ ਮਜ਼ਬੂਤ ਕਮਿਊਨਿਸਟਾਂ ਗੜ੍ਹਾਂ ਅੰਦਰ ਇਹ ਕਮਜ਼ੋਰੀ ਵੀ ਸਪਸ਼ਟ ਝਲਕਦੀ ਨਜ਼ਰ ਆਉਂਦੀ ਹੈ, ਜਿਸ ਦਾ ਸਮੇਂ ਸਿਰ ਉਪਾਅ ਨਹੀਂ ਕੀਤਾ ਗਿਆ।

ਦੇਸ਼ ਪੱਧਰੀ ਖੱਬੀ ਲਹਿਰ ਦੇ ਪਸਾਰੇ ਤੋਂ ਬਿਨਾਂ ਕਮਿਊਨਿਸਟ ਅੰਦੋਲਨ ਜੇਕਰ ਚੰਦ ਕੁ ਖਿਲਰੇ ਇਲਾਕਿਆਂ ਤੱਕ ਸੀਮਤ ਰਹਿੰਦਾ ਹੈ, ਤਦ ਇਸ ਦੇ ਸਥਿਰ ਤੇ ਸੁਰੱਖਿਅਤ ਰਹਿਣ ਦੀਆਂ ਸੰਭਾਵਨਾਵਾਂ ਸੁਭਾਵਕ ਹੀ ਸੀਮਤ ਬਣ ਜਾਂਦੀਆਂ ਹਨ। ਹਰ ਖਿੱਤੇ ਦਾ ਆਲਾ ਦੁਆਲਾ ਜੇਕਰ ਰਾਜਸੀ ਤੌਰ ’ਤੇ ਪਿਛਾਖੜੀ ਜਾਂ ਗੈਰ ਕਮਿਊਨਿਸਟ ਵਿਚਾਰਾਂ ਦੇ ਧਾਰਨੀ ਲੋਕਾਂ ਨਾਲ ਭਰਪੂਰ ਹੈ, ਤਦ ਇਨ੍ਹਾਂ ਦਾ ਅਸਰ ਅਗਾਂਹਵਧੂ ਇਲਾਕਿਆਂ ਤੱਕ ਵੀ ਜ਼ਰੂਰ ਪੁੱਜੇਗਾ। ਇਸ ਲਈ ਅਗਾਂਹਵਧੂ ਤੇ ਖੱਬੀ ਲਹਿਰ ਨੂੰ ਅਸਾਵਾਂਪਨ ਦੂਰ ਕਰਕੇ ਪੂਰੇ ਦੇਸ਼ ਵਿਚ ਇਕਸਾਰ ਪਸਾਰਾ ਕਰਨਾ ਹੋਵੇਗਾ। ਤ੍ਰਿਪੁਰਾ ਦੀ ਖੱਬੀ ਲਹਿਰ ਦਾ ਪੂਰੇ ਉਤਰ ਪੂਰਬੀ ਪ੍ਰਾਂਤਾਂ ਵਿਚ ਪ੍ਰਭਾਵ ਨਾਂਮਾਤਰ ਹੈ।

ਕਮਿਊਨਿਸਟਾਂ ਨੂੰ ਮਜ਼ਦੂਰ ਜਮਾਤ ਦੇ ਰਾਜਨੀਤਕ ਤੇ ਵਿਚਾਰਧਾਰਕ ਦੁਸ਼ਮਣਾਂ ਦੀ ਸ਼ਕਤੀ ਨੂੰ ਕਦੀ ਵੀ ਨਜ਼ਰ ਅੰਦਾਜ਼ ਨਹੀਂ ਕਰਨਾ ਚਾਹੀਦਾ। ਇਸ ਦੇ ਨਾਲ ਹੀ ਆਪਣੀ ਸ਼ਕਤੀ ਦਾ ਅਨੁਮਾਨ ਵੀ ਸਹੀ-ਸਹੀ ਹੀ ਲਗਾਉਣਾ ਚਾਹੀਦਾ ਹੈ। ਕਿਸੇ ਖਾਸ ਅਵਸਥਾ ਵਿਚ ਪੂੰਜੀਵਾਦੀ ਦੇਸ਼ ਦੀ ਰਾਜਨੀਤੀ ਵਿਚ ਮਿਲੀ ਅਹਿਮੀਅਤ ਨੂੰ ਆਪਣੀ ਲਿਆਕਤ ਜਾਂ ਚਤੁਰਾਈ ਨਾਲ ਮਾਪਣ ਦੀ ਭੁੱਲ ਕਰਨਾ ਆਤਮਘਾਤੀ ਵੀ ਹੁੰਦਾ ਹੈ ਅਤੇ ਮੂਰਖਤਾ ਵੀ। ਤ੍ਰਿਪੁਰਾ ਵਿਚ ਇਕ ਮਜ਼ਬੂਤ ਖੱਬੀ ਲਹਿਰ ਹੋਣ ਦੇ ਬਾਵਜੂਦ ਭਾਜਪਾ ਤੇ ਸੰਘ ਪਰਿਵਾਰ ਦੇ ਦੂਸਰੇ ਮੈਂਬਰਾਂ ਦੀ ਆਪਣੀ ਕੱਟੜਵਾਦੀ ਵਿਚਾਰਧਾਰਾ ਤੇ ਝੂਠੇ ਪ੍ਰਚਾਰ ਨਾਲ ਜਨ ਸਾਧਾਰਨ ਨੂੰ ਪ੍ਰਭਾਵਤ ਕਰਨ ਦੀ ਸਮਰੱਥਾ ਨੂੰ ਘਟਾ ਕੇ ਦੇਖਿਆ ਗਿਆ। ਸਮਾਜਕ ਕਰਾਂਤੀ ਦਾ ਰਾਹ ਕੰਡਿਆਲਾ, ਜ਼ੋਖ਼ਮ ਭਰਿਆ ਤੇ ਲੰਮੇਰਾ ਹੈ। ਇਸ ਨੂੰ ਪੂੰਜੀਵਾਦੀ ਢਾਂਚੇ ਦੀ ਜਮਹੂਰੀਅਤ ਅਧੀਨ ਸਿਰਫ ਚੁਣਾਵੀ ਜਿੱਤਾਂ ਨਾਲ ਹਾਸਲ ਕਰਨ ਦਾ ਖਮਿਆਜ਼ਾ ਸੰਸਾਰ ਭਰ ਦੇ ਕਰਾਂਤੀਕਾਰੀ ਲੋਕਾਂ ਨੇ ਭੁਗਤਿਆ ਹੈ। ਬਿਨਾਂ ਸ਼ੱਕ ਜਮਹੂਰੀ ਪ੍ਰਣਾਲੀ ਸਾਨੂੰ ਜਨਤਕ ਲਹਿਰ ਉਸਾਰਨ ਵਿਚ ਮਦਦਗਾਰ ਹੁੰਦੀ ਹੈ, ਪ੍ਰੰਤੂ ਇਸ ਨੂੰ ਅੰਤਮ ਮੰਜ਼ਿਲ ਸਮਝ ਕੇ ਗੈਰ-ਪਾਰਲੀਮਾਨੀ ਘੋਲਾਂ ਨੂੰ ਤਿਲਾਂਜਲੀ ਦੇਣਾ, ਤਬਾਹਕੁਨ ਸਿੱਧ ਹੋ ਸਕਦਾ ਹੈ। ਸੰਘਰਸ਼ਾਂ ਦੇ ਸਾਰੇ ਰੂਪਾਂ ਦੀ ਸੁਯੋਗ ਵਰਤੋਂ ਕਰਨ ਦੀ ਮੁਹਾਰਤ ਹਾਸਲ ਕਰਨੀ ਏਸੇ ਲਈ ਅਤਿ ਜ਼ਰੂਰੀ ਹੈ।

ਤ੍ਰਿਪੁਰਾ ਅਸੈਂਬਲੀ ਚੋਣਾਂ ਦੇ ਨਤੀਜੇ ਬਿਨਾਂ ਸ਼ੱਕ ਖੱਬੀਆਂ ਧਿਰਾਂ ਲਈ ਵੱਡਾ ਨੁਕਸਾਨ ਹੀ ਨਹੀਂ ਬਲਕਿ ਪਹਾੜ ਜੇਡੀ ਚੁਣੌਤੀ ਭਰੇ ਹਨ। ਜੇਕਰ ਅਸੀਂ ਪਿਛਲੀਆਂ ਗਲਤੀਆਂ ਤੇ ਗਲਤ ਧਾਰਨਾਵਾਂ ਤੋਂ ਸਬਕ ਸਿੱਖ ਕੇ ਮੁੜ ਖੱਬੀ ਲਹਿਰ ਦੇ ਵਿਕਾਸ ਲਈ ਜੁੱਟ ਜਾਈਏ, ਤਦ ਇਨ੍ਹਾਂ ਯਤਨਾਂ ਨੂੰ ਲੋਕਾਂ ਦੀ ਭਰਪੂਰ ਹਮਾਇਤ ਲਾਜ਼ਮੀ ਮਿਲੇਗੀ। ਤ੍ਰਿਪੁਰਾ ਸਰਕਾਰ ਦਾ ਭ੍ਰਿਸ਼ਟਾਚਾਰ ਰਹਿਤ ਕਾਰਜਕਾਲ ਤੇ ਇਸ ਦੇ ਮੁਖੀ ਕਾਮਰੇਡ ਮਾਨਿਕ ਸਰਕਾਰ ਦਾ ਕਮਿਊਨਿਸਟ ਕਿਰਦਾਰ ਕਮਿਊਨਿਸਟ ਲਹਿਰ ਦੇ ਅੱਗੇ ਵਧਣ ਲਈ ਕਾਫੀ ਮਦਦਗਾਰ ਸਾਬਤ ਹੋ ਸਕਦੇ ਹਨ।

ਸਫ਼ਾ 19 ਦੀ ਬਾਕੀ

## ਪੂਰੇ ਭਾਰਤ ਵਿਚ ਦਲਿਤਾਂ ਦਾ ਉਠ ਖੜ੍ਹੇ ਹੋਣਾ

ਉਸ ਤੋਂ ਬਾਅਦ ਤਾਂ ਥਾਂ ਥਾਂ ਬੱਸਾਂ-ਕਾਰਾਂ ਨੂੰ ਸਾੜਨ ਅਤੇ ਰੇਲ ਪਟੜੀਆਂ ’ਤੇ ਟਾਇਰ ਸਾੜਨ ਦੀਆਂ ਘਟਨਾਵਾਂ ਹੋਣ ਲੱਗੀਆਂ। ਅਤੇ ਫਿਰ ਮੀਡੀਆ ਵਿਚ ਇਹ ਖ਼ਬਰਾਂ ਚੱਲਣ ਲੱਗੀਆਂ ਕਿ ਅੰਦੋਲਨਕਾਰੀ ਹਿੰਸਕ ਹੋ ਗਏ ਹਨ। ਕੌਣ ਨਹੀਂ ਜਾਣਦਾ ਕਿ ਕਿਸੇ ਪ੍ਰਦਰਸ਼ਨ ਜਾਂ ਅੰਦੋਲਨ ਨੂੰ ਦਬਾਉਣ ਲਈ ਉਸ ਦੇ ਹਿੰਸਕ ਹੋ ਜਾਣ ਜਾਂ ਹਿੰਸਕ ਹੋਣ ਦੇ ਖ਼ਦਸ਼ੇ ਦਾ ਤਰਕ ਜ਼ਰੂਰੀ ਹੁੰਦਾ ਹੈ। ਉਹੀ ਹੋਇਆ। ਮੱਧ ਪ੍ਰਦੇਸ਼ ਦੇ ਕਈ ਸ਼ਹਿਰਾਂ ਤੋਂ ਪੰਜ ਮੌਤਾਂ ਅਤੇ ਦੇਸ਼ ਭਰ ਵਿਚ ਪ੍ਰਦਰਸ਼ਨ ਦੌਰਾਨ 9 ਲੋਕਾਂ ਦੇ ਮਾਰੇ ਜਾਣ ਦੀ ਸੂਚਨਾ ਆਈ। ਕੌਣ ਲੋਕ ਮਾਰੇ ਗਏ ? ਇਹ ਹਾਲੇ ਸਾਫ਼ ਨਹੀਂ। ਜਦੋਂ ਸਾਫ਼ ਹੋਵੇਗਾ, ਉਦੋਂ ਅੰਦੋਲਨ ਨਾਲ ਨਜਿੱਠਣ ਦੇ ਹੋਰ ਪਹਿਲੂ ਸਾਹਮਣੇ ਆਉਣਗੇ। ਪਰ ਕੁੱਲ ਮਿਲਾ ਕੇ ਅੰਦੋਲਨ ਨੂੰ ਹਿੰਸਕ ਦੱਸਣ ਲਈ ਏਨਾ ਕਾਫ਼ੀ ਸੀ। ਸ਼ਾਮ ਤੋਂ ਬਾਅਦ ਮੀਡੀਆ ਚੈਨਲਾਂ ’ਤੇ ਬਹਿਸਾਂ ਚਾਲੂ ਹੋਈਆਂ। ਜ਼ਿਆਦਾਤਰ ਸੱਤਾ ਸਮਰਥਕ ਚੈਨਲਾਂ ਦੀਆਂ ਬਹਿਸਾਂ ਵਿਚ ਅੰਦੋਲਨ ਦੇ ਹਿੰਸਕ ਹੋਣ ਦੀਆਂ ਆਲੋਚਨਾਵਾਂ ਹੋਣ ਲੱਗੀਆਂ। ਇਹ ਗੱਲ ਗਾਇਬ ਹੀ ਹੋ ਗਈ ਕਿ ਇਸ ਦਲਿਤ ਅੰਦੋਲਨ ਦਾ ਆਪਣਾ ਮਕਸਦ ਕੀ ਸੀ ਅਤੇ ਕਿੰਨਾ ਤਾਦਾਦ ਵਿਚ ਦਲਿਤ ਸੜਕਾਂ ’ਤੇ ਨਿਕਲ ਕੇ ਆਏ।

**ਸਰਕਾਰ ’ਤੇ ਕਿੰਨਾ ਭਾਰੀ ਪਿਆ ਇਹ ਭਾਰਤ ਬੰਦ** : ਇਹ ਪਹਿਲਾ ਮੌਕਾ ਹੈ ਕਿ ਸਰਕਾਰ ਖ਼ਿਲਾਫ਼ ਇਹ ਅੰਦੋਲਨ ਭਾਈਚਾਰਕ ਤੌਰ ’ਤੇ ਹੋਇਆ। ਉਸ ਨਾਲੋਂ ਵੀ ਵੱਡੀ ਗੱਲ ਇਹ ਕਿ ਕਿਸੇ ਸਰਬ-ਪ੍ਰਵਾਨਤ ਅਗਵਾਈ ਤੋਂ ਬਿਨਾਂ ਹੋਇਆ। ਅਜਿਹਾ ਕਦੇ ਨਹੀਂ ਹੁੰਦਾ ਕਿ ਜਦੋਂ ਕੋਈ ਅੰਦੋਲਨ ਜਾਂ ਪ੍ਰਦਰਸ਼ਨ ਹੋ ਰਿਹਾ ਹੋਵੇ ਤਾਂ ਉਸ ਦੌਰਾਨ ਉਨਾਂ ਦੇ ਨੇਤਾਵਾਂ ਨਾਲ ਮੀਡੀਆ ਗੱਲ ਨਾ ਕਰੇ। ਪਰ ਕਿਸੇ ਅੰਦੋਲਨ ਵਿਚ ਇਹ ਪਹਿਲੀ ਵਾਰ ਨਜ਼ਰ ਆਇਆ ਕਿ ਸੈਂਕੜੇ ਥਾਵਾਂ ’ਤੇ ਸੜਕਾਂ ਉਪਰ ਪ੍ਰਦਰਸ਼ਨ ਕਰ ਰਹੇ ਲੋਕਾਂ ਵਿਚ ਉਨ੍ਹਾਂ ਦੀ ਅਗਵਾਈ ਕਰ ਰਹੇ ਵਰਕਰਾਂ ਨਾਲ ਮੀਡੀਆ ਨੇ ਜ਼ਿਆਦਾ ਗੱਲ ਨਹੀਂ ਕੀਤੀ। ਹਾਂ ਟੀ.ਵੀ. ਚੈਨਲ ਦੇ ਸਟੂਡੀਓ ਵਿਚ ਸਰਕਾਰ ਤੇ ਵਿਰੋਧ ਧਿਰ ਦੇ ਨੇਤਾਵਾਂ ਵਿਚਾਲੇ ਬਹਿਸਾਂ ਜ਼ਰੂਰ ਕਰਵਾਈਆਂ ਗਈਆਂ। ਪਰ ਇਹ ਬਹਿਸਾਂ ਤਾਂ ਰੋਜ਼ ਹੀ ਹੁੰਦੀਆਂ ਰਹਿੰਦੀਆਂ ਹਨ ਅਤੇ ਜਿਨ੍ਹਾਂ ਵਿਚ ਇਕ-ਦੂਜੇ ’ਤੇ ਦੋਸ਼ ਮੜਨ ਦੇ ਸ਼ੋਰ ਤੋਂ ਇਲਾਵਾ ਕੁਝ ਨਹੀਂ ਸੁਣਾਈ ਦਿੰਦਾ।

**ਦਲਿਤਾਂ ਨੂੰ ਕਿੰਨਾ ਹਾਸਲ ਹੋਇਆ ਇਸ ਬੰਦ ਤੋਂ** : ਵੱਖ ਵੱਖ ਸੂਬਿਆਂ ਵਿਚ ਕੋਈ ਦੋ ਸੌ ਤੋਂ ਜ਼ਿਆਦਾ ਸ਼ਹਿਰਾਂ-ਕਸਬਿਆਂ ਵਿਚ ਦਲਿਤਾਂ ਦੇ ਵੱਡੇ ਹਜੂਮ ਨੇ ਇਹ ਸਿੱਧ ਕਰ ਦਿੱਤਾ ਕਿ ਦਲਿਤ ਸਮਾਜ ਵਿਚ ਅੰਦਰ ਤੱਕ ਗੁੱਸਾ ਹੈ। ਇਸ ਅੰਦੋਲਨ ਰਾਹੀਂ ਦੇਸ਼ ਦੇ ਇਸ ਸਭ ਤੋਂ ਵੱਡੇ ਵਰਗ ਵਿਚ ਇਹ ਸੰਦੇਸ਼ ਪਹਿਲੀ ਵਾਰ ਗਿਆ ਹੈ ਕਿ ਉਹ ਸਮਾਜਕ ਪੱਧਰ ’ਤੇ ਜਥੇਬੰਦ ਹੋ ਸਕਦੇ ਹਨ। ਭਾਵੇਂ ਹੀ ਭਾਰਤ ਬੰਦ ਦੇ ਦਿਨ ਦਲਿਤ ਨੇਤਾ ਅਗਵਾਈ ਕਰਦੇ ਹੋਏ ਨਾ ਦਿਖਾਈ ਦਿੱਤੇ ਹੋਣ ਪਰ ਇਨ੍ਹਾਂ ਨੇਤਾਵਾਂ ਨੂੰ ਪਤਾ ਚੱਲ ਗਿਆ ਹੋਵੇਗਾ ਕਿ ਬੇਕਾਬੂ ਹੋਏ ਬਿਨਾਂ ਦਲਿਤਾਂ ਵਿਚ ਆਪਣੇ ਆਪ ਵੀ ਸੜਕ ’ਤੇ ਨਿਕਲ ਆਉਣ ਦਾ ਹੌਸਲਾ ਹੈ। ਭਾਵ ਇਸ ਅੰਦੋਲਨ ਦੇ ਹਾਸਲ ਦਾ ਅੰਦਾਜ਼ਾ ਲਾਓ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਹੁਣ ਅੱਗੇ ਕਦੇ ਵੀ ਧਰਨਾ, ਪ੍ਰਦਰਸ਼ਨ ਜਾਂ ਇਕਜੁਟਤਾ ਦਿਖਾਉਣ ਦੀ ਕੋਈ ਅਪੀਲ ਹੋਵੇਗੀ ਤਾਂ ਉਸ ਦੇ ਅਸਰਦਾਰ ਹੋਣ ਵਿਚ ਕੋਈ ਸ਼ੱਕ ਨਹੀਂ ਬਚੇਗਾ। ਭਾਵ ਆਪਣੀ ਬਿਖਰੀ ਲੀਡਰਸ਼ਿਪ ਨੂੰ ਇਕ ਮੰਚ ’ਤੇ ਲਿਆਉਣ ਲਈ ਦਲਿਤ ਭਾਈਚਾਰੇ ਨੇ ਆਪਣੇ ਪੱਧਰ ’ਤੇ ਪਹਿਲ ਕਰਕੇ ਦਿਖਾ ਦਿੱਤੀ ਹੈ।

ਸਫ਼ਾ 4 ਦੀ ਬਾਕੀ

## 8.8 ਬਿਲੀਅਨ ਡਾਲਰ ਦੇ ਘਾਟੇ ਵਾਲਾ ਅਲਬਰਟਾ ਬਜਟ ਪੇਸ਼

**ਖੇਡਾਂ, ਕਲਾ ਤੇ ਮਨੋਰੰਜਨ** : ਫੋਰਟ ਐਡਮਿੰਟਨ ਪਾਰਕ ਨੂੰ ਇਸ ਸਾਲ ਪਾਸਾਰ ਵਿਚ ਮਦਦ ਵਾਸਤੇ 14 ਮਿਲੀਅਨ ਡਾਲਰ ਦਾ ਫੰਡ ਮਿਲੇਗਾ। ਇਕ ਮਿਲੀਅਨ ਡਾਲਰ ਨਾਰਦਰਨ ਜੁਬਲੀ ਆਡੀਟੋਰੀਅਮ ਨੂੰ ਅਪਗਰੇਡ ਕਰਨ ’ਤੇ ਖਰਚੇ ਜਾ ਰਹੇ ਹਨ ਜਦੋਂਕਿ 6 ਮਿਲੀਅਨ ਡਾਲਰ ਐਡਮਿੰਟਨ ਦੇ ਡਾਊਨਟਾਊਨ ਵਿਚ ਨਵੇਂ ਰਾਇਲ ਅਲਬਰਟਾ ਮਿਊਜ਼ੀਅਮ ਲਈ ਮਿਲਣਗੇ।

**ਸਸਤੇ ਘਰ** : ਮੌਜੂਦਾ ਬਜਟ ਵਿਚ ਸਰਕਾਰ ਵੱਲੋਂ ਅਲਬਰਟਾ ਦੇ ਪਰਿਵਾਰਾਂ ਨੂੰ ਸੁਰੱਖਿਆ, ਸਸਤੇ ਤੇ ਅੜਚਣਾਂ ਤੋਂ ਮੁਕਤ ਘਰ ਮੁਹੱਈਆ ਕਰਵਾਉਣ ਲਈ 9 ਨਵੇਂ ਪ੍ਰਾਜੈਕਟ ਸ਼ੁਰੂ ਕਰਨ ਦੇ ਟੀਚੇ ਤਹਿਤ 50 ਮਿਲੀਅਨ ਡਾਲਰ ਨਿਵੇਸ਼ ਕੀਤੇ ਜਾਣਗੇ। ਹਾਲਾਂਕਿ ਇਨਾਂ ਰਿਹਾਇਸ਼ੀ ਪ੍ਰਾਜੈਕਟਾਂ ਬਾਰੇ ਐਲਾਨ ਹਾਲੇ ਨਹੀਂ ਕੀਤਾ ਗਿਆ, ਇਨਾਂ ਵਿਚੋਂ ਇਕ ਐਡਮਿੰਟਨ ਵਿਚ ਉਸਾਰੇ ਜਾਣ ਦਾ ਅਨੁਮਾਨ ਹੈ।

**ਕੈਲਗਰੀ ਲਈ ਕੀ ਹੈ** : ਸਕੂਲ/ਐਜੂਕੇਸ਼ਨ

2018 ਦੇ ਬਜਟ ਵਿਚ 20 ਨਵੇਂ ਸਕੂਲਾਂ ਲਈ ਤਕਰੀਬਨ 393 ਮਿਲੀਅਨ ਡਾਲਰ ਨਿਰਧਾਰਤ ਕੀਤੇ ਹਨ, ਜਿਨਾਂ ਵਿਚੋਂ ਘੱਟੋ-ਘੱਟ ਇਕ ਲੇਥਬ੍ਰਿਜ ਵਿਚ ਹੋਵੇਗਾ। ਕੈਲਗਰੀ ਯੂਨੀਵਰਸਿਟੀ ਕੇ ਮੈਕਕਿੰਮੀ ਕੰਪਲੈਕਸ ਦੀ ਚੱਲ ਰਹੀ ਮੁਰੰਮਤ ਲਈ 75 ਮਿਲੀਅਨ ਡਾਲਰ ਮਿਲਣਗੇ ਜਦੋਂਕਿ ਯੂਨੀਵਰਸਿਟੀ ਆਫ ਲੇਥਬਰਿਜ ਦੇ ਡੈਸਟੀਨੇਸ਼ਨ ਪ੍ਰਾਜੈਕਟ, ਜੋ ਕਿ ਨਵੀਂ ਸਾਇੰਸ ਤੇ ਅਕਾਦਮਿਕ ਇਮਾਰਤ ਹੈ, ਨੂੰ ਪੂਰਾ ਕਰਨ ਲਈ 27 ਮਿਲੀਅਨ ਡਾਲਰ ਮਿਲਣਗੇ। ਦੱਖਣ-ਪੂਰਬੀ ਐਡਮਿੰਟਨ ਦੇ ਮੈਡੀਸਨ ਹੈਟ ਕਾਲਜ ਨੂੰ ਇਸ ਸਾਲ ਆਪਣੇ ਪੂਰਬੀ ਕੈਂਪਸ ਨੂੰ ਪੂਰਾ ਕਰਨ ਲਈ 4 ਮਿਲੀਅਨ ਡਾਲਰ ਿ ਮਲਣਗੇ। ਕੈਲਗਰੀ ਦੇ ਕੈਂਸਰ ਸੈਂਟਰ ਨੂੰ 295 ਡਾਲਰ ਦਿੱਤੇ ਗਏ ਹਨ, ਜਿਸ ਨਾਲ ਇਸ ਸਾਲ ਦੌਰਾਨ ਫੈਸਿਲਟੀ ਦੀ ਉਸਾਰੀ ’ਤੇ ਖਰਚ ਕੀਤੇ ਜਾਣੇ ਹਨ। ਕੈਲਗਰੀ ਦੇ ਪੀਟਰ ਲੌਂਗਹੀਡ ਸੈਂਟਰ ਨੂੰ ਆਪਣੇ ਮੈਡੀਕਲ ਇੰਸਟਰੂਮੈਂਟ ਕਲੀਨਿੰਗ ਤੇ ਸਟਰਲਾਈਜ਼ੇਸ਼ਨ ਯੂਨਿਟਾਂ ਲਈ ਰੈੱਡ ਡੀਅਰ ਦੇ ਨਾਲ ਸਾਂਝੇ ਤੌਰ ’ਤੇ 59 ਮਿਲੀਅਨ ਡਾਲਰ ਮਿਲਣਗੇ। ਪੀਟਰ ਲੌਂਗਹੀ ਹਸਪਤਾਲ ਵੋਮੈਨਜ਼ ਸਰਵਿਸਿਜ਼, ਮੁਰੰਮਤ, ਲੈਬਾਰਟਰੀ ਵਿਕਸਿਤ ਕਰਨ ਅਤੇ ਉਸ ਦੇ ਮੈਂਟਲ ਹੈਲਥ ਇੰਟੈਨਸਿਵ ਕੇਅਰ ਯੂਨਿਟ ਲਈ 9 ਮਿਲੀਅਨ ਡਾਲਰ ਪ੍ਰਾਪਤ ਹੋਣਗੇ।

ਸਫ਼ਾ 1 ਦੀ ਬਾਕੀ

## ਜੂਨੀਅਰ ਹਾਕੀ ਟੀਮ ਦੀ ਬੱਸ ਅਤੇ ਟਰਾਲੇ ਵਿਚਕਾਰ ਭਿਆਨਕ ਟੱਕਰ, 15 ਮੌਤਾਂ 14 ਜ਼ਖ਼ਮੀ

ਸਟੀਫ਼ਨ ਵੈਕ, 18 ਸਾਲਾ ਲੋਗਨ ਹੰਟਰ, 18 ਸਾਲਾ ਜ਼ੇਬੀਅਰ ਲੈਬਿਲ, 18 ਸਾਲਾ ਬਰੋਡੀ ਹਿੰਨਜ਼, 21 ਸਾਲਾ ਕੌਨਰ ਲੂਕਨ, 27 ਸਾਲਾ ਮਾਰਕ ਕਰੌਸ, 59 ਸਾਲਾ ਗਲਿਨ ਡੋਰਕਸਨ, 18 ਸਾਲਾ ਏਵਾਨ ਥਾਮਸ, 19 ਸਾਲਾ ਜੈਕੋਬ ਲਇਚਟ ਅਤੇ 21 ਸਾਲਾ ਲੋਗਨ ਬੌਲੇਟ ਸ਼ਾਮਲ ਹਨ। ਬੱਸ ਹਾਕੀ ਟੀਮ ਅਤੇ ਸਟਾਫ਼ ਨੂੰ ਲੈ ਕੇ ਸਸਕੈਚਵਨ ਦੀ ਜੂਨੀਅਰ ਹਾਕੀ ਲੀਗ ਦੀ ਸੈਮੀਫਾਈਨਲ ਲੜੀ ਲਈ ਹਮਬੋਲਡਟ ਤੋਂ ਨਿਪਾਵਿਨ ਜਾ ਰਹੀ ਸੀ। ਨਿਪਾਵਿਨ ਸਸਕਾਟੂਨ ਤੋਂ ਉੱਤਰ ਪੂਰਬ ਦਿਸ਼ਾ ਵੱਲ 265 ਕਿਲੋਮੀਟਰ ਦੂਰੀ ‘ਤੇ ਸਥਿਤ ਹੈ। ਜਖ਼ਮੀਆਂ ਨੂੰ ਸਸਕਾਟੂਨ ਦੇ ਰੌਇਲ ਯੂਨੀਵਰਸਿਟੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਖਿਡਾਰੀਆਂ ਦੇ ਪਰਿਵਾਰਾਂ ਅਤੇ ਉਹਨਾਂ ਦੇ ਚਾਹੁਣ ਵਾਲਿਆਂ ਨੂੰ ਇਸ ਹਾਦਸੇ ਨਾਲ ਗਹਿਰਾ ਸਦਮੇ ਵਿਚ ਹਨ। ਖਿਡਾਰੀ ਲੋਗਨ ਦੇ ਪਿਤਾ ਕੈਲੀ ਸ਼ਾਟਜ ਨੇ ਆਪਣਾ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਉਸਦਾ 20 ਸਾਲਾ ਲੜਕਾ ਪਿਛਲੇ ਚਾਰ ਸਾਲਾਂ ਤੋਂ ਬਰੌਂਕੋਸ ਲਈ ਖੇਡ ਰਿਹਾ ਸੀ। ਉਸਦੀ ਮੌਤ ਨੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਹਮਬੋਲਡਟ ਬਰੌਂਕੋਸ ਦੇ ਪ੍ਰਧਾਨ ਕੈਵਿਨ ਗੈਰਿੰਗਰ ਨੇ ਕਿਹਾ ਕਿ ਉਹ ਸਦਮੇ ਵਿੱਚ ਹਨ ਤੇ ਇਸ ਦੁਖਾਂਤਕ ਸਥਿਤੀ ‘ਚੋਂ ਨਿੱਕਲਣ ਲਈ ਉਹਨਾਂ ਨੂੰ ਸੰਘਰਸ਼ ਕਰਨਾ ਪਏਗਾ। ਹਮਬੋਲਡਟ ਦੇ ਮੇਅਰ ਰੌਬ ਮਿਊਨਿਕ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸ਼ਹਿਰ ਦੇ ਯੂਨੀਪਲੈਕਸ ਕਨਵੈਨਸ਼ਨ ਸੈਂਟਰ ਵਿੱਚ ਮੋਬਾਇਲ ਕਰਾਈਸਸ ਸੈਂਟਰ ਸਥਾਪਿਤ ਕਰ ਦਿੱਤਾ ਗਿਆ ਹੈ ਅਤੇ ਕੌਂਸਲਰਾਂ ਨੂੰ ਇੱਥੇ ਹਾਜ਼ਰ ਰਹਿਣ ਲਈ ਕਿਹਾ ਗਿਆ ਹੈ।

ਦੇਸ਼ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਮ੍ਰਿਤਕਾਂ ਦੇ ਪਰਿਵਾਰਾਂ ਅਤੇ ਜਖਮੀਆਂ ਨਾਲ ਦੁੱਖ ਪ੍ਰਗਟਾਉਣ ਸਸਕੈਚਵਨ ਪਹੁੰਚੇ। ਉਨਾ ਹਾਦਸੇ ਤੇ ਦੁਖ ਪ੍ਰਗਟ ਕਰਦਿਆ ਕਿਹਾ ਇਸ ਹਾਦਸੇ ਨਾਲ ਹਰ ਵਿਅਕਤੀ ਨੂੰ ਸਦਮਾ ਪਹੁੰਚਿਆ ਹੈ ਪਰ ਮੁਸੀਬਤ ਦਾ ਸਾਨੂੰ ਡਟ ਕੇ ਸਾਹਮਣਾ ਕਰਨਾ ਚਾਹੀਦਾ ਹੈ।

ਹਾਦਸੇ ਦੇ ਸੰਦਰਭ ਵਿੱਚ ਅਜੇ ਤੱਕ ਟਰਾਲੇ ਦੇ ਡਰਾਇਵਰ ਨੂੰ ਲੈ ਕੇ ਕੋਈ ਪ੍ਰਤੀਕਰਿਆ ਸਾਹਮਣੇ ਨਹੀਂ ਆਈ। ਟੱਕਰ ਦੇ ਸਹੀ ਕਾਰਣਾਂ ਦਾ ਪਤਾ ਜਾਂਚ ਤੋਂ ਬਾਅਦ ਹੀ ਲੱਗ ਸਕੇਗਾ।

Harjeet Sandhu
REALTOR
‘’Serving all your Real Estate needs”
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
Member - Edmonton Real Estate Board, Residential & Commercial Divsion

## ਉਲੰਪੀਅਨ ਪਰਗਟ ਸਿੰਘ ਹੋਣਗੇ ਪੰਜਾਬ ਦੇ ਖੇਡ ਮੰਤਰੀ ?

ਚੰਡੀਗੜ੍ਹ (ਨਦਬ): ਪੰਜਾਬ ਦੇ ਮੰਤਰੀ ਮੰਡਲ ਦੇ ਵਿਸਥਾਰ ਦੀਆਂ ਖ਼ਬਰਾਂ ਪਿਛਲੇ ਕਈ ਮਹੀਨਿਆਂ ਤੋਂ ਆ ਰਹੀਆਂ ਹਨ। ਇਸੇ ਦੌਰਾਨ ਇੱਕ ਅਜਿਹੀ ਖ਼ਬਰ ਆਈ ਹੈ, ਜਿਸ ਤੋਂ ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਜਲੰਧਰ ਤੋਂ ਵਿਧਾਇਕ ਹਾਕੀ ਉਲੰਪੀਅਨ ਪਰਗਟ ਸਿੰਘ ਦਾ ਕੈਬਨਿਟ ਵਿੱਚ ਥਾਂ ਪੱਕਾ ਹੋ ਗਿਆ ਹੈ। ਦਰਅਸਲ, ਕੈਪਟਨ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਟਵੀਟ ਕੀਤਾ ਹੈ ਕਿ ਪੰਜਾਬ ਨੂੰ ਵੱਖਰਾ ਖੇਡ ਮੰਤਰੀ ਦਿੱਤਾ ਜਾਵੇਗਾ। ਇਸ ਤੋਂ ਕਿਆਸਅਰਾਈ ਲਾਈ ਜਾ ਰਹੀ ਹੈ ਕਿ ਪਰਗਟ ਸਿੰਘ ਪੰਜਾਬ ਦੇ ਆਉਣ ਵਾਲੇ ਖੇਡ ਮੰਤਰੀ ਹੋ ਸਕਦੇ ਹਨ। ਕੁਝ ਸਮਾਂ ਪਹਿਲਾਂ ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਵੀ ਪਰਗਟ ਸਿੰਘ ਲਈ ਲਾਮਬੰਦੀ ਕਰ ਚੁੱਕੇ ਹਨ। ਸਿੱਧੂ ਨੇ ਵੀ ਪਰਗਟ ਸਿੰਘ ਲਈ ਖੇਡ ਮੰਤਰੀ ਦਾ ਅਹੁਦਾ ਮੰਗਿਆ ਸੀ।

## ਉਪਿੰਦਰ ਨਾਥ ਅਸ਼ਕ ਦੀ ਕਹਾਣੀ

# ਦੂਲੋ

ਅੱਜ ਅਚਾਨਕ ਇਕ ਪ੍ਰਸ਼ਨ ਪੈਦਾ ਹੋ ਗਿਆ ਹੈ।

ਉਸ ਵੇਲੇ ਜਦੋਂ ਮੈਂ ਆਪਣੀ ਬੈਠਕ ਵਿਚ ਆਪਣੇ ਡੇਢ ਸਾਲ ਦੇ ਬੱਚੇ ਨੂੰ ਖਿਡਾ ਰਿਹਾ ਸੀ ਅਤੇ ਖਿੜਕੀ ਦੇ ਬਾਹਰ ਜਿੱਥੇ ਸਾਡੀ ਗਾਂ ਖੜ੍ਹੀ ਸੀ, ਇਸ ਤੋਂ ਪਰ੍ਹੇ ਟੁੱਟੀ-ਭੱਜੀ ਮੰਜੀ ਉਤੇ ਬੈਠੇ ਇਕ ਬੁੱਢੇ ਨੇ ਆਪਣੀ ਪਤਨੀ ਦੇ ਕੁੱਝ ਕਹਿਣ ’ਤੇ ਸਿਰ ਉਤੇ ਦੁਹੱਥੜ ਮਾਰ ਕੇ ਕਿਹਾ, “ਚੰਗਾ, ਚੰਗਾ।” ਮੈਂ ਬੱਚੇ ਨੂੰ ਖਿਡਾਉਣਾ ਭੁੱਲ ਗਿਆ। ਬੱਚਾ ਰੋ ਪਿਆ ਤੇ ਮੇਰੀ ਪਤਨੀ ਦੁੱਧ ਚੋਂਦੀ ਚੋਂਦੀ ਮੇਰੇ ਵੱਲ ਲਾਲ ਪੀਲੀਆਂ ਅੱਖਾਂ ਨਾਲ ਦੇਖਣ ਲੱਗੀ।

ਸ਼ਾਮ ਦਾ ਵੇਲਾ ਹੈ ਅਤੇ ਗਰਮੀ ਦੀ ਰੁੱਤ। ਦਿਨ ਭਰ ਦੀ ਗਰਮੀ ਤੋਂ ਤੰਗ ਹੋਏ ਲਗਭਗ ਸਭ ਲੋਕ ਆਪਣੇ ਕਮਰਿਆਂ ਵਿਚੋਂ ਨਿਕਲ ਕੇ ਛੱਤਾਂ ’ਤੇ ਚਲੇ ਗਏ ਹਨ। ਕਿਤੇ ਫਰਸ਼ਾਂ ’ਤੇ ਛਿੜਕਾ ਕੀਤੇ ਜਾ ਰਹੇ ਹਨ, ਕਿਤੇ ਕੱਪੜਿਆਂ ਨੂੰ ਪਾਣੀ ਦੇ ਛਿੱਟੇ ਮਾਰ ਕੇ ਠੰਢਾ ਕਰ ਰਹੇ ਹਨ ਅਤੇ ਦਿਨ ਭਰ ਦੀ ਧੁੱਪ ਨਾਲ ਮੁਰਝਾਏ ਫੁੱਲਾਂ ਨੂੰ ਗਮਲਿਆਂ ਵਿਚ ਪਾਣੀ ਦਿੱਤਾ ਜਾ ਰਿਹਾ ਹੈ। ਆਦਮੀ ਜਾਂ ਤਾਂ ਅਜੇ ਤਕ ਦੁਕਾਨਾਂ ਤੋਂ ਨਹੀਂ ਆਏ ਜਾਂ ਸੈਰ ਨੂੰ ਬਾਹਰ ਨਿਕਲ ਗਏ ਹਨ। ਇਸਤਰੀਆਂ ਘਰੇਲੂ ਕੰਮਾਂ ਤੋਂ ਵਿਹਲੀਆਂ ਹੋ ਕੇ ਰੋਟੀ ਦਾ ਸਮਾਨ ਛੱਤਾਂ ਉਪਰ ਲਿਜਾਣ ਵਿਚ ਰੁੱਝੀਆਂ ਹਨ। ਥੱਲੇ ਗਰਮੀ ਵਿਚ ਰੋਟੀ ਖਾਣ ਦਾ ਕੀ ਸੁਆਦ? ਉਪਰ ਠੰਢੀ ਹਵਾ ਵਿਚ ਰੋਟੀ ਖਾਵਾਂਗੇ। ਪੁਰੇ ਦੀ ਠੰਢੀ ਠੰਢੀ ਹਵਾ ਦੇ ਬੁੱਲਿਆਂ ਦਾ ਸੁਆਦ ਮਾਣਾਂਗੇ। ਅੱਜ ਗਰਮੀ ਵੀ ਲੋਹੜੇ ਦੀ ਪਈ ਹੈ, ਸ਼ਾਇਦ ਹਵਾ ਰਾਤ ਨੂੰ ਚੱਲੇ। ਫਿਰ ਵੀ ਆਸ ਤਾਂ ਨਹੀਂ ਪਰ ਉਹ ਬੁੱਢਾ ਤੇ ਉਸ ਦੀ ਪਤਨੀ ਨੇ ਇਸ ਅਤਿ ਦੀ ਗਰਮੀ ਵਿਚ ਵੀ ਹੇਠਾਂ ਗਲੀ ਵਿਚ ਜਿਥੇ ਦਿਨ ਭਰ ਧੁੱਪ ਦਾ ਰਾਜ ਰਿਹਾ, ਜਿਥੇ ਆਲੇ ਦੁਆਲੇ ਗਾਈਆਂ ਤੇ ਮੱਝਾਂ ਬੰਨ੍ਹੀਆਂ ਹੋਈਆਂ ਹਨ, ਜਿਥੇ ਨਾਲੀਆਂ ਵਿਚੋਂ ਬਦਬੂ ਆ ਰਹੀ ਹੈ, ਦੋ ਮੰਜੇ ਡਾਹੇ ਹੋਏ ਹਨ। ਮੰਜੇ ’ਤੇ ਇਸ ਗਰਮੀ ਦੀ ਰੁੱਤ ਵਿਚ ਵੀ ਗਦੈਲਾ ਵਿਛਿਆ ਹੋਇਆ ਹੈ ਜਿਹੜਾ ਗਲਿਆ ਸੜਿਆ ਤੇ ਮੈਲਾ ਕੁਚੈਲਾ ਹੈ। ਸ਼ਾਇਦ ਇਸ ਨੂੰ ਕੋਈ ਚੰਗੀ ਜਿਹੀ ਚਾਦਰ ਨਹੀਂ ਮਿਲੀ ਜਾਂ ਇਸ ਮੈਲੇ ਕੁਚੈਲੇ ਗਦੈਲੇ ਲਈ ਘਰ ਵਿਚ ਹੋਰ ਕੋਈ ਥਾਂ ਨਹੀਂ। ਇਹ ਬੁੱਢਾ ਆਦਮੀ ਕੁੱਬਾ ਹੈ। ਅੱਖਾਂ ’ਤੇ ਬਹੁਤ ਪੁਰਾਣੀ ਅਤੇ ਫਰੇਮ ਟੁੱਟਣ ਕਾਰਨ ਧਾਗਿਆਂ ਨਾਲ ਬੰਨ੍ਹੀ ਹੋਈ ਐਨਕ ਹੈ। ਦਾੜ੍ਹੀ ਵਧੀ ਹੋਈ ਹੈ ਤੇ ਸਿਰ ਉਤੇ ਮਲਮਲ ਦੀ ਗੋਲ ਜਿਹੀ ਮੈਲੀ ਟੋਪੀ ਹੈ, ਸਰੀਰ ਨੰਗਾ ਹੈ ਤੇ ਤੇੜ ਮੈਲਾ ਜਿਹਾ ਡੇਢ ਕੁ ਗਜ਼ ਦਾ ਪਰਨਾ। ਇਸ ਦੀ ਪਤਨੀ ਬੁੜ ਬੁੜ ਕਰਦੀ ਮੰਜੇ ’ਤੇ ਜਾ ਕੇ ਬੈਠ ਗਈ ਹੈ ਅਤੇ ਹੌਲੀ ਹੌਲੀ ਉਸ ਨੂੰ ਗਾਲ੍ਹਾਂ ਕੱਢ ਰਹੀ ਹੈ। ਇਸ ਦੇ ਮੰਜੇ ’ਤੇ ਫਟੀ ਪੁਰਾਣੀ ਦਰੀ ਅਤੇ ਬਦਬੂ ਮਾਰਦੀ ਚਾਦਰ ਵਿਛੀ ਹੈ।

ਦੋਹਾਂ ਵਿਚ ਕਿਸ ਗੱਲ ’ਤੇ ਝਗੜਾ ਹੋਇਆ ਹੈ, ਇਹ ਮੈਨੂੰ ਪਤਾ ਨਹੀਂ ਪਰ ਕੋਈ ਇਹੋ ਜਿਹੀ ਹੀ ਗੱਲ ਹੋਈ ਹੋਵੇਗੀ। ਬੁੱਢੇ ਨੂੰ ਤ੍ਰੇਹ ਲੱਗੀ ਹੋਵੇਗੀ। ਉਹ ਬਿਮਾਰ ਹੈ, ਚੱਲ-ਫਿਰ ਨਹੀਂ ਸਕਦਾ। ਇਸ ਨੇ ਅਪਣੀ ਪਤਨੀ ਨੂੰ ਖੂਹ ਤੋਂ ਪਾਣੀ ਲਿਆਉਣ ਲਈ ਕਿਹਾ ਹੋਵੇਗਾ ਅਤੇ ਪਤਨੀ ਨੇ ਉਤਰ ਦਿਤਾ ਹੋਵੇਗਾ, “ਤੈਨੂੰ ਸਾਰਾ ਦਿਨ ਤ੍ਰੇਹ ਲੱਗੀ ਰਹਿੰਦੀ ਹੈ। ਮੈਨੂੰ ਘੱਟ ਦਿਸਦਾ ਹੈ। ਕਿਵੇਂ ਲਿਆਵਾਂ? ਤੂੰ ਆਪ ਕਿਉਂ ਹਿੰਮਤ ਨਹੀਂ ਕਰਦਾ?” ਸ਼ਾਇਦ ਇਸ ਤੋਂ ਗੁੱਸੇ ਹੋ ਕੇ “ਚੰਗਾ-ਚੰਗਾ” ਕਹਿੰਦਿਆਂ ਉਹਨੇ ਆਪਣਾ ਸਿਰ ਪਿੱਟ ਲਿਆ ਹੈ। ਸ਼ਾਇਦ ਮੇਰਾ ਖਿਆਲ ਠੀਕ ਹੈ ਕਿਉਂਕਿ ਖੂਹ ’ਤੇ ਪਾਣੀ ਭਰਨ ਵਾਲੇ ਨੂੰ ਆਵਾਜ਼ ਮਾਰ ਕੇ ਬੁੱਢੇ ਨੇ ਪਾਣੀ ਮੰਗਿਆ ਹੈ ਅਤੇ ਗਟਾ ਗਟ ਦੋ ਗਲਾਸ ਪੀ ਕੇ ਲਿਟ ਗਿਆ ਹੈ। ਸ਼ਾਇਦ ਉਸ ਨੇ ਠੰਢਾ ਹਉਕਾ ਵੀ ਭਰਿਆ ਹੈ।

ਅੱਜ ਕੱਲ੍ਹ ਜਦੋਂ ਸਾਰੇ ਘਰਾਂ ਵਿਚ ਬਰਫ਼ ਤੋਂ ਬਿਨਾਂ ਪਾਣੀ ਦੀ ਇਕ ਘੁੱਟ ਵੀ ਹਲਕ ਤੋਂ ਥੱਲੇ ਨਹੀਂ ਜਾਂਦੀ, ਜਿਥੇ ਦਿਨ ਰਾਤ ਲੱਸੀ ਤੇ ਸ਼ਰਬਤ ਦਾ ਰੌਲਾ ਪਿਆ ਰਹਿੰਦਾ ਹੈ, ਜਦੋਂ ਕੁਝ ਘਰਾਂ ਵਿਚ ਬਦਾਮਾਂ ਦੀ ਸ਼ਰਦਾਈ ਵੀ ਹੁੰਦੀ ਹੈ, ਜਦੋਂ ਗਰਮੀ ਦੇ ਮਾਰੇ ਗਲ ਸੁੱਕ ਸੁੱਕ ਜਾਂਦਾ ਹੈ, ਇਹ ਵਿਚਾਰਾ ਤ੍ਰੇਹ ਦਾ ਨਾਂ ਵੀ ਨਹੀਂ ਲੈ ਸਕਦਾ। ਪਤਨੀ ਦੇ ਪਾਣੀ ਨਾ ਦੇਣ ’ਤੇ ਕਿਸੇ ਬਿਗਾਨੇ ਦੇ ਹੱਥੋਂ ਬਰਫ਼ ਵਾਲਾ ਨਹੀਂ, ਮਿੱਟੀ ਦੀ ਸੁਰਾਹੀ ਜਾਂ ਘੜੇ ਦਾ ਵੀ ਨਹੀਂ, ਕੇਵਲ ਖੂਹ ਦਾ ਸੱਜਰਾ ਪਾਣੀ ਪੀ ਕੇ ਚੁੱਪ ਚਾਪ ਲਿਟ ਗਿਆ ਹੈ।

ਉਹ ਬੁੱਢੀ ਉਹਦੀ ਪਤਨੀ, ਉਹ ਕਿਹੜਾ ਸੁਖੀ ਹੈ। ਅੱਖੋਂ ਲੱਗਭਗ ਅੰਨ੍ਹੀ ਹੈ। ਸੋਟੀ ਸਹਾਰੇ ਚੱਲਣ ਵਾਲੀ, ਕਮਜ਼ੋਰ ਜਿਹੀ, ਫੁਲਬਹਿਰੀ ਕਾਰਨ ਅੱਧੇ ਚਿੱਟੇ ਅਤੇ ਅੱਧੇ ਕਾਲੇ ਮੂੰਹ ਵਾਲੀ, ਆਪਣੇ ਮੰਜੇ ’ਤੇ ਗਮਾਂ ਦੀ ਮਾਰੀ ਬੈਠੀ ਹੈ। ਉਹ ਜੇ ਗਮ ਦਾ ਮਾਰਿਆ ਹੈ ਤਾਂ ਇਹ ਵੀ ਗਮਾਂ ਦੀ ਮਾਰੀ ਹੈ।

ਕੀ ਇਸ ਦੁਨੀਆਂ ਵਿਚ ਇਨ੍ਹਾਂ ਦਾ ਕੋਈ ਨਹੀਂ? ਕੀ ਇਹ ਪਤੀ-ਪਤਨੀ ਬੁਢਾਪੇ ਵਿਚ ਬਿਲਕੁਲ ਇਕੱਲੇ ਹਨ? ਇਨ੍ਹਾਂ ਦਾ ਇਕਲੌਤਾ ਪੁੱਤਰ ਹੁਣੇ ਹੀ ਇਨ੍ਹਾਂ ਦੇ ਕੋਲ ਦੀ ਲੰਘ ਕੇ ਇਸ ਤਿੰਨ ਮੰਜ਼ਲੀ ਹਵੇਲੀ ਦੀ ਛੱਤ ਉਤੇ, ਜਿਸ ਦੇ ਬੂਹੇ ਸਾਹਮਣੇ ਮੰਜੇ ਡਾਹੀ ਪਏ ਹਨ, ਆਪਣੇ ਠੰਢੇ ਬਿਸਤਰੇ ਉਤੇ ਜਾ ਲੇਟਿਆ ਹੈ। ਉਸ ਦੀ ਪੁੱਤਰੀ ਇਸ ਨੂੰ ਪੱਖਾ ਝੱਲ ਰਹੀ ਹੈ ਤੇ ਉਸ ਦੀ ਪਤਨੀ ਪੈਰ ਘੁੱਟ ਰਹੀ ਹੈ।

“ਤ੍ਰੇਹ ਲੱਗੀ ਐ।”

ਦੋਵੇਂ ਮਾਂ ਧੀ ਭੱਜ ਪਈਆਂ ਹਨ। ਛੋਟਾ ਪੁੱਤਰ ਬਰਫ਼ ਲੈਣ ਭੱਜ ਗਿਆ ਹੈ।

“ਸਰਬਤ ਲਿਆਵਾਂ ਜਾਂ ਕੁੱਝ ਹੋਰ”, ਪਤਨੀ ਨੇ ਪੁੱਛਿਆ।

“ਜੋ ਮਰਜ਼ੀ ਲੈ ਆ, ਪਰ ਛੇਤੀ।”

ਸ਼ਰਦਾਈ ਰਗੜਨ ਲੱਗੀ ਹੈ। ਬੁੱਢੇ ਨੂੰ ਸ਼ਾਇਦ ਫਿਰ ਤ੍ਰੇਹ ਲੱਗ ਗਈ ਹੈ। ਉਸ ਨੇ ਜੀਭ ਬੁੱਲ੍ਹਾਂ ’ਤੇ ਫੇਰੀ ਹੈ ਤੇ ਲੰਬਾ ਸਾਹ ਲੈ ਕੇ ਪਾਸਾ ਲਿਆ ਹੈ।

—

ਦੂਲੋ ਨਾਲ ਮੇਰਾ ਮਿਲਾਪ ਪਹਿਲਾਂ ਪਹਿਲ ਨਾਚ ਮਹਿਫ਼ਿਲ ਵਿਚ ਹੋਇਆ ਸੀ। ਉਦੋਂ ਪਤਾ ਨਹੀਂ ਮੈਂ ਕਿਹੜੀ ਸ਼੍ਰੇਣੀ ਵਿਚ ਪੜ੍ਹਦਾ ਸਾਂ। ਬਹੁਤ ਛੋਟਾ ਸਾਂ। ਸ਼ਾਇਦ ਪੜ੍ਹਨ ਲਈ ਸਕੂਲ ਜਾਣ ਵਾਸਤੇ ਮੈਂ ਕੁਝ ਮਹੀਨੇ ਉਡੀਕ ਕਰਨੀ ਸੀ। ਰਾਤ ਨੂੰ ਗੈਸ ਦੇ ਚਾਨਣ ਵਿਚ ਮੁਹੱਲੇ ਦਾ ਕੋਨਾ ਕੋਨਾ ਚਮਕ ਰਿਹਾ ਸੀ। ਵਿਚਕਾਰ ਵੱਡੀ ਦਰੀ ਵਿਛੀ ਹੋਈ ਸੀ। ਇਸ ਉਤੇ ਚਿੱਟੀਆਂ ਚਾਦਰਾਂ ਤੇ ਇਕ ਸੁੰਦਰ ਗਲੀਚਾ। ਮੁਹੱਲੇ ਦਾ ਕੋਈ ਹੀ ਅਜਿਹਾ ਪੁਰਸ਼ ਹੋਵੇਗਾ ਜਿਹੜਾ ਮੁਜਰਾ ਦੇਖਣ ਨਾ ਆਇਆ ਹੋਵੇ। ਦੋ ਨਾਜ਼ੁਕ ਜਿਹੀਆਂ ਨਾਚੀਆਂ ਮਜ਼ੇ ਨਾਲ ਪਾਨ ਚੱਬ ਰਹੀਆਂ ਸਨ। ਗੱਲ ਗੱਲ ’ਤੇ ਹਵਾ ਵਾਂਗ ਵਲ ਖਾ ਜਾਣ ਵਾਲੀਆਂ, ਮੁਸਕਾਨਾਂ ਨਾਲ ਦਰਸ਼ਕਾਂ ਦੇ ਦਿਲਾਂ ਵਿਚ ਧੜਕਣ ਪੈਦਾ ਕਰ ਦੇਣ ਵਾਲੀਆਂ ਅਤੇ ਇਨ੍ਹਾਂ ਦੇ ਪਿੱਛੇ ਬੈਠੇ ਸੀ ਉਸਤਾਦ ਜੀ, ਸਾਰੰਗੀ ਫੜੀ ਅਤੇ ਤਬਲਚੀ ਤੇ ਹਾਰਮੋਨੀਅਮ ਮਾਸਟਰ ਗੱਲ ਗੱਲ ’ਤੇ ‘ਜੀ ਹਜ਼ੂਰ’ ਕਹਿ ਕੇ ਝੁਕ ਜਾਣ ਵਾਲੇ; ਗੱਲ ਗੱਲ ’ਤੇ ਹਾਸਾ ਮਖੌਲ ਕਰਨ ਵਾਲੇ; ਖੁਸ਼ ਮਜਾਜ਼, ਤੇ ਦਰਸ਼ਕ ਬੁੱਤ ਬਣੇ ਬੈਠੇ ਸਨ। ਪਰੀਆਂ ਵਰਗੀਆਂ ਇਨ੍ਹਾਂ ਨਾਚੀਆਂ ਜਿਨ੍ਹਾਂ ਦੀ ਸ਼ਰਮ ਬਨਾਉਟੀ ਸੀ, ਜਿਨ੍ਹਾਂ ਦੀ ਮੁਸਕਾਨ ਸ਼ੋਖ ਸੀ ਅਤੇ ਜਿਨ੍ਹਾਂ ਦੀਆਂ ਅੱਖਾਂ ਬਿਜਲੀ ਵਾਂਗ ਚੰਚਲ ਸਨ, ਨੂੰ ਦੇਖਣ ਵਿਚ ਲੋਕ ਖੁੱਭੇ ਹੋਏ ਸਨ।

ਗੈਸ ਦੁਆਲੇ ਬਹੁਤ ਸਾਰੇ ਭੰਮੱਕੜ ਇਕੱਠੇ ਹੋ ਗਏ ਸਨ। ਮੈਂ ਆਪਣੇ ਘਰ ਦੇ ਬਨੇਰੇ ’ਤੇ, ਜਿਹੜਾ ਹੁਣ ਦੁਮੰਜ਼ਲਾ ਬਣ ਗਿਆ ਹੈ, ਬੈਠਾ ਇਨ੍ਹਾਂ ਨੂੰ ਦੇਖਣ ਵਿਚ ਮਗਨ ਸੀ। ਮੈਂ ਕਈ ਵਾਰ ਯਤਨ ਕੀਤਾ ਕਿ ਉਹ ਸੁੰਦਰ ਜਿਹੀ ਹੁਸੀਨਾ ਮੇਰੇ ਵੱਲ ਵੀ ਦੇਖੇ ਪਰ ਮੇਰੇ ਯਤਨ ਅਸਫ਼ਲ ਰਹੇ। ਇਸ ਲਈ ਮੈਨੂੰ ਉਸ ਨਾਲ ਘਿਰਣਾ ਹੋ ਗਈ। ਮੈਂ ਭੰਮੱਕੜਾਂ ਵੱਲ ਦੇਖਣ ਲੱਗ ਪਿਆ। ਮੈਨੂੰ ਯਾਦ ਹੈ, ਇਸ ਵੇਲੇ ਵੀ ਮੇਰੇ ਦਿਲ ਵਿਚ ਖਿਆਲ ਆਉਂਦਾ ਹੈ ਕਿ ਉਨ੍ਹਾਂ ਤਮਾਸ਼ਬੀਨਾਂ ਅਤੇ ਭੰਮੱਕੜਾਂ ਵਿਚ ਕੀ ਅੰਤਰ ਹੈ? ਦੋਵੇਂ ਕੁਰਬਾਨ ਹੋ ਰਹੇ ਸਨ, ਉਨ੍ਹਾਂ ’ਤੇ ਜਿਨ੍ਹਾਂ ਨੂੰ ਇਨ੍ਹਾਂ ਦੀ ਕੁਰਬਾਨੀ ਦਾ ਕੋਈ ਅਹਿਸਾਸ ਹੀ ਨਹੀਂ ਸੀ।

ਛਨਣ ਛਨਾ ਛਣ ਛਨਣ

ਇਸ ਖ਼ਾਸ ਤਰ੍ਹਾਂ ਦੀ ਆਵਾਜ਼ ਨੇ ਮੇਰਾ ਧਿਆਨ ਖਿੱਚ ਲਿਆ। ਮੈਂ ਨਿਗ੍ਹਾ ਉਪਰ ਕੀਤੀ। ਉਹ ਸੁੰਦਰੀ ਪੁਤਲੀ ਵਾਂਗ ਦਰੀ ’ਤੇ ਥਿਰਕ ਰਹੀ ਸੀ। ਪੁਤਲੀ ਵਰਗੀ, ਨਾਜ਼ੁਕ ਜਿਹੀ, ਸੁੰਦਰ ਜਿਹੀ। ਅੱਜ ਵੀ ਜਦ ਇਸ ਘਟਨਾ ਨੂੰ ਕਈ ਸਾਲ ਬੀਤ ਗਏ ਹਨ, ਮੇਰੇ ਸਾਹਮਣੇ ਇਸ ਦੀ ਸੂਰਤ ਉਸੇ ਤਰ੍ਹਾਂ ਥਿਰਕ ਰਹੀ ਹੈ। ਉਸੇ ਤਰ੍ਹਾਂ ਆਪਣੀਆਂ ਨਾਜ਼ੁਕ ਅਦਾਵਾਂ ਨਾਲ ਆਪਣੇ ਦਰਸ਼ਕਾਂ ਨੂੰ ਘਾਇਲ ਕਰ ਰਹੀ ਹੈ।

ਇਹ ਬਹੁਤ ਦੇਰ ਤਕ ਹੁੰਦਾ ਰਿਹਾ, ਇਸ ਦੀ ਮਨਮੋਹਣੀ ਆਵਾਜ਼ ਕਈ ਵਾਰ ਵਾਤਾਵਰਨ ਵਿਚ ਗੂੰਜੀ। ਇਸ ਨੇ ਗਾਇਆ ਵੀ, ਪਰ ਮੈਨੂੰ ਨਹੀਂ ਪਤਾ ਇਸ ਨੇ ਕੀ ਗਾਇਆ। ਕੋਈ ਉਸ ਸਮੇਂ ਦਾ ਹਰਮਨ ਪਿਆਰਾ ਗੀਤ ਹੋਵੇਗਾ। ਅੱਜ ‘ਮੁਜਰਾ’ ਹੁੰਦਾ ਤਾਂ ‘ਯਾ ਅੱਲਾ ਮਿਟ ਜਾਏ ਦਰਦੇ ਦਿਲ’ ਵਰਗੀ ਕੋਈ ਗ਼ਜ਼ਲ ਗਾਈ ਹੁੰਦੀ ਪਰ ਪਤਾ ਨਹੀਂ ਉਸ ਸਮੇਂ ਕਿਹੜੀ ਗਜ਼ਲ ਮਸ਼ਹੂਰ ਸੀ ਅਤੇ ਕਿਹੜੀ ਗਾਈ ਸੀ। ਐਨਾ ਕੁ ਯਾਦ ਹੈ ਕਿ ਉਸ ਦੀ ਆਵਾਜ਼ ਬਹੁਤ ਸੁਰੀਲੀ ਸੀ। ਬਹੁਤ ਹੀ ਮਨਮੋਹਣੀ, ਨੀਂਦ ਜਿਹੀ ਲਿਆ ਦੇਣ ਵਾਲੀ। ਮੈਨੂੰ ਕਈ ਵਾਰੀ ਨੀਂਦ ਦਾ ਝੌਂਕਾ ਜਿਹਾ ਆ ਗਿਆ ਪਰ ਜਦੋਂ ਅੱਖ ਖੁੱਲ੍ਹੀ, ਉਹਨੂੰ ਗਾਉਂਦਿਆਂ, ਨੱਚਦਿਆਂ ਤੇ ਮੁਸਕਰਾਉਂਦਿਆਂ ਦੇਖਿਆ। ਉਸਤਾਦ ਨੂੰ ਉਸ ਦੇ ਨਾਜ਼ੁਕ ਹੱਥੋਂ ਦੋ ਪੈਸੇ ਲੈ ਕੇ ਸਿਤਾਰ ਦੇ ਮੂੰਹ ਵਿਚ ਪਾਉਂਦੇ ਦੇਖਿਆ। ਫਿਰ ਪਤਾ ਨਹੀਂ ਕਦੋਂ ਨੀਂਦ ਆਉਣ ਲੱਗੀ। ਜਦੋਂ ਉਠਿਆ ਤਾਂ ਆਪਣੇ ਬਿਸਤਰੇ ’ਤੇ ਪਿਆ ਸੀ। ਸਿਰ ਦਰਦ ਕਰ ਰਿਹਾ ਸੀ ਪਰ ਇਸ ਦੀ ਬਿਨਾਂ ਪਰਵਾਹ ਕੀਤਿਆਂ ਭੱਜ ਕੇ ਬਨੇਰੇ ’ਤੇ ਗਿਆ। ਨਾ ਉਹ ਰੋਸ਼ਨੀ ਸੀ ਤੇ ਨਾ ਉਹ ਮਹਿਫਿਲ। ਸ਼ਾਮਿਆਨਾ ਅਜੇ ਸੀ। ਸ਼ਾਇਦ ਰਾਤ ਦੇ ਸੁੰਦਰ ਸੁਪਨੇ ਦੀ ਯਾਦ ਵਿਚ ਅੱਖਾਂ ਬੰਦ ਕਰ ਕੇ ਸੁੱਤਾ ਪਿਆ ਸੀ। ਨਾਚੀਆਂ ਜਾ ਰਹੀਆਂ ਸਨ ਅਤੇ ਸਾਜ਼ੀ ਵੀ ਜਾਣ ਦੀਆਂ ਤਿਆਰੀਆਂ ਵਿਚ ਰੁਝੇ ਹੋਏ ਸਨ। ਮੇਰੀਆਂ ਅੱਖਾਂ ਸਾਹਮਣੇ ਰਾਤ ਦਾ ਦ੍ਰਿਸ਼ ਘੁੰਮ ਰਿਹਾ ਸੀ। ਇਕ ਵਾਰ ਇਸ ਨਾਚੀ ਦੀ ਸੂਰਤ ਵੀ ਅੱਖਾਂ ਸਾਹਮਣੇ ਆਈ, ਪਰ ਇਸ ਦੇ ਨਾਲ ਇਕ ਹੋਰ ਸੂਰਤ ਵੀ ਸੀ। ਇਕ ਅੱਧਖੜ ਉਮਰ ਦੇ ਆਦਮੀ ਦੀ ਸੂਰਤ ਜਿਸ ਦੇ ਗਲ ਵਿਚ ਵਧੀਆ ਮਲਮਲ ਦਾ ਕੁੜਤਾ ਸੀ। ਲੱਕ ’ਤੇ ਪਤਲੀ ਸੁੰਦਰ ਧੋਤੀ ਸੀ। ਕੁੜਤੇ ਉਤੇ ਕੀਮਤੀ ਜਾਕਟ ਅਤੇ ਸਿਰ ਉਤੇ ਲਖਨੌਰੀ ਟੋਪੀ ਸੀ, ਜਿਹੜਾ ਨਾਚੀ ਦੀ ਇਕ ਇਕ ਅਦਾ ’ਤੇ ਰੁਪਏ ਲੁਟਾਈ ਜਾ ਰਿਹਾ ਸੀ। ਇਹ ਦੂਲੋ ਸੀ। ਇਸ ਨੇ ਇਹ ‘ਮੁਜਰਾ’ ਆਪਣੇ ਪੋਤੇ ਦੇ ਜਨਮ ਦਿਨ ’ਤੇ ਕਰਵਾਇਆ ਸੀ।

ਹਾਂ, ਇਹੀ ਦੂਲੋ ਸੀ। ਜਾਤ ਦਾ ਸੁਨਿਆਰ। ਇਸ ਕੋਲ ਧਨ ਬਹੁਤ ਸੀ। ਪੋਤੇ ਦੇ ਜਨਮ ਦਿਨ ਦੀ ਖੁਸ਼ੀ ਇਸ ਨੇ ਮਨਾਈ ਸੀ ਜਿਸ ਦਾ ਚਰਚਾ ਅੱਜ ਵੀ ਘਰ ਘਰ ਹੈ। ਇਸ ਨੇ ਇਸ ਮੁਜਰੇ ’ਤੇ ਖਰਚਾ ਭਾਵੇਂ ਬਹੁਤਾ ਨਾ ਕੀਤਾ ਹੋਵੇ ਪਰ ਨਾਚੀਆਂ ਇਸ ਦੀਆਂ ਆਸਾਮੀਆਂ ਹੋਣ ਕਾਰਨ, ਇਸ ਤੋਂ ਕਦੇ ਕਦੇ ਰੁਪਈਆ ਕਰਜ਼ ਲੈਣ ਕਰ ਕੇ ਪੋਤੇ ਦੀਆਂ ਵਧਾਈਆਂ ਦੇਣ ਬਿਨਾਂ ਬੁਲਾਏ ਹੀ ਆ ਗਈਆਂ ਸਨ। ਫਿਰ ਵੀ ਐਨਾ ਲੈ ਗਈਆਂ ਸੀ ਕਿ ਸੌਦਾ ਕਰਨ ’ਤੇ ਵੀ ਐਨਾ ਨਾ ਮਿਲਦਾ।

ਸੁਣਦੇ ਹਾਂ, ਇਸ ਵਿਚ ਐਬ ਵੀ ਸਨ। ਉਹ ਖਾਣ ਪੀਣ ਵਾਲਾ ਆਦਮੀ ਸੀ। ‘ਖਾਣ ਪੀਣ ਵਾਲਾ’, ਇਹ ਸ਼ਬਦ ਕੁਝ ਬੁਰੇ ਜਿਹੇ ਲਗਦੇ ਹਨ, ਪਰ ਮੇਰੇ ਖਿਆਲ ਵਿਚ ਖਾ ਪੀ ਜਾਣ ਵਾਲੇ ਪੁਰਸ਼ ਜ਼ਿੰਦਗੀ ਦਾ ਸੁਆਦ ਲਏ ਬਿਨਾਂ ਮਰ ਜਾਣ ਵਾਲੇ ਪੁਰਸ਼ਾਂ ਨਾਲੋਂ ਕਿਤੇ ਚੰਗੇ ਹੁੰਦੇ ਹਨ ਪਰ ਸ਼ਾਇਦ ਇਨ੍ਹਾਂ ਦੇ ਲਈ ਬੁਢਾਪਾ ਦੂਜੇ ਪੁਰਸ਼ਾਂ ਨਾਲੋਂ ਬਹੁਤਾ ਦੁਖਦਾਈ ਸਾਬਤ ਹੁੰਦਾ ਹੈ। ਸਦਾਚਾਰੀ ਨੂੰ ਕਿਸੇ ਤਰ੍ਹਾਂ ਦੀ ਬੁਰੀ ਆਦਤ ਨਹੀਂ ਹੁੰਦੀ। ਖਾਣ ਪੀਣ ਦੀ ਚਾਟ ਵੀ ਨਹੀਂ ਹੁੰਦੀ। ਉਹ ਕਿਸੇ ਨਾ ਕਿਸੇ ਤਰ੍ਹਾਂ ਰੋ ਪਿੱਟ ਕੇ ਆਪਣੀ ਜ਼ਿੰਦਗੀ ਦੇ ਦਿਨ ਕੱਟ ਲੈਂਦਾ ਹੈ। ਪਰਸੋਂ ਦੀ ਗੱਲ ਹੈ, ਸਵੇਰੇ ਕੋਈ ਨੌਂ ਵਜੇ ਹੋਣਗੇ। ਮੈਂ ਨਹਾ ਧੋ ਕੇ ਵਿਹਲਾ ਹੋ ਕੇ ਪੁਸਤਕ ਪੜ੍ਹਨ ਬੈਠਿਆ ਸੀ ਕਿ ਮੇਰੇ ਕੰਨਾਂ ਵਿਚ ਮਧਮ ਜਿਹੀ ਆਵਾਜ਼ ਸੁਣਾਈ ਦਿੱਤੀ, “ਬਾਬੂ, ਬਾਬੂ!” ਮੈਂ ਨਜ਼ਰ ਚੁੱਕੀ। ਸਾਹਮਣੇ ਇਕ ਹੱਥ ਵਿਚ ਭਾਂਡਾ ਤੇ ਦੂਜੇ ਵਿਚ ਸੋਟੀ ਲਈ ਦੂਲੋ ਖੜ੍ਹਾ ਸੀ।

“ਕੀ ਗੱਲ ਐ ਬਾਬਾ ਜੀ?”

“ਬਾਬੂ! ਥੋੜ੍ਹੀ ਜਿਹੀ ਲੱਸੀ ਤਾਂ ਲਿਆ ਦੇ।”

ਮੈਂ ਭੱਜ ਕੇ ਉਪਰ ਗਿਆ ਤੇ ਲੱਸੀ ਦਾ ਜੱਗ ਭਰ ਕੇ ਉਸ ਦੇ ਘਰ ਦੇ ਆਇਆ।

ਸਾਰਾ ਦਿਨ ਮੈਂ ਕੰਮ ਨਾ ਕਰ ਸਕਿਆ। ਇਸ ਦੇ ਲੜਕੇ ਦੇ ਇਸ ਵਿਹਾਰ ਨਾਲ ਮੇਰਾ ਦਿਲ ਸੜ ਗਿਆ। ਕੀ ਇਸ ਤੋਂ ਇਹ ਵੀ ਨਹੀਂ ਹੁੰਦਾ ਕਿ ਉਹ ਆਪਣੇ ਮਾਪਿਆਂ ਨੂੰ ਐਨਾ ਕੁ ਸੁਖ ਦੇ ਸਕੇ? ਕੀ ਆਪਣੇ ਮਾਪਿਆਂ ਵਾਸਤੇ ਇਨ੍ਹਾਂ ਦੇ ਘੜੇ ਵਿਚ ਦੋ ਘੁੱਟ ਪਾਣੀ ਵੀ ਨਹੀਂ ਪਾ ਸਕਦੇ? ਸਾਹਮਣੇ ਮੰਜੇ ’ਤੇ ਬੁੱਢੀ ਲੱਛਮੀ ਬੈਠੀ ਸੀ। ਪੁੱਤਰ ਦੀ ਪ੍ਰਾਪਤੀ ਲਈ ਇਸ ਨੇ ਕੀ ਕੀ ਨਹੀਂ ਕੀਤਾ? ਕਿਹੜਾ ਜਾਦੂ ਸੀ ਜੋ ਇਸ ਨੇ ਨਾ ਜਗਾਇਆ ਹੋਵੇ? ਕਿਹੜਾ ਮੰਤਰ ਨਹੀਂ ਫੂਕਿਆ? ਮੈਨੂੰ ਯਾਦ ਐ, ਮੇਰੀ ਪੜਦਾਦੀ ਉਸ ਨੂੰ ਆਪਣੇ ਘਰ ਨਹੀਂ ਆਉਣ ਦਿੰਦੀ ਸੀ। ਬੱਚਿਆਂ ਵਾਲੀਆਂ ਇਸਤਰੀਆਂ ਇਸ ਦਾ ਪਰਛਾਵਾਂ ਨਹੀਂ ਪੈਣ ਦਿੰਦੀਆਂ ਸਨ। ਇਸ ਨੇ ਖੂਹ ਸੁਕਾ ਦਿੱਤੇ ਸਨ। ਸਾਡੇ ਘਰ ਦੇ ਨਾਲ ਲਸੂੜੇ ਦਾ ਰੁੱਖ ਸੀ ਜਿਸ ਕਾਰਨ ਸਾਡੀ ਦਾਦੀ ਲਸੂੜੇ ਵਾਲੀ ਕਹਾਉਂਦੀ ਸੀ। ਕਿਸੇ ਟੂਣੇ ਟਾਮਣੇ ਕਰਨ ਵਾਲੀ ਦੇ ਕਹਿਣ ’ਤੇ ਇਹ ਇਸ ਦੇ ਥੱਲੇ ਨਹਾਤੀ। ਰੁੱਖ ਸੁੱਕ ਗਿਆ। ਇਸ ਨਾਲ ਸਾਡੀ ਪੜਦਾਦੀ ਨੇ ਸਾਰੇ ਮੁਹੱਲੇ ਵਿਚਲੀਆਂ ਇਸਤਰੀਆਂ ਨੂੰ ਇਸ ਦੇ ਡਰਾਉਣੇ ਅਸਰ ਤੋਂ ਸੁਚੇਤ ਕਰ ਦਿੱਤਾ। ਉਹ ਕਹਿੰਦੀ, “ਇਹਦੀ ਕਿਹੜੀ ਗੱਲ ਹੈ, ਪਰਮਾਤਮਾ ਇਸ ਤੋਂ ਬਚਾਵੇ। ਪੰਜਾਂ ਪੀਰਾਂ ਦੇ ਖੂਹ ਵਿਚ ਉਤਰ ਕੇ ਨਹਾਤੀ ਸੀ, ਉਹ ਖੂਹ ਸੁੱਕ ਗਿਆ। ਲਾਲਾਂ ਵਾਲੇ ਦੀ ਬਾਉਲੀ ਇਸ ਕਲਮੂੰਹੀਂ ਦੀ ਭੇਟ ਚੜ੍ਹ ਗਈ। ਹੁਣ ਉਥੇ ਦੇਖਣ ਨੂੰ ਬੂੰਦ ਜਿੰਨਾ ਪਾਣੀ ਵੀ ਨਹੀਂ; ਮੇਰਾ ਲਸੂੜੇ ਦਾ ਰੁੱਖ ਸੁਕਾ ਦਿੱਤਾ। ਇਹ

## ਉਪਿੰਦਰ ਨਾਥ ਅਸ਼ਕ



ਉਪਿੰਦਰ ਨਾਥ ਅਸ਼ਕ (1910–1996) ਦਾ ਜਨਮ ਜਲੰਧਰ ਵਿਚ ਹੋਇਆ। ਉਨ੍ਹਾਂ ਦੇ ਪਿਤਾ ਸਟੇਸ਼ਨ ਮਾਸਟਰ ਸਨ ਅਤੇ ਮਾਤਾ ਧਾਰਮਿਕ ਵਿਚਾਰਾਂ ਅਤੇ ਬੜੇ ਪੁਖ਼ਤਾ ਇਰਾਦੇ ਵਾਲੀ ਸੀ। ਡੀ.ਏ.ਵੀ. ਕਾਲਜ, ਜਲੰਧਰ ਤੋਂ ਇਨ੍ਹਾਂ ਨੇ ਬੀ.ਏ. ਦੀ ਡਿਗਰੀ ਪ੍ਰਾਪਤ ਕੀਤੀ। ਇਨ੍ਹਾਂ ਨੇ ਆਪਣਾ ਸਾਹਿਤਕ ਜੀਵਨ ਉਰਦੂ ਗਜ਼ਲ ਨਾਲ ਸ਼ੁਰੂ ਕੀਤਾ। ਬਾਅਦ ਵਿਚ ਇਹ ਕਹਾਣੀਆਂ, ਡਰਾਮੇ ਅਤੇ ਨਾਵਲ ਲਿਖਦੇ ਰਹੇ। ਉਰਦੂ ਵਿਚ 1926 ਤੋਂ ਲਿਖਣਾ ਸ਼ੁਰੂ ਕਰਨ ਤੋਂ ਬਾਅਦ ਇਨ੍ਹਾਂ ਨੇ 1936 ਤੋਂ ਹਿੰਦੀ ਵਿਚ ਵੀ ਲਿਖਣਾ ਸ਼ੁਰੂ ਕਰ ਦਿੱਤਾ। ਬਾਅਦ ਵਿਚ ਬਹੁਤਾ ਹਿੰਦੀ ਵਿਚ ਹੀ ਲਿਖਦੇ ਰਹੇ ਅਸ਼ਕ ਨੇ 1927 ਵਿਚ ਅਫ਼ਸਾਨਾ ‘ਡਾਚੀ’ ਲਿਖਿਆ ਜੋ ਬਹੁਤ ਮਸ਼ਹੂਰ ਹੋਇਆ। 1945-46 ਵਿਚ ਇਹ ਫ਼ਿਲਮੀ ਦੁਨੀਆਂ ਨਾਲ ਵੀ ਜੁੜੇ ਰਹੇ। ਮੰਟੋ ਦੇ ਮਰਨ ਉਪਰੰਤ ਇਨ੍ਹਾਂ ਨੇ 1955 ਵਿਚ ਜਿਹੜਾ ਲੇਖ ਲਿਖਿਆ, ਉਸ ਦਾ ਸਿਰਲੇਖ ਸੀ ‘ਮੰਟੋ ਮੇਰਾ ਦੁਸ਼ਮਨ’। ਉਹ ਅਦਬ ਬਰਾਏ ਅਦਬ ਦੀ ਬਜਾਏ ਅਦਬ ਬਰਾਏ ਸਮਾਜ ਦੇ ਹਾਮੀ ਸਨ।

ਜਿਸ ਘਰ ਜਾਵੇਗੀ, ਅੱਗ ਲਾਵੇਗੀ।"

ਮੁਹੱਲੇ ਦੀਆਂ ਇਸਤਰੀਆਂ ਇਕ ਬੁੱਢੀ ਦੇ ਮੂੰਹੋਂ ਅਜਿਹੀਆਂ ਗੱਲਾਂ ਸੁਣ ਕੇ ਆਪਣੇ ਬੱਚਿਆਂ ਨੂੰ ਗੋਦੀ ਵਿਚ ਲੁਕੋ ਕੇ ਘਰਾਂ ਨੂੰ ਭੱਜ ਜਾਂਦੀਆਂ, ਕਿਤੇ ਲੱਛਮੀ ਦੀ ਨਿਗ੍ਹਾ ਇਨ੍ਹਾਂ ਉਤੇ ਨਾ ਪੈ ਜਾਵੇ। ਲੱਛਮੀ ਦੇ ਬੱਚੇ ਨਾ ਹੋਣ ਵਾਲੀ ਗੱਲ ਨਹੀਂ ਸੀ। ਹੁੰਦੇ ਤਾਂ ਸਨ ਪਰ ਮਰ ਜਾਂਦੇ ਸਨ। ਕੋਈ ਬਚਦਾ ਨਹੀਂ ਸੀ। ਇਹੋ ਜਿਹੀ ਕਿਹੜੀ ਥਾਂ ਹੈ, ਜਿਥੇ ਕਿਸੇ ਨੇ ਦੱਸਿਆ ਤੇ ਇਹ ਨਾ ਗਈ ਹੋਵੇ। ਇੱਛਾ ਕੁੰਡ ਇਹ ਗਈ, ਪੂਰਨ ਦੇ ਖੂਹ 'ਤੇ ਨਹਾਤੀ। ਤਦ ਜਾ ਕੇ ਕਿਤੇ ਇਹ ਪੁੱਤਰ ਮਿਲਿਆ। ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰੇ ਜਾਣ ਤੋਂ ਪਿੱਛੋਂ ਪੈਦਾ ਹੋਇਆ ਸੀ। ਗੁਰਾਂ ਦਿੱਤਾ ਨਾਂ ਰੱਖ ਦਿੱਤਾ ਗਿਆ। ਇਕ ਗੁੱਜਰੀ ਦੀ ਸਹਾਇਤਾ ਲਈ ਗਈ। ਡਰ ਦੇ ਮਾਰਿਆਂ ਕੋਈ ਖੁਸ਼ੀ ਨਹੀਂ ਮਨਾਈ ਤਾਂ ਕਿ ਕਿਤੇ ਮੌਤ ਨੂੰ ਇਹ ਖੁਸ਼ੀ ਬੁਰੀ ਨਾ ਲੱਗ ਜਾਵੇ। ਦੂਲੋ ਜਦੋਂ ਆਪਣੇ ਪੋਤੇ ਦੇ ਜਨਮ ਦਿਨ ਦੀ ਖੁਸ਼ੀ ਮਨਾ ਰਿਹਾ ਸੀ ਤਾਂ ਕੌਣ ਜਾਣਦਾ ਸੀ ਕਿ ਉਹ ਆਪਣੇ ਪੁੱਤਰ ਦੇ ਜਨਮ ਦੀ ਖੁਸ਼ੀ ਦਾ ਚਾਅ ਪੂਰਾ ਕਰ ਰਿਹਾ ਸੀ!

ਉਹੀ ਦੂਲੋ ਅਤੇ ਉਹੀ ਲੱਛਮੀ ਇਸੇ ਲੜਕੇ ਦੇ ਹੱਥੋਂ ਅੱਜ ਜਿਉਂਦੇ ਜੀਅ ਮੌਤ ਦੇ ਮੂੰਹ ਵਿਚ ਧੱਕੇ ਜਾ ਰਹੇ ਸਨ।

ਦੂਲੋ ਦਾ ਕਸੂਰ ਕੀ ਸੀ? ਇਹੀ ਨਾ ਕਿ ਇਸ ਨੇ ਆਪਣੇ ਖ਼ੂਨ ਨਾਲ ਪਾਲੇ ਆਪਣੇ ਪੁੱਤਰ ਨੂੰ ਆਪਣੇ ਜਿਉਂਦੇ ਜੀਅ ਘਰ ਦਾ ਮੁਖਤਿਆਰ ਬਣਾ ਦਿੱਤਾ ਸੀ। ਉਸ ਨੂੰ ਭਰੋਸਾ ਸੀ ਕਿ ਉਸ ਦਾ ਪੁੱਤਰ ਜਿਸ ਨੂੰ ਉਸ ਨੇ ਸਭ ਕੁਝ ਸੌਂਪ ਦਿੱਤਾ ਸੀ, ਇਸ ਦੇ ਬੁਢਾਪੇ ਵਿਚ ਜਦ ਇਸ ਜ਼ਿੰਦਗੀ ਦੀ ਖਿੱਚ ਧੂਹ ਤੋਂ ਥੱਕਿਆ ਹੋਇਆ ਤੇ ਸਰੀਰਕ ਆਰਾਮ ਲਈ ਆਸਰਾ ਲੋੜੇਗਾ ਤਾਂ ਇਸ ਨੂੰ ਸੁੱਖ ਦੇਵੇਗਾ। ਇਸ ਦਾ ਖਿਆਲ ਕਿੰਨਾ ਖੋਖਲਾ ਸੀ, ਬੇਅਰਥ ਸੀ; ਇਸ ਦਾ ਇਸ ਨੂੰ ਛੇਤੀ ਹੀ ਪਤਾ ਲੱਗ ਗਿਆ।

ਅਮਰ ਕੌਰ ਇਸ ਦੀ ਨੂੰਹ ਦਾ ਨਾਂ ਸੀ। ਗੁਰਾਂ ਦਿੱਤਾ ਦੀ ਪਹਿਲੀ ਪਤਨੀ ਵਿਚਾਰੀ ਚੰਗੀ ਸੀ। ਸੁੰਦਰ ਸੀ, ਪੜ੍ਹੀ ਲਿਖੀ ਸੀ, ਸਲੀਕੇ ਵਾਲੀ ਪਰ ਸੁਣਦੇ ਹਾਂ ਕਿ ਪਰਮਾਤਮਾ ਨੂੰ ਚੰਗੇ ਮਰਦ ਔਰਤਾਂ ਦੀ ਲੋੜ ਹੈ। ਭਲੇ ਲੋਕ ਛੇਤੀ ਮਰ ਜਾਂਦੇ ਹਨ। ਦੂਜਾ ਵਿਆਹ ਹੋਇਆ ਤਾਂ ਸ੍ਰੀਮਤੀ ਅਮਰ ਕੌਰ ਆ ਗਈ। ਚਿਹਰਾ ਸੁੰਦਰ, ਮੂੰਹ ਦੀ ਮਿੱਠੀ, ਮਨ ਦੀ ਕੌੜੀ। ਮੂੰਹ ਵਿਚ ਰਾਮ ਰਾਮ ਬਗਲ ਵਿਚ ਛੁਰੀ। ਉਹ ਅਜਿਹੀ ਬਣੀ ਕਿ ਸੱਸ-ਸਹੁਰੇ ਦੇ ਮਨ ਮੋਹ ਲਏ। ਗੱਲਾਂ ਗੱਲਾਂ ਵਿਚ ਸਭ ਕੁਝ ਪਤੀ ਦੇ ਨਾਂ ਕਰਵਾ ਲਿਆ। ਫਿਰ ਕੀ ਸੀ? ਅਸਲ ਰੰਗ ਉਘੜਨ ਲੱਗਿਆ। ਸੱਸ ਨੂੰਹ ਵਿਚ ਝਗੜਾ ਰਹਿਣ ਲੱਗਿਆ। ਹੌਲੀ ਹੌਲੀ ਲੱਛਮੀ ਹੱਥੋਂ ਸਭ ਕੁਝ ਜਾਂਦਾ ਰਿਹਾ। ਜੋ ਮਾਲਕ ਸੀ, ਭਿਖਾਰੀ ਨਾਲੋਂ ਵੀ ਭੈੜਾ ਹੋ ਗਿਆ। ਦੂਲੋ ਬਿਮਾਰ ਰਹਿਣ ਲੱਗ ਪਿਆ। ਦੁਕਾਨ ਕਰਨ ਦੀ ਵੀ ਹਿੰਮਤ ਨਾ ਰਹੀ। ਘਰ ਵਿਚ ਬੈਠਾ ਰਹਿੰਦਾ ਅਤੇ ਆਪਣੀ ਬੇਇੱਜ਼ਤੀ ਤੋਂ ਦਿਲ ਵਿਚ ਸੜਦਾ ਰਹਿੰਦਾ। ਜਦੋਂ ਸਹਿਣ ਦੀ ਹੱਦ ਪਾਰ ਹੋ ਜਾਂਦੀ ਹੈ ਤਾਂ ਦਿਲ ਦਾ ਗੁੱਸਾ ਅੱਖਾਂ ਰਾਹੀਂ ਨਿਕਲ ਜਾਂਦਾ। ਇਸ ਤੋਂ ਵੱਧ ਕੋਈ ਬੁੱਢਾ ਕਰ ਵੀ ਕੀ ਸਕਦਾ ਸੀ!

ਇਕ ਦਿਨ ਨੂੰਹ-ਸੱਸ ਵਿਚਕਾਰ ਝਗੜਾ ਹੋ ਗਿਆ। ਘਰ ਵਿਚ ਖੀਰ ਬਣੀ ਸੀ ਪਰ ਇਨ੍ਹਾਂ ਲਈ ਨਹੀਂ ਆਈ। ਬੁੱਢਿਆਂ ਦਾ ਚਿੱਤ ਬੱਚਿਆਂ ਵਰਗਾ ਹੋ ਜਾਂਦਾ ਹੈ। ਇਨ੍ਹਾਂ ਦੀਆਂ ਇੱਛਾਵਾਂ ਵੀ ਬੱਚਿਆਂ ਵਰਗੀਆਂ ਹੋ ਜਾਂਦੀਆਂ। ਲੱਛਮੀ ਦੇ ਮੂੰਹੋਂ ਨਿਕਲ ਗਿਆ, "ਤੂੰ ਰੋਟੀ ਦਿੰਨੀ ਐਂ ਕਿ ਐਵੇਂ ਟਾਲਦੀ ਏਂ।" ਬੱਸ ਸ੍ਰੀਮਤੀ ਅਮਰ ਕੌਰ ਨੇ ਅਸਮਾਨ ਸਿਰ 'ਤੇ ਚੁੱਕ ਲਿਆ, "ਮੈਥੋਂ ਰੋਜ਼ ਰੋਜ਼ ਪ੍ਰਸ਼ਾਦ ਅਤੇ ਖੀਰ ਨਹੀਂ ਬਣਾਈ ਜਾਂਦੀ। ਨੀਤ ਤਾਂ ਦੇਖੋ ਕਿੰਨੀ ਹੋਛੀ ਹੋ ਗਈ ਏ। ਬੱਚਿਆਂ ਵਾਂਗ ਮਚਲਦੇ ਨੇ। ਬੱਚੇ ਰੋਂਦੇ ਸੀ, ਰਤਾ ਖੀਰ ਬਣਾ 'ਤੀ ਪਰ ਇਹ ਪਤਾ ਨਹੀਂ ਸੀ ਕਿ ਸੱਤਰ ਸਾਲਾ ਬੱਚੇ ਵੀ ਮਚਲ ਜਾਣਗੇ।" ਗੁਰਾਂ ਦਿੱਤਾ ਆਪਣੀ ਪਤਨੀ ਦੇ ਇਸ਼ਾਰਿਆਂ 'ਤੇ ਨੱਚਦਾ ਸੀ। ਉਸੇ ਦਿਨ ਤੋਂ ਮਾਂ ਬਾਪ ਲਈ ਪੰਦਰਾਂ ਰੁਪਏ ਮਹੀਨਾ ਲਾ ਦਿੱਤਾ ਗਿਆ। ਲੱਛਮੀ ਆਪਣੇ ਕੰਬਦੇ ਹੱਥਾਂ ਅਤੇ ਅੰਨ੍ਹੀਆਂ ਜਿਹੀਆਂ ਅੱਖਾਂ ਨਾਲ ਚੁੱਲ੍ਹਾ ਬਾਲਦੀ ਅਤੇ ਸੜੀਆਂ-ਫੁਕੀਆਂ ਰੋਟੀਆਂ ਪਕਾਉਂਦੀ। ਦੂਲੋ ਖਾਂਦਾ ਅਤੇ ਪਰਮਾਤਮਾ ਦਾ ਸ਼ੁਕਰ ਕਰਦਾ।

ਹੌਲੀ ਹੌਲੀ ਇਹ ਰਕਮ ਘਟ ਕੇ ਦਸ 'ਤੇ ਆ ਗਈ ਪਰ ਅਮਰ ਕੌਰ ਨੂੰ ਇਹ ਦਸ ਰੁਪਏ ਵੀ ਰੜਕਦੇ ਸਨ। ਇਕ ਦਿਨ ਬਹਾਨਾ ਬਣਾਇਆ ਗਿਆ, "ਲੋਕ ਫਟਕਾਰਾਂ ਪਾਉਂਦੇ ਨੇ, ਇਸ ਤੋਂ ਬੁੱਢੇ ਸੱਸ-ਸਹੁਰੇ ਨੂੰ ਰੋਟੀ ਵੀ ਨਹੀਂ ਖਵਾਈ ਜਾਂਦੀ। ਮੈਂ ਹੁਣ ਇਨ੍ਹਾਂ ਨੂੰ ਆਪਣੇ ਹੱਥਾਂ ਨਾਲ ਰੋਟੀ ਖਵਾਵਾਂਗੀ।" ਉਸ ਦਿਨ ਤੋਂ ਦਸ ਰੁਪਏ ਵੀ ਬੰਦ ਕਰ ਦਿੱਤੇ ਗਏ। ਅਮਰ ਕੌਰ ਆਪ ਰੋਟੀ ਪਕਾਵੇਗੀ। ਘਰ ਵਿਚ ਕੀ ਬਣਿਆ ਹੈ, ਕੀ ਨਹੀਂ; ਇਸ ਗੱਲ ਦਾ ਉਨ੍ਹਾਂ ਨੂੰ ਪਤਾ ਨਾ ਲੱਗ ਜਾਵੇ, ਇਸ ਲਈ ਇਨ੍ਹਾਂ ਨੂੰ ਤੀਜ਼ੀ ਮੰਜ਼ਿਲ ਦੀ ਥਾਂ ਵਿਚਕਾਰਲੀ ਮੰਜ਼ਿਲ ਵਿਚ ਰਹਿਣ ਲਈ ਥਾਂ ਦਿੱਤੀ ਗਈ। ਰਸੋਈ ਸਭ ਤੋਂ ਉਪਰਲੀ ਮੰਜ਼ਿਲ 'ਤੇ ਸੀ। ਉਥੋਂ ਗਿਣਤੀ ਵਿਚ ਫੁਲਕੇ ਅਤੇ ਮਿਣੀ-ਤੁਲੀ ਦਾਲ ਸਬਜ਼ੀ ਆਉਣ ਲੱਗੀ। ਜਿਸ ਦਿਨ ਦਾਲ ਸਬਜ਼ੀ ਰਤਾ ਸੁਆਦ ਹੁੰਦੀ, ਉਸ ਦਿਨ ਫਿਰ ਘਰ ਵਿਚ ਲੜਾਈ ਹੁੰਦੀ। ਉਹ ਹੋਰ ਰੋਟੀ ਮੰਗਦੇ ਤਾਂ ਅਮਰ ਕੌਰ ਕਹਿੰਦੀ, "ਮੈਥੋਂ ਹੁਣ ਦੁਬਾਰੇ ਰੋਟੀਆਂ ਨਹੀਂ ਪਕਾਈਆਂ ਜਾਂਦੀਆਂ। ਇਹ ਤਾਂ ਚਾਹੁੰਦੇ ਨੇ ਕਿ ਸਾਰਾ ਦਿਨ ਰੋਟੀਆਂ ਹੀ ਪਕਾਉਂਦੀ ਰਹਾਂ। ਇਹ ਮੈਥੋਂ ਨਹੀਂ ਹੋਣੀ। ਇਨ੍ਹਾਂ ਦੇ ਢਿੱਡ ਐ ਕਿ ਖੂਹ। ਦਸ ਦਸ ਰੋਟੀਆਂ ਖਾ ਜਾਂਦੇ ਨੇ, ਫਿਰ ਵੀ ਸਬਰ ਨਹੀਂ ਹੁੰਦਾ।" ਰੋਜ਼ ਦੀ ਇਸ ਖਿਚ ਖਿਚ ਤੋਂ ਛੁਟਕਾਰਾ ਪਾਉਣ ਲਈ ਗੁਰਾਂ ਦਿੱਤਾ ਨੇ ਫਿਰ ਰੁਪਏ ਨਿਯਤ ਕਰ ਦਿੱਤੇ ਪਰ ਹੁਣ ਗਿਣਤੀ ਅੱਠ ਸੀ। ਇਨ੍ਹਾਂ ਦੇ ਰਹਿਣ ਲਈ ਥਾਂ ਵੀ ਹੇਠਲੀ ਮੰਜ਼ਿਲ 'ਤੇ ਦੋ ਹਨੇਰੀਆਂ ਕੋਠੜੀਆਂ ਵਿਚ ਕਰ ਦਿੱਤੀ ਗਈ। ਫਿਰ ਦੋਵੇਂ ਪਤੀ-ਪਤਨੀ ਗਰਮੀਆਂ ਵਿਚ ਬਾਹਰ ਗਲੀ ਵਿਚ ਸੌਣ ਲੱਗ ਪਏ।

—

ਮੈਂ ਆਪਣੇ ਭਰਾ ਲਈ ਦਵਾਈ ਲੈਣ ਹਕੀਮ ਨਬੀ ਬਖ਼ਸ਼ ਦੀ ਦੁਕਾਨ ਨੂੰ ਜਾ ਰਿਹਾ ਸੀ ਕਿ ਨਾਲ ਦੀ ਗਲੀ ਵਿਚ ਕੁਝ ਰੌਲਾ ਜਿਹਾ ਕੰਨੀਂ ਪਿਆ। ਕੁਝ ਔਰਤਾਂ ਝਗੜ ਰਹੀਆਂ ਸਨ। ਮੇਰਾ ਰਾਹ ਵੀ ਇਧਰੋਂ ਹੀ ਸੀ। ਦੇਖਿਆ ਤਾਂ ਬੁੱਢੀ ਬਿਮਾਰ ਲੱਛਮੀ ਇਨ੍ਹਾਂ ਦੇ ਵਿਚਕਾਰ ਖੜ੍ਹੀ ਸੀ ਅਤੇ ਕੁਝ ਔਰਤਾਂ ਨੇ ਉਹਨੂੰ ਘੇਰਿਆ ਹੋਇਆ ਸੀ। ਧਰਤੀ 'ਤੇ ਕੱਪੜਾ ਵਿਛਿਆ ਹੋਇਆ ਸੀ ਜਿਸ ਉਤੇ ਕੁਝ ਆਟਾ ਪਿਆ ਸੀ। ਮੈਨੂੰ ਸਮਝਦਿਆਂ ਦੇਰ ਨਹੀਂ ਲੱਗੀ। ਸ਼ਾਇਦ ਇਨ੍ਹਾਂ ਨੂੰ ਆਖਰ ਭੈੜੀ ਕਿਸਮਤ ਨੇ ਬਿਲਕੁਲ ਬੇਆਸਰਾ ਕਰ ਦਿੱਤਾ ਸੀ। ਦੋ ਤਿੰਨ ਦਿਨ ਦੇ ਭੁੱਖੇ ਸਨ। ਅਮਰ ਕੌਰ ਨੇ ਇਨ੍ਹਾਂ ਨੂੰ ਖਾਣ ਲਈ ਕੁਝ ਨਹੀਂ ਦਿੱਤਾ ਸੀ। ਪੈਸੇ ਵੀ ਨਹੀਂ। ਭੁੱਖ ਬੇਚੈਨ ਕਰ ਦਿੰਦੀ ਹੈ, ਪਰ ਪੈਰਾਂ ਦੀ ਬੇੜੀ ਬਣ ਜਾਂਦੀ ਹੈ।

ਆਖਰ ਜਦੋਂ ਦੇਵੀ ਜੀ ਕਿਸੇ ਤਰ੍ਹਾਂ ਵੀ ਨਾ ਪੰਘਰੀ ਤਾਂ ਲੱਛਮੀ ਜਿਸ ਦੇ ਪੈਰਾਂ ਵਿਚ ਕਦੇ ਲੱਛਮੀ ਖੇਡਦੀ ਸੀ, ਢਿੱਡ ਦੀ ਅੱਗ ਬੁਝਾਉਣ ਲਈ ਘਰੋਂ ਨਿਕਲੀ। ਉਹ ਇਸ ਮੁਹੱਲੇ ਵਿਚ ਆਪਣੇ ਭਾਈਚਾਰੇ ਕੋਲ ਆਈ, ਪਰ ਭਾਈਚਾਰਾ ਹੋਵੇ ਜਾਂ ਕੋਈ ਹੋਰ; ਬੇ-ਸਹਾਰਿਆਂ ਦੀ ਸਾਰ ਕੌਣ ਲੈਂਦਾ ਹੈ? ਉਨ੍ਹਾਂ ਨੇ ਇਸ ਦਾ ਮਖੌਲ ਉਡਾਇਆ। ਇਕ ਨੇ ਕੱਪੜਾ ਵਿਛਾ ਦਿੱਤਾ ਅਤੇ ਇਕ ਇੱਜ਼ਤਦਾਰ ਦੀ ਇੱਜ਼ਤ ਤੋਂ ਪਰਦਾ ਚੁੱਕਿਆ ਜਾਣ ਲੱਗਿਆ। ਖੁਦਗਰਜ਼ ਦੁਨੀਆਂ! ਕਿਸੇ ਦੀ ਪਤ ਲਹਿ ਜਾਵੇ, ਇਹਨੂੰ ਇਸੇ ਵਿਚ ਹੀ ਸੁਆਦ ਆਉਂਦਾ ਹੈ।

ਇਕ ਘਰ ਦੀ ਕੰਧ ਨਾਲ ਲੱਗੀ ਹੋਈ ਸੀ ਲੱਛਮੀ। ਉਹਦੇ ਦਰ 'ਤੇ ਵੀ ਵੀਹ ਵਾਰੀ ਭਾਈਚਾਰਾ ਆਇਆ ਸੀ। ਅੱਜ ਇਸੇ ਭਾਈਚਾਰੇ ਹੱਥੋਂ ਇਉਂ ਬੇਇਜ਼ਤ ਹੋ ਰਹੀ ਸੀ। ਇਸਤਰੀਆਂ ਦੇ ਮਿਹਣਿਆਂ ਨਾਲ ਇਸ ਦਾ ਕਾਲਜਾ ਛਲਣੀ ਹੋ ਰਿਹਾ ਸੀ। ਇਸ ਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ ਸੀ। ਇਸ ਨੂੰ ਸੁਪਨੇ ਵਿਚ ਵੀ ਇਹ ਤਮਾਸ਼ਾ ਦੇਖਣ ਦੀ ਆਸ ਨਹੀਂ ਸੀ। ਉਹ ਚੁੱਪ-ਚਾਪ ਖੜ੍ਹੀ ਆਪਣੀ ਬੇਇਜ਼ਤੀ ਹੁੰਦੀ ਦੇਖ ਰਹੀ ਸੀ। ਦੇਖ ਕਿੱਥੇ ਰਹੀ ਸੀ, ਉਸ ਦੀਆਂ ਅੱਖਾਂ ਤਾਂ ਬੰਦ ਸਨ, ਕੇਵਲ ਦੋ ਵੱਡੇ ਵੱਡੇ ਹੰਝੂ ਉਸ ਦੀਆਂ ਪਿਚਕੀਆਂ ਹੋਈਆਂ ਗੱਲਾਂ 'ਤੇ ਢਲਕ ਆਏ ਸੀ। ਉਹ ਦੁਨੀਆਂ ਦੇ ਇਸ ਜ਼ੁਲਮ ਨੂੰ ਭਿੱਜੀਆਂ ਅੱਖਾਂ ਨਾਲ ਦੇਖ ਰਹੀ ਸੀ।

ਇਕ ਔਰਤ ਜਿਹੜੀ ਰਿਸ਼ਤੇ ਵਿਚ ਕੁਝ ਲਗਦੀ ਸੀ, ਨੇ ਕਾਰੂੰ ਦੀ ਕਬਰ 'ਤੇ ਲੱਤ ਮਾਰਦਿਆਂ ਛੋਟੀ ਜਿਹੀ ਕਟੋਰੀ ਵਿਚ ਆਟਾ ਲਿਆ ਕੇ ਵਿਛੇ ਹੋਏ ਕੱਪੜੇ 'ਤੇ ਪਾ ਦਿੱਤਾ ਸੀ ਅਤੇ ਮੂੰਹ ਚਿੜਾ ਕੇ ਬੋਲੀ, "ਬੇਸ਼ਰਮ ਨੂੰ ਸ਼ਰਮ ਵੀ ਨਹੀਂ ਆਉਂਦੀ, ਘਾਟ ਕਿਨਾਰੇ ਆ ਲੱਗੀ ਹੈ, ਪਰ ਮਨ ਦੀ ਲਾਲਸਾ ਨਹੀਂ ਗਈ। ਇਸ ਤਰ੍ਹਾਂ ਆਪਣੀ ਤੇ ਆਪਣੇ ਪੁੱਤਰ ਦੀ ਮਿੱਟੀ ਪਲੀਤ ਕਰਵਾਉਣ ਨਾਲੋਂ ਤਾਂ ਚੰਗਾ ਸੀ ਕਿ ਕੁਝ ਖਾ ਕੇ ਸੌਂ ਰਹਿੰਦੀ।"

ਲੱਛਮੀ ਤੋਂ ਹੋਰ ਸਹਿਆ ਨਾ ਗਿਆ। ਤਿੰਨ ਦਿਨ ਦੀ ਭੁੱਖੀ, ਬਹੁਤ ਕਮਜ਼ੋਰ ਬੁੱਢਾ ਸਰੀਰ, ਉਹ ਕੰਬੀ ਅਤੇ ਧਰਤੀ 'ਤੇ ਧੜੰਮ ਕਰ ਕੇ ਡਿੱਗ ਪਈ। ਮੈਂ ਭੱਜ ਕੇ ਗਿਆ। ਉਹਨੂੰ ਉਠਾਇਆ, ਕੱਪੜੇ ਦੀ ਝੱਲ ਮਾਰੀ। ਚੰਗੀ ਕਿਸਮਤ ਨੂੰ ਲਾਲਾ ਨਿਹਾਲ ਚੰਦ ਵੀ ਉਥੇ ਆ ਗਏ। ਉਹ ਵੀ ਇਸੇ ਮੁਹੱਲੇ ਵਿਚ ਰਹਿੰਦੇ ਹਨ। ਉਨ੍ਹਾਂ ਦੀ ਖੁਲ੍ਹਦਿਲੀ ਦੀ ਧਾਂਕ ਸ਼ਹਿਰ ਵਿਚ ਜੰਮੀ ਹੋਈ ਹੈ। ਉਨ੍ਹਾਂ ਨੂੰ ਸਮਝਦਿਆਂ ਦੇਰ ਨਹੀਂ ਲੱਗੀ। ਆਪਣੀ ਇੱਜ਼ਤ ਦਾ ਕੁਝ ਵੀ ਖਿਆਲ ਨਾ ਕਰਦਿਆਂ ਉਹ ਮੇਰੇ ਕੋਲ ਆ ਬੈਠੇ। ਲੱਛਮੀ ਨੂੰ ਹੋਸ਼ ਆ ਗਿਆ। ਫਿਰ ਉਹ ਇਸ ਦੀ ਸੋਟੀ ਫੜ ਕੇ ਇਸ ਦੇ ਘਰ ਛੱਡ ਆਏ ਅਤੇ ਆਟੇ ਦੀ ਬੋਰੀ ਤੇ ਦਾਲ ਪਹੁੰਚਾ ਦੇਣ ਲਈ ਕਿਹਾ।

ਸਿਨਮੇ ਦੀ ਤਸਵੀਰ ਵਾਂਗ ਇਹ ਸਭ ਦ੍ਰਿਸ਼ ਮੇਰੀਆਂ ਅੱਖਾਂ ਅੱਗੇ ਘੁੰਮ ਗਏ। ਮੇਰੀ ਪਤਨੀ ਨੇ ਮੇਰੇ ਮੋਢੇ ਨੂੰ ਛੂਹਿਆ। ਉਹ ਗਾਂ ਦਾ ਦੁੱਧ ਚੋਅ ਕੇ ਉਪਰ ਜਾਣ ਲਈ ਤਿਆਰ ਸੀ। ਬੱਚਾ ਰੋ ਰਿਹਾ ਸੀ। ਇਸ ਨੇ ਦੁੱਧ ਵਾਲਾ ਭਾਂਡਾ ਫਰਸ਼ 'ਤੇ ਰੱਖ ਕੇ ਬੱਚੇ ਨੂੰ ਮੇਰੇ ਹੱਥਾਂ ਵਿਚੋਂ ਖੋਹ ਲਿਆ, "ਰੋਜ਼ ਤੁਹਾਨੂੰ ਕੋਈ ਕਿਸੇ ਕੰਮ ਨੂੰ ਕਹੇ!" ਉਸ ਨੇ ਕੁਝ ਗੁੱਸੇ ਵਾਲੇ ਲਹਿਜੇ ਵਿਚ ਕਿਹਾ। ਉਹ ਬੱਚੇ ਨੂੰ ਛਾਤੀ ਲਾ ਰਹੀ ਸੀ ਤੇ ਮੈਂ ਸੋਚਦਾ ਸੀ, "ਇਹ ਸਭ ਪਿਆਰ, ਇਹ ਮੋਹ ਕਿਸ ਲਈ!"

(ਅਨੁਵਾਦ : ਸੁਰਜੀਤ ਸਿੰਘ ਪੰਛੀ)

Laddi Padda Realtor



Medallion Award Winner 2012

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ
ਖ਼ਰੀਦਣ ਜਾਂ ਵੇਚਣ ਲਈ
ਭਰੋਸੇਮੰਦ ਰੀਐਲਟਰ ਲਾਡੀ
ਪੱਡਾ ਨੂੰ ਮਿਲੋ ਜਾਂ ਫ਼ੋਨ ਕਰੋ

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾ ਯਾਦ ਰੱਖੋ
ਲਾਡੀ ਪੱਡਾ

For Buying, Selling or Investing
Call Honest Realtor
Laddi Padda

lpadda08@gmail.com

Cell: 780-667-6767

2761 Hewes Way, Edmonton, AB T6L 6N5
Phone : 780-462-5000, Fax : 780-463-0188

# Hundred Years after the Socialist Revolution

## Revolution, Impact & Legacy

**A Publication of:**
**Progressive Peoples Foundation of Edmonton**

1917 2017 RUSSIAN REVOLUTION CENTENARY

**Edited by: Dr. P. R. Kalia**

Member's Advisory: Prof. Raj Pannu and Rabinder Saran

**Authors: Albert Rhys Williams, Rosa Luxemberg, Prof. Irfan Habib, Julien Paolantoni, Tamás Krausz, Prof. Paul Le Blanc, Elisabetta Rossi, Prof. Randhir Singh, Prof. Amar Farooqui, Prof. Bryan D. Palmer, Prof. Joan Sangster, Prof. Michael Kort , Brinda Karat, Dr. P. R. Kalia, Harbhajan Cheema & Lakhbir Khunkhun**

Paperback: 225 pages; Price: $10:00 To be released in October, 2017

Much has changed in 100 years, since October 1917. Tracing Socialist Revolution's unique and inspiring story, this volume features eyewitness accounts from memoirs of the contemporaries, and some analysis by the authorities on the subject.

The book comprises of 14 articles, authored by some well known writers, journalists and academics, from Canada, USA, India and European countries. Authors have explored, as much as possible, all extant empirical sources and illuminated the articles with their exacting theoretical insights. Reading the book, readers will experience the revolution as it happened.

The anniversary of the revolution has afforded an opportunity for us not only to reflect upon the event but also to examine the lessons at various points. Certainly, the events of that October 1917 are not going to be replicated in today's world. But the experiences of the world's first socialist country are of huge and continuing relevance. To plan for the future, we need a dispassionate discussion of that historic event.



# Matrimonial

### ਵਰ ਦੀ ਲੋੜ

ਜੱਟ ਸਿੱਖ ਲੜਕੀ 28 ਸਾਲ 5' ਫੁੱਟ 3" ਇੰਚ, ਇੰਡੀਆ ਤੋਂ ਇੰਜੀਨੀਅਰਿੰਗ ਗਰੈਜੂਏਟ। NAIT ਤੋਂ ਗਰੈਜੂਏਟ ਪੀ.ਆਰ. ਲਈ ਫ਼ਾਈਲ ਲੱਗੀ। ਲੜਕੀ ਲਈ ਪੜ੍ਹੇ ਲਿਖੇ ਲੜਕੇ ਦੀ ਲੋੜ। ਦੁਆਬੇ ਨੂੰ ਪਹਿਲ। ਸੰਪਰਕ 587-336-2310

### ਕੰਨਿਆ ਦੀ ਲੋੜ

Smart, Graduate, Hindu Brahmin boy Age 29, H-5.10. on Work permit in Canada. Contact no. 13065029142.or 5879304952

---

ਰਾਮਗੜ੍ਹੀਆ ਸਿੱਖ 5'11", 26 ਸਾਲ ਅਮਰੀਕਾ 'ਚ ਸਟੂਡੈਂਟ ਵੀਜ਼ੇ 'ਤੇ (ਕਨੇਡਾ ਦਾ ਮਲਟੀਪਲ 10 ਸਾਲਾ ਵੀਜ਼ਾ ਵੀ ਹੈ), ਲਈ ਸੁੰਦਰ ਪੜ੍ਹੀ ਲਿਖੀ ਕਨੇਡਾ ਵਾਸੀ ਕੰਨਿਆ ਦੀ ਜ਼ਰੂਰਤ ਹੈ। ਸੰਪਰਕ 780-990-9349

---

Jat Sikh canadian citizen, well settled, handsome, clean shaven, non Drinker 30 yr 6'1ÓÓ tall, Post Graduate, Govt. job with good pay, looking for educated, Beautiful, family oriented tall girl. Please contact 1-7807083150, gillmajha@gmail.com

### ਕੰਨਿਆ ਦੀ ਲੋੜ

---

Smart match for +2 in non medical, 2yr ASI Diploma of agriculture from Ludhiana university (1 yr experience in bayar company), Hotel management from institute of Gurdaspur, 3yr gratuation in BCA from GNDU, 1 yr PGDCA, 1yr B-Lip librarians, 2 yr M. Sc. Computer science continue from GNDU single boy, Height 5. 11 ÒÒ feet. 11 acres Property for both brother's. Contact : 780 807 0375

---

ਜੱਟ ਸਿੱਖ ਪੂਨੀਆਂ 28 ਸਾਲ, ਕੱਦ 5'-7', ਪੜ੍ਹੇ ਲਿਖੇ, ਵੈਸ਼ਨੂੰ, ਡਿਪਲੋਮਾ ਹੋਲਡਰ, 15 ਏਕੜ ਜ਼ਮੀਨ, ਇੰਡੀਆ ਰਹਿੰਦੇ ਇਕਲੌਤੇ ਲੜਕੇ ਲਈ ਕਨੇਡੀਅਨ ਸਿਟੀਜਨ ਜਾਂ ਇੰਮੀਗ੍ਰਾਂਟ ਲੜਕੀ ਦੀ ਲੋੜ ਹੈ। ਮਾਂ-ਬਾਪ ਜਲਦੀ ਹੀ ਪੱਕੇ ਤੌਰ 'ਤੇ ਕਨੇਡਾ ਆ ਰਹੇ ਹਨ। ਹੋਰ ਜਾਣਕਾਰੀ ਲਈ ਸੰਪਰਕ ਕਰੋ 780-236-1325 ਜਾਂ 98143-53113

----

ਜੱਟ ਸਿੱਖ ਮੌੜ 27 ਸਾਲ 6'-1' ਬੈਂਕ ਵਿਚ ਜੌਬ ਕਰਦੇ, ਹਾਕੀ ਪਲੇਅਰ, ਨਸ਼ਿਆਂ ਤੋਂ ਰਹਿਤ ਇੰਡੀਆ ਰਹਿੰਦੇ ਲੜਕੇ ਲਈ ਕਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੇ ਪਿਤਾ ਜੀ ਬੈਂਕ ਆਫ਼ਿਸਰ ਹਨ ਤੇ ਸ਼ਹਿਰੀ ਤੇ ਪੇਂਡੂ ਪ੍ਰਾਪਰਟੀ ਹੈ। ਕਨੇਡਾ 'ਚ ਸੈਟਲ ਕਰਨ

### ਕੰਨਿਆ ਦੀ ਲੋੜ

ਲਈ ਪੂਰੀ ਮਦਦ ਕੀਤੀ ਜਾਵੇਗੀ। ਹੋਰ ਜਾਣਕਾਰੀ ਲਈ 780-669-0456 ਜਾਂ ਈ ਮੇਲ daman.passion@gmail.com 'ਤੇ ਸੰਪਰਕ ਕਰੋ।

---

Seeking a suitable match for 22 years 6' Gupta ( Mahajan ) boy. Pursuing Master of Business Management in India. boy is totally teetotaler and well educated. caste no bar. his sister is well settled in Canada. contact no 780-761-3393.

---

Dhillon Family 30 years old 5'5 nursing from India smart, intelligent Canadian PR girl looking Canadian boy . only Amritsar area boys can contact. Bio data will be email on kaursurjeet123@gmail.com

---

Smart match for MBBS Handsome single boy, 6-11-1988, 5'-10", father-mother Govt. employees, sister married. Contact: hotincoolsingh@yahoo.com, or 94171-88904.

---

In search for a UNMARRIED, SIKH RAJPUT Beautiful Bride for a very Handsome Groom. The Groom is

### ਕੰਨਿਆ ਦੀ ਲੋੜ

CANADIAN CITIZEN, highly qualified, currently employed with a high managing position in an Engineering Firm, 31 years of age, very handsome, stands 5'6ÓÓ, very fair complexion, divorced and has one son who is 5 years of age. We are looking for a Bride with following qualities: UNMARRIED, GOOD FAMILY VALUES, SIKH RAJPUT, BEAUTIFUL, WELL EDUCATED, WELL CULTURED. SERIOUS INQUIRIES & RESPONSES Are more than welcomed to contact for more information. Please Call : +1 780 686 3798

### ਦੋ ਲੜਕੀਆਂ ਦੀ ਲੋੜ

ਜੱਟ ਸਿੱਖ ਕੈਨੇਡੀਅਨ ਲੜਕਾ, 25 ਸਾਲ, 5'8" ਲਈ ਸੁੰਦਰ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਉਹ ਪਰਿਵਾਰ ਹੀ ਸੰਪਰਕ ਕਰਨ ਜੋ ਲੜਕੇ ਦੇ ਇੰਡੀਆ ਰਹਿੰਦੇ ਭਰਾ, 29 ਸਾਲ, 5'9" ਲਈ ਕੈਨੇਡੀਅਨ ਜਾਂ ਯੂ.ਕੇ. ਇੰਮੀਗ੍ਰਾਂਟ ਲੜਕੀ ਦਾ ਰਿਸ਼ਤਾ ਕਰਵਾ ਸਕਣ।

ਸੰਪਰਕ : 0044-7999181322, 001-7802371663

billasingh1971@live.co.uk

# Classified Plus

## Townhouse for Rent

5 bedroom townhouse in Mill Woods is available for rent. 2 and half bathroom, close to school and shopping centre. For more info call : 780-906-4497

## House for Rent

5 bedroom bi level house for rent in Millwood. 5 bedrooms 3 full bathroom with double attached garage big back yard. Very quite location. Close to gurdwara. School and shopping center For more information call :- 780 953 3029



## City Estates

All Types of Property, Plots & Kothis available for Sale & Purchase in Chandigarh/Mohali/ Panchkula.

For More Info Contact: SCO 123, Phase 7, Mohali (Punjab)

011 91 98147 11263 or 011 91 98729 73304

## ਕਾਰਪੇਂਟਰ ਹੈਪਲਰ ਦੀ ਲੋੜ

ਕਿਚਨ ਕੈਬਨਿਟ ਬਣਾਉਣ ਵਾਲੀ ਕੰਪਨੀ ਵੈਸਟਫੋਰਕ ਇੰਟੀਰੀਅਰਜ਼ ਨੂੰ ਕਾਰਪੇਂਟਰ ਹੈਲਪਰ ਦੀ ਜ਼ਰੂਰਤ ਹੈ। ਤਨਖ਼ਾਹ ਤਜ਼ਰਬੇ ਅਨੁਸਾਰ। ਵਧੇਰੇ ਜਾਣਕਾਰੀ ਲਈ ਗੁਰਮੇਲ ਮਠਾੜੂ 780-990-9349 ਜਾਂ ਰਣਜੀਤ ਮਠਾੜੂ 780-907-9889 ਨਾਲ ਸੰਪਰਕ ਕਰੋ।

Email : info@westforkinteriors.com

# Tough fiscal choices facing Albertans





Dr. P.R. Kalia
Editor, Asian Times
Edmonton, Canada


Albertans worry the NDP plan to build $96 billion in debt by 2024. What is not clear in this budget is how the government convincingly plans to deal with its revenue problem. The budget documents don't mention what happens in case the B.C. government and activist forces besieging the pipeline project succeed.

Before next spring's election, the Alberta New Democrats with this year's plan have set themselves on a modest path that they would aspire to be seen as competent and reasonable. This budget included a very modest increase in annual provincial funding for Homeless and Outreach Support Services. Also, the government committed spending to public transportation in Calgary and Edmonton, a number of education initiatives and a promise to balance the books in five years.

Like their Ottawa counterparts in the latest federal budget, Alberta NDP has issued a plan that's big on nice themes. In its fourth budget entitled "A recovery built to last," themes guiding fiscal strategy are laid out. The first pillar is a path to budgetary balance, an end to deficits. The government lauds its own spending control efforts while chastising the boom spending of its predecessors. The main elements of this path include preserving Alberta's low tax advantage; eliminating waste and finding efficiencies; imposing austerity on executives; and reducing capital spending. The second theme centres around government efforts to spur on investment, to diversify the economy and create good, long-term jobs. The final pillar is to protect public services and support Albertans.

Yet, being largely a status quo budget, total estimated provincial expenses for 2018-19 are $56.2 billion, compared with $55.9 billion in 2017-18. To be on the safe side, no major changes in fiscal policy are in store for the year ahead. This budget shows that NDP has managed to shrink a $9.1-billion deficit all the way down a mere $8.8 billion this fiscal year. It would be erased in 2023-2024, under their forecasts, by which point the accumulated debt reaches $96 billion.

Still, well aware of the fact that Alberta's energy-royalty days are on indefinite hold, credit raters have urged to balance through spending cuts or revenue hikes. But, the 2018 budget largely evades both options in a chapter entitled Path to Balance: it holds out the expectation that the Trans Mountain pipeline expansion will go ahead and bring further prosperity to Alberta. But, the budget documents don't mention what happens in case the B.C. government and activist forces besieging the pipeline project succeed.

And now, with polls showing Kenney's United Conservatives on the path toward landslide victory in 2019, the NDP needs some massive changes in the next 12 months to make Albertans fall in love with them all over again. As is evident, their budget can't change much. Importantly, Alberta remains the only Canadian province without a provincial sales tax.

Looking over the budget, the opposition parties generally cited a lack of vision, imagination, competence and courage to take the necessary steps. United Conservative Party targeted the vast debt accumulation and resulting debt service payments as harming the interests of ordinary taxpaying Albertans. They called Joe Ceci's claim that the budget would be balanced in five years "unrealistic." The Alberta Liberals were critical of NDP's budget, saying the government is "spending away the future of Albertans, their children and grandchildren." Liberal MLA Dr. David Swann went on to say that in addition to maintaining debt, the province is also spending almost $2 million a year in interest on that debt. We must reform our tax system to pay for the services Albertans need today. It's an uncontrolled plunge into staggering debt.

Predictably, business associations were critical of the government's failure to address spending;

While institutional recipients of government spending (school boards, municipalities and universities) were generally supportive. They appreciated the government's commitment to funding enrolment growth, building new schools and tackling student hunger. Similarly, the University of Calgary applauded the government's commitment to post-secondary education, saying "stable and predictable funding is critical to providing access to quality education for students, enabling them to become leaders in our community."

But astonishing enough, Progress Alberta released a poll from Environics Analytics showing that 75 percent of Albertans agree that schools charging more than $10,000 per year in tuition should not receive public funding. According to data released in 2017, 15 private schools that charge more than $10,000 in annual tuition fees received more than $30 million in taxpayer subsidies from the Alberta government in 2015-2016. Similarly, compared to others, very high salary of a number of Chief Executive officers (for an example President of U of A) looks repulsive. Such examples definitely hurt people, particularly under the present fiscal stress.

Hence, the increasing debt and lack of a credible plan to reach a budget surplus were oft-repeated themes.

In fact, the government's projection for gradually declining deficits is entirely driven by rising future oil prices. The government is betting prices rise to nearly $70 per barrel in a few short years, while the market currently expects prices to remain flat around the $50 mark. If Alberta is to make progress addressing our fiscal challenges, we have to start by being honest about where we are and where we're going.

However, taking all these factors into consideration, surveys suggest most Albertans are unhappy with NDP government's handling of economy. And this budget can't bring victory to NDP in 2019 election. But, with the next election about a year away, there's still plenty of time for the NDP to turn the tide.


MAPLE LEAF WRITERS' FOUNDATION OF EDMONTON

LAUNCHES

A Panjabi poetry book *SAME DA RAAG*






By
**Pavitter Dhaliwal**

On Sunday, 22 April, 2018, at 2:00 PM
At PCA Hall, 101, 9158-23 Avenue

The program would start at 2-00 pm with light refreshment.
A number of poets will grace and participate in the event

EVERYONE WELCOME

For more information, please contact:
Dr. P. R. Kalia: 780-655-0201; Dalbir Sangione: 780-995-5475;
Jasvir Deol: 780-906-4497; Parminder Dhaliwal: 780-994-1886;
Navtej Bains: 780-200-2872

# ਸੱਜਣ ਸਿੰਘ ਰੰਗਰੂਟ : ਤ੍ਰਾਸਦੀਆਂ ਦੀ ਲੁੱਟੀ ਜ਼ਮੀਨ ’ਤੇ ਬੇਆਸ ਲੋਕਾਂ ਨੂੰ ਸੁਣਾਈ ਜਾ ਰਹੀ ਕਹਾਣੀ



ਹਰਪ੍ਰੀਤ ਸਿੰਘ ਕਾਹਲੋਂ

ਪਤਾ ਏ! ਕਹਾਣੀਆਂ ਦੀ ਸਭ ਤੋਂ ਵੱਡੀ ਫਿਕਰ ਕੀ ਹੁੰਦੀ ਏ? ਕਹਾਣੀਆਂ ਦੀ ਸਭ ਤੋਂ ਵੱਡੀ ਫਿਕਰ ਹੁੰਦੀ ਹੈ ਕਿ ਆਪਣੇ ਸਮਿਆਂ ਦਾ ਕਿੱਸਾ ਕਿਤੇ ਲੁਕਿਆ ਨਾ ਰਹਿ ਜਾਵੇ। ਇਸੇ ਸਿਲਸਿਲੇ ਵਿਚ ਕਹਾਣੀਆਂ ਨਾਲ ਤੁਰਦੇ ਸਿਨੇਮਾ ਦਾ ਇਹ ਕ੍ਰਾਫਟ ਇਮਾਨਦਾਰ ਵੀ ਅਤੇ ਬਾਕਮਾਲ ਵੀ ਜਾਪਦਾ ਹੈ।

ਇਤਿਹਾਸ ਸਿਰਫ਼ ਲਿਖਿਆ ਹੀ ਨਹੀਂ ਗਿਆ। ਖਾਸ ਤੌਰ ’ਤੇ ਪੰਜਾਬ ਨੇ ਤਾਂ ਆਪਣੀਆਂ ਬਾਤਾਂ ਜ਼ੁਬਾਨ ਦਰ ਜ਼ੁਬਾਨ ਆਪਣੇ ਵੱਡਿਆਂ ਤੋਂ ਸੁਣੀਆਂ ਹਨ। ਅਹਿਮਦ ਸ਼ਾਹ ਅਬਦਾਲੀ ਸਾਨੂੰ ਕਿਤਾਬਾਂ ’ਚੋਂ ਘੱਟ ਸਾਡੀ ਕਹਾਵਤਾਂ ‘ਖਾਧਾ ਪੀਤਾ ਲਾਹੇ ਦਾ, ਬਾਕੀ ਅਹਿਮਦ ਸ਼ਾਹੇ ਦਾ’ ਤੋਂ ਵਧੇਰੇ ਸਮਝ ਆਉਂਦਾ ਹੈ। ਭੱਵਿਖ ਨੂੰ ਰੌਸ਼ਨ ਬਣਾਉਣ ਲਈ ਅੱਜ ਦੇ ਸਮਿਆਂ ਵਿਚ ਖੜ੍ਹ ਕੇ ਬੀਤੇ ਕੱਲ੍ਹ ਨਾਲ ਗੱਲਾਂ ਕਰਨੀਆਂ ਜ਼ਰੂਰੀ ਹੋ ਜਾਂਦੀਆਂ ਹਨ।

‘ਸੱਜਣ ਸਿੰਘ ਰੰਗਰੂਟ’ ਤ੍ਰਾਸਦੀਆਂ ਦੀ ਲੁੱਟੀ ਜ਼ਮੀਨ ’ਤੇ ਬੇਆਸ ਲੋਕਾਂ ਨੂੰ ਸੁਣਾਈ ਜਾ ਰਹੀ ਕਹਾਣੀ ਤੋਂ ਸ਼ੁਰੂ ਹੁੰਦੀ ਹੈ। ਭਾਈ ਘਨ੍ਹਈਆ ਦੇ ਵਾਰਸ ‘ਖ਼ਾਲਸਾ ਏਡ’ ਦੀ ਸੇਵਾ ਮਨੁੱਖਤਾ ਦੀ ਉਮੀਦ ਹੈ। ਇਹ ਆਸਟ੍ਰੇਲੀਅਨ ਮੂਰਤਘਾੜਾ ਡੇਨੀਅਲ ਕੋਨਲ ਦੀਆਂ ਗੱਲਾਂ ਵਰਗੀ ਗੱਲ ਹੈ। ਡੇਨੀਅਲ ਕਹਿੰਦਾ ਹੈ ਕਿ ਜਦੋਂ ਲੋਕ ਆਪਣੇ ਕੁਨਬੇ, ਜਾਤ, ਧਰਮ ਤੋਂ ਬਾਹਰ ਕਿਸੇ ਦੂਜੇ ਧਰਮ, ਜਾਤ, ਕੁਨਬੇ ਦਾ ਦੁੱਖ ਕਹਿਣਗੇ ਅਤੇ ਉਹ ਕੁਨਬੇ ਅੱਗੋਂ ਜਾਤ, ਨਸਲ, ਰੰਗ ਤੋਂ ਉੱਪਰ ਉੱਠ ਕੇ ਕਿਸੇ ਹੋਰ ਕਬੀਲੇ ਦੇ ਦਰਦ ਨੂੰ ਵੰਡਾਉਣਗੇ, ਦੁਨੀਆ ਉਸ ਦਿਨ ਬਦਲੇਗੀ। ਲਾਮਬੰਦੀ ਆਧਾਰਤ ਹਾਲੀਵੁੱਡ ਫ਼ਿਲਮਾਂ ਦੇ ਮੁਕਾਬਲੇ ਪੇਸ਼ਕਾਰੀ ਤੋਂ ਅਤੇ ਸਾਧਨਾਂ ਦੇ ਸੀਮਤ ਹੋਣ ਦੇ ਬਾਵਜੂਦ ਪੰਕਜ ਬੱਤਰਾ ਦੀ ਫ਼ਿਲਮ ਸਾਨੂੰ ਕਿਉਂ ਝੰਜੋੜਦੀ ਹੈ?

ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਜੰਗ ਤੋਂ ਬਾਅਦ ਵੀ ਤ੍ਰਾਸਦੀਆਂ ਦਾ ਅੰਤ ਨਹੀਂ ਹੋਇਆ। ਬਰਤਾਨਵੀ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦਾ ਕਹਿਣਾ ਸੀ ਕਿ ਜੰਗ ਜ਼ਰੂਰੀ ਹੈ ਤਾਂ ਕਿ ਸ਼ਾਂਤੀ ਬਰਕਰਾਰ ਰੱਖੀ ਜਾ ਸਕੇ। ਪਰ ਫਿਰ ਵੀ ਕੁਝ ਬਦਲਦਾ ਕਿਉਂ ਨਹੀਂ? ਸੱਜਣ ਸਿੰਘ ਰੰਗਰੂਟ ਉਨ੍ਹਾਂ ਫ਼ੌਜੀਆਂ ਦੀ ਬਹਾਦਰੀ ਨਾਲ ਲੜੀ ਜੰਗ ਦੀ ਦਾਸਤਾਨ ਦੇ ਨਾਲ ਨਾਲ ਘਰਾਂ ਨੂੰ ਵਾਪਸੀ ਦੀ ਅਧਵਾਟੇ ਰਹੀ ਉਮੀਦ ਦੀ ਕਹਾਣੀ ਬਹੁਤੀ ਹੈ।

ਇਹ ਇੱਕਲੀਕਾਰੀ ਜੰਗ ਦੀ ਕਹਾਣੀ ਨਾ ਹੋ ਕੇ ਸੱਜਣ ਸਿੰਘ ਰੰਗਰੂਟ ਦੇ ਹਵਾਲੇ ਉਸ ਦੌਰ ਦੇ ਪੰਜਾਬੀਆਂ ਦੇ ਮਾਹੌਲ ਦੀ ਕਹਾਣੀ ਹੈ। ਰੰਗਰੂਟ ਹੋਣਾ ਆਮ ਲੋਕਾਈ ਵਿਚ ਸ਼ਾਹੀ ਜ਼ਿੰਦਗੀ ਨੂੰ ਜਿਊਣਾ ਮੰਨਿਆ ਜਾਂਦਾ ਸੀ। ਕਈ ਬਜ਼ੁਰਗਾਂ ਦੇ ਹਵਾਲੇ ਨਾਲ ਇਹ ਗੱਲਾਂ ਆਮ ਸੁਣਨ ਨੂੰ ਮਿਲਦੀਆਂ ਹਨ ਕਿ ਉਨ੍ਹਾਂ ਸਮਿਆਂ ਵਿਚ ਬਰਤਾਨਵੀ ਫ਼ੌਜ ਵਿਚ ਸ਼ਾਮਲ ਬੰਦਿਆਂ ਨੂੰ ਪਿੰਡਾਂ ਵਿਚ, ਪੰਜਾਬੀ ਸਮਾਜ ਵਿਚ ਕਦੀ ਵੀ ਹਿਕਾਰਤ ਨਾਲ ਨਹੀਂ ਵੇਖਿਆ ਗਿਆ। ਭਾਰਤ ਅੰਦਰ ਆਜ਼ਾਦੀ ਲਈ ਸੰਘਰਸ਼ ਕਰਦੇ ਲੋਕ ਇੱਕ ਸੱਚ ਅੰਦਰ ਇਨ੍ਹਾਂ ਫ਼ੌਜੀਆਂ ਦੇ ਯੋਗਦਾਨ ਨੂੰ ਯਾਦ ਰੱਖਦੇ ਸਮਾਰਕ ਇੰਗਲੈਂਡ, ਕਨੇਡਾ ਤੋਂ ਲੈ ਕੇ ਫਰਾਂਸ ਦੇ ਨੈਫਸ਼ੇਪਲ ਤੱਕ ਹਨ।

ਉਸ ਦੌਰ ਦੇ ਹਵਾਲਿਆਂ ਵਿਚ ਜੇ ਇਕ ਜ਼ਿਕਰ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਦਾ ਜਾਂ ਭਾਰਤੀਆਂ ਅਤੇ ਕੁੱਤਿਆਂ ਦੇ ਸਿਨੇਮਾ ਵਿਚ ਮਨਾਹੀ ਦੇ ਹਵਾਲਿਆਂ ਦਾ ਹੈ ਤਾਂ ਦੂਜੇ ਪਾਸੇ ਇਹ ਵੀ ਹਵਾਲੇ ਹਨ ਕਿ 1897 ਦੀ ਸਾਰਾਗੜ੍ਹੀ ਦੀ ਲੜਾਈ ਵਿਚ ਸ਼ਹੀਦੀਆਂ ਪਾਉਣ ਵਾਲੇ 21 ਸਿੱਖਾਂ ਨੂੰ ਮੈਰਿਟ ਆਫ ਹਾਨਰ ਨਾਲ ਸਨਮਾਨਿਤ ਕੀਤਾ ਗਿਆ ਸੀ ਜੋ ਫ਼ੌਜ ਦਾ ਉੱਚਾ ਸਨਮਾਨ ਸੀ।

*ਜੰਗ ਕਿਸੇ ਮਸਲੇ ਦਾ ਹੱਲ ਨਹੀਂ। ਜੰਗ ਤੋਂ ਬਾਅਦ ਵੀ ਤ੍ਰਾਸਦੀਆਂ ਦਾ ਅੰਤ ਨਹੀਂ ਹੋਇਆ। ਬਰਤਾਨਵੀ ਪ੍ਰਧਾਨ ਮੰਤਰੀ ਵਿੰਸਟਨ ਚਰਚਿਲ ਦਾ ਕਹਿਣਾ ਸੀ ਕਿ ਜੰਗ ਜ਼ਰੂਰੀ ਹੈ ਤਾਂ ਕਿ ਸ਼ਾਂਤੀ ਬਰਕਰਾਰ ਰੱਖੀ ਜਾ ਸਕੇ। ਪਰ ਫਿਰ ਵੀ ਕੁਝ ਬਦਲਦਾ ਕਿਉਂ ਨਹੀਂ? ਸੱਜਣ ਸਿੰਘ ਰੰਗਰੂਟ ਉਨ੍ਹਾਂ ਫ਼ੌਜੀਆਂ ਦੀ ਬਹਾਦਰੀ ਨਾਲ ਲੜੀ ਜੰਗ ਦੀ ਦਾਸਤਾਨ ਦੇ ਨਾਲ ਨਾਲ ਘਰਾਂ ਨੂੰ ਵਾਪਸੀ ਦੀ ਅਧਵਾਟੇ ਰਹੀ ਉਮੀਦ ਦੀ ਕਹਾਣੀ ਬਹੁਤੀ ਹੈ।*

ਸੀ ਤਾਂ ਦੂਜਾ ਸੱਚ ਸੀ ਕਿ ਭਾਰਤ ਅੰਦਰ ਹਮਾਤੜ ਬੰਦਿਆਂ ਦਾ ਰੁਝੇਵਾ ਤਾਂ ਆਪਣੀ ਦਾਲ ਰੋਟੀ ਅਤੇ ਸਾਧਾਰਨ ਜ਼ਿੰਦਗੀ ਹੀ ਸੀ। ਯਾਨਿ ਕਿ ਬਰਤਾਨਵੀ ਸਰਕਾਰ ਦਾ ਰਾਜ ਹੋਣਾ ਨਾ ਹੋਣਾ ਉਨ੍ਹਾਂ ਲਈ ਕੋਈ ਮਸਲਾ ਨਹੀਂ ਸੀ। ਇਹਦਾ ਬਿਆਨ ਫ਼ਿਲਮ ਅੰਦਰ ਇਕ ਮਹਿਫ਼ਲ ਵਿਚ ਵੀ ਆਉਂਦਾ ਹੈ।

ਇੰਝ ਹੀ ਉਨ੍ਹਾਂ ਸਮਿਆਂ ਦਾ ਇਕ ਸੱਚ ਇਹ ਵੀ ਸੀ ਕਿ ਉਸ ਦੌਰ ਅੰਦਰ ਜਿਵੇਂ ਕਿਸਾਨ, ਜੁਲਾਹੇ, ਤਰਖ਼ਾਨ ਜਾਂ ਹੋਰ ਕਿਰਤੀ ਬੰਦੇ ਅਤੇ ਰੁਜ਼ਗਾਰ ਸਨ, ਠੀਕ ਉਸੇ ਤਰ੍ਹਾਂ ਹੀ ਬਰਤਾਨਵੀ ਫ਼ੌਜ ਵਿਚ ਸ਼ਾਮਲ ਹੋਣਾ ਆਮ ਵਰਤਾਰਾ ਸੀ। ਹਾਂ, ਇਸ ਗੱਲ ਦੇ ਹਵਾਲੇ ਬਹੁਤ ਹਨ ਕਿ ਅੰਗਰੇਜ਼ਾਂ ਦੇ 1849 ਵਿਚ ਪੰਜਾਬ ’ਤੇ ਕਬਜ਼ਾ ਹੋਣ ਤੋਂ ਬਾਅਦ ਖਾਸ ਵਿਉਂਤਬੰਦੀ ਤਹਿਤ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੇ ਫ਼ੌਜੀ ਅਤੇ ਮੁਸਲਮਾਨ ਤੇ ਸਿੱਖ ਫ਼ੌਜੀਆਂ ਨੂੰ ਬਾਕਾਇਦਾ ਸ਼ਾਮਲ ਕੀਤਾ ਗਿਆ। ਕੁਝ ਥਾਵਾਂ ’ਤੇ ਅਜਿਹੀ ਮੁਹਿੰਮ ਵੀ ਛੇੜੀ ਕਿ ਨੌਜਵਾਨ ਭਰਤੀ ਕੀਤੇ ਜਾਣ। ਬਰਤਾਨਵੀ ਫ਼ੌਜ

ਇਹ ਸਭ ਬਿਆਨ ਕਰਨ ਦਾ ਮੇਰਾ ਸਿਰਫ਼ ਏਨਾ ਕੁ ਕਾਰਨ ਹੈ ਕਿ ਸਮਾਜ ਅੰਦਰ ਵਿਚਾਰ, ਵਰਤਾਰੇ ਕਦੀ ਵੀ ਇੱਕਲੇ ਇਕਹਿਰੇ ਨਹੀਂ ਤੁਰਦੇ। ਇਕੋ ਸਮੇਂ ਇਕੋ ਥਾਂ ’ਤੇ ਇਕੋ ਸਮਾਜ ਅੰਦਰ ਮਾਹੌਲ ਵਿਚ ਕਈ ਗੱਲਾਂ ਇਕੋ ਸਮੇਂ ਹੋ ਰਹੀਆਂ ਹੁੰਦੀਆਂ ਹਨ। ਸਭ ਦੇ ਰੰਗ ਹਰੇ ਨਹੀਂ ਹੁੰਦੇ ਤੇ ਸਭ ਦੇ ਰੰਗ ਕਾਲੇ ਨਹੀਂ ਹੋਣਗੇ। ਸੱਜਣ ਸਿੰਘ ਰੰਗਰੂਟ ਫ਼ਿਲਮ ਨੂੰ ਵੇਖਦਿਆਂ ਇਕ ਤਬਕੇ ਵੱਲੋਂ ਇਹਨੂੰ ਸਿੱਖਾਂ ਦੇ ਜਜ਼ਬਾਤੀ ਰੰਗ ਸਹਾਰੇ ਪੇਸ਼ ਕਰਨ ਦਾ ਦੋਸ਼ ਵੀ ਲੱਗਦਾ ਹੈ। ਪਰ ਮੈਨੂੰ ਇਸ ਕਰਕੇ ਇਹ ਇਮਾਨਦਾਰ ਕੋਸ਼ਿਸ਼ ਲੱਗਦੀ ਹੈ ਕਿ ਕੋਈ ਮਹੀਨ ਬਹਿਸ ਵਿਚੋਂ ਗੁਜ਼ਰਦਿਆਂ ਵੀ ਉਸ ਦੌਰ ਦੀ ਉਹ ਕਹਾਣੀ ਕਹਿ ਰਿਹਾ ਹੈ ਜਿਹੜੀ ਪਹਿਲਾਂ ਨਹੀਂ ਕਹੀ ਗਈ।

ਗੈਂਗਸ ਆਫ ਨਿਊਯਾਰਕ, ਦੀ ਡਿਪਾਰਟਡ ਵਰਗੀਆਂ ਫ਼ਿਲਮਾਂ ਦਾ ਹਦਾਇਤਕਾਰ ਮਾਰਟਿਨ ਸਕੋਰਸੇਸ ਦਾ ਕਥਨ ਹੈ ਕਿ ਕਹਾਣੀ ਉਹੋ ਜੋ ਵੇਖਣ ਵਾਲੇ ਨੂੰ ਆਪਣੇ ਨਾਲ ਤੋਰ ਲਵੇ। ਸੱਜਣ ਸਿੰਘ ਰੰਗਰੂਟ ਦੀ ਸਭ ਤੋਂ ਪਿਆਰੀ ਗੱਲ ਇਹੋ ਲੱਗਦੀ ਹੈ ਕਿ ਉਹੋ ਸਥਾਪਤ ਵਿਚਾਰ ਤੋਂ ਪਰ੍ਹਾਂ ਪੰਜਾਬ ਅੰਦਰ ਪੰਜਾਬੀ ਹੋਣ ਦੇ ਅਹਿਸਾਸ ਨੂੰ ਜਿਉਂਦਾ ਕਰਨ ਦੀ ਕੋਸ਼ਿਸ਼ ਕਰਦੀ ਹੈ। ਆਪਣੇ ਬਿਆਨ ਵਿਚ ਉਹ ਪੰਜਾਬੀਅਤ ਦਾ ਹਿੰਦੂ, ਮੁਸਲਿਮ, ਸਿੱਖ ਵਰਗੀਕਰਨ ਨਹੀਂ ਹੋਣ ਦਿੰਦੀ। ਇਤਿਹਾਸਕ ਤੌਰ ’ਤੇ ਸੱਜਣ ਸਿੰਘ ਰੰਗਰੂਟ ਕਈ ਉਣਤਾਈਆਂ ਵਿਚੋਂ ਗੁਜ਼ਰ ਸਕਦੀ ਹੈ ਅਤੇ ਇਹਦੀ ਸੰਭਾਵਨਾ ਬਿਲਕੁਲ ਰਹੇਗੀ। ਪਰ ਨਾਲੋਂ ਨਾਲ ਸੱਜਣ ਸਿੰਘ ਰੰਗਰੂਟ ਪੰਜਾਬੀ ਸਿਨੇਮਾ ਵਿਚ ਵਿਸ਼ੇ ਦੀ ਚੋਣ, ਨਿਰਦੇਸ਼ਕ ਦੇ ਕੌਸ਼ਲ, ਸਿਨੇਮਾ ਦੀ ਉਮੀਦ, ਸੰਗੀਤ ਅੰਦਰ ਗੀਤਾਂ ਨੂੰ ਚਿਨਣ ਦੀ ਖਾਸੀਅਤ ਤੋਂ ਲੈ ਕੇ ਦਿਲਜੀਤ, ਯੋਗਰਾਜ ਅਤੇ ਕਲਾਕਾਰਾਂ ਦੀ ਅਦਾਕਾਰੀ ਤੋਂ ਅਣਗੌਲਿਆ ਨਹੀਂ ਕੀਤੀ ਜਾ ਸਕਦੀ। ਇਹ ਬਹੁਤ ਘੱਟ ਹੈ ਕਿ ਫ਼ਿਲਮਾਂ ਅੰਦਰ ਗੀਤਾਂ ਨੂੰ ਆਪਣੇ ਸ਼ਾਨਦਾਰ ਕਲਾਤਮਕ ਸ਼ਬਦ ਚੋਣ ਨਾਲ ਥਾਂ ਮਿਲਦੀ ਹੋਵੇ। ਪੰਜਾਬੀ ਸਿਨੇਮਾ ਵਿਚ ਗੀਤਾਂ ਦੀ ਸ਼ਬਦਾਵਲੀ ਨੂੰ ਲੈ ਕੇ ਖਾਸ ਝਲਕਾਰੇ ਅਕਸਰ ਵਿਖ ਰਹੇ ਹਨ। ਇਨ੍ਹਾਂ ਗੀਤਾਂ ਅੰਦਰ ਅਦਬ ਦੀ ਸਹਿਜ ਬੁਣਕਾਰੀ ਹੈ।

ਅਖੀਰ ’ਤੇ ਅੰਬਰਦੀਪ ਸਿੰਘ ਬਤੌਰ ਨਿਰਦੇਸ਼ਕ ਮੈਨੂੰ ਵਧੀਆ ਲੱਗਦਾ ਹੈ। ਜਦੋਂ ਮੈਂ ਲੌਂਗ ਲਾਚੀ ਬਾਰੇ ਲਿਖਿਆ ਤਾਂ ਇਸ ਨੂੰ ਉਹਦੇ ਵਿਰੋਧ ਵਿਚ ਲਿਖਿਆ ਸਮਝਿਆ ਗਿਆ। ਮੈਨੂੰ ਹੋਰਾਂ ਬਾਰੇ ਨਹੀਂ ਪਤਾ ਪਰ ਫ਼ਿਲਮ ਬਾਰੇ ਗੱਲ ਕਰਦਿਆਂ ਮੈਂ ਮਹਿਣੋ ਮਹਿਣੀ ਕਿਉਂ ਹੋਵਾਂ? ਮੈਨੂੰ ਉਸ ਫ਼ਿਲਮ ਵਿਚ ਕਈ ਗੱਲਾਂ ਪਿਆਰੀਆਂ ਵੀ ਲੱਗੀਆਂ ਹਨ ਅਤੇ ਬਾਕੀ ਜਿਵੇਂ ਫ਼ਿਲਮ ਮੈਂ ਵੇਖੀ ਉਵੇਂ ਲਿਖਿਆ। ਹੁਣ ਇਹ ਡਿਸਕਲਮੇਰ ਦੇਣਾ ਜ਼ਰੂਰੀ ਕਿਉਂ ਹੈ ਕਿ ਮੇਰੀ ਲਿਖੀ ਗੱਲ ਕੋਈ ਆਖ਼ਰੀ ਗੱਲ ਨਹੀਂ। ਫ਼ਿਲਮ ਬਾਰੇ ਲਿਖਦਿਆਂ ਮੇਰੀ ਲਿਖਾਵਟ ਦਾ ਇਹ ਹਿੱਸਾ ਨਹੀਂ ਰਹਿੰਦਾ ਕਿ ਉਹ ਪੈਸਾ ਕਮਾਏਗੀ ਜਾਂ ਨਹੀਂ, ਹਿੱਟ ਹੋਵੇਗੀ ਜਾਂ ਨਹੀਂ। ਪਿਛਲੇ ਦਿਨਾਂ ਵਿਚ ਮੈਂ ‘ਜ਼ੋਰਾ ਦੱਸ ਨੰਬਰੀਆ’ ਫ਼ਿਲਮ ਵੀ ਵੇਖੀ ਵਧੀਆ ਲੱਗੀ, ਬੱਸ ਉਸ ਫ਼ਿਲਮ ਦੇ ਇਸ਼ਕ ਵਾਲੇ ਹਿੱਸੇ ਪ੍ਰਭਾਵਤ ਨਹੀਂ ਕਰਦੇ। ਕਿਉਂ ਕਿ ਦੁਨੀਆ ਵਿਚ ਸਭ ਤੋਂ ਸਾਧਾਰਨ ਜ਼ੁਬਾਨ ਪਿਆਰ ਦੀ ਹੁੰਦੀ ਹੈ। ਪਰ ਉਨ੍ਹਾਂ ਕਿਰਦਾਰਾਂ ਦੀ ਇਸ਼ਕ ਵਾਲੀ ਜ਼ੁਬਾਨ ਅਕਾਦਮਿਕ ਜਾਪਦੀ ਸੀ।

# Royal

## Royal Executive Homes

### New Project by Royal Executive Homes in Beaumont

## Walkout Lots for Sale




**4501 50 AVE BEAUMONT**

- Excellent Location
- Close To all Amenities
- Transit Access
- Close to 50th Street
- Affordable Prices

**SALES CONTACT :**

# 780-965-7390

# ਮੌਰਗੇਜ ਦੇ ਵਧੀਆ ਰੇਟ ਅਤੇ ਭਰੋਸੇਯੋਗ ਸੇਵਾਵਾਂ ਲਈ ਕਾਲ ਕਰੋ



**Amar Vig**
780-466-1985
Mortgage Specialist

## BEST MORTGAGE RATES
## BEST SERVICE

2014 PROFIT 500 CANADA'S FASTEST-GROWING COMPANIES



Dominion Lending Centres, they're a beauty!

They'll get the banks competing for your mortgage business.

CMP CANADIAN MORTGAGE AWARDS WINNER 2014
WWW.CANADIANMORTGAGEAWARDS.COM

- PURCHASE • REFINANCE • PRE-APPROVAL
- FIRST TIME HOME BUYERS • NEW TO CANADA
- SELF EMPLOYED • INVESTMENT PROPERTY
- COMMERCIAL FINANCING • EQUIPMENT LEASING



**Jody Vig**
780-485-8700
Manager

## 100% FINANCING AVAILABLE*

DOMINION LENDING CENTRES
Mortgage Force

Independently Owned and Operated

**780-466-9898**
Unit 12, 3908-97 Street Edmonton T6E 6N2

* Some Conditions Apply

# JAY'S TRAVEL LTD.

SIMPLY THE BEST SINCE 1979

FOR ALL YOUR WORLDWIDE TRAVEL NEEDS
BEST SERVICE WITH DISCOUNTED PRICES

- VACATION PACKAGE • AIR TICKETS • TOUR
- HOTEL • CAR • CRUISE

Authorised Agent For :-
Lufthansa, Qatar, Emirates, Gulf Airways, Jet Airways, Kuwait, Emirates
Air Canada, West Jet, Eva Airways, China Airline, Air China, Singapore Airline



3655-99 STREET EDMONTON ALBERTA, CANADA T6E 6K5
TEL : (780) 461-6666 FAX : (780) 450-8683 Email : anil@incentre.net



Student Discount

Child upto 12 years is FREE
(must be accompanied by a guardian or parent)

# INDO CANADIAN BUS & VAN TRANSPORTATION LTD.

*Daily Service From*
**Edmonton-Calgary-Edmonton**



Seniors Discount

SPECIAL CALGARY TO EDMONTON FARE $50 ONLY

Edmonton : 780-991-4837 | Red Deer (Head Office) : 587-991-2929 | Calgary : 403-968-7950

OFFICE HOURS FOR BOOKING 7.00 AM-8.00 PM